Punjabi Parwaz

# ਪੰਜਾਬੀ ਪਰਵਾਜ਼

ਅੰਕ 66ਵਾਂ (ਸ਼ਿਕਾਗੋ): 22 ਨਵੰਬਰ ਤੋਂ 5 ਦਸੰਬਰ 2025 ਤੱਕ — ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com — www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ

***ਸਾਬਕਾ ਗ੍ਰਹਿ ਮੰਤਰੀ ਨੂੰ ਵੀ ਮਿਲੀ ਫਾਂਸੀ ਦੀ ਸਜ਼ਾ**
***ਬੰਗਲਾਦੇਸ਼ ਸਰਕਾਰ ਨੇ ਭਾਰਤ ਤੋਂ ਦੋਵਾਂ ਦੀ ਹਵਾਲਗੀ ਮੰਗੀ**



**ਪੰਜਾਬੀ ਪਰਵਾਜ਼ ਬਿਊਰੋ**

ਪਿਛਲੇ ਸਾਲ ਅਗਸਤ ਮਹੀਨੇ ਤੋਂ ਭਾਰਤ ਅੰਦਰ ਸਵੈ-ਜਲਾਵਤਨੀ ਭੋਗ ਰਹੀ ਬੰਗਲਾ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਨੂੰ ਅੰਤ੍ਰਿਮ ਸਰਕਾਰ ਵੱਲੋਂ ਬਣਾਏ ਗਏ ਇੱਕ ਟ੍ਰਿਬਿਊਨਲ ਨੇ ਮੌਤ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਪਣੀ ਮੌਤ ਤੱਕ ਦੀ ਉਮਰ ਕੈਦ ਦੀ ਸਜ਼ਾ ਵੀ ਸੁਣਾਈ ਗਈ ਹੈ। ਟ੍ਰਿਬਿਊਨਲ ਨੇ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੂੰ ਹਦਇਤ ਕੀਤੀ ਹੈ ਕਿ ਸ਼ੇਖ ਹਸੀਨਾ ਦੀ ਸਪੁਰਦਗੀ ਲਈ ਭਾਰਤ ਨਾਲ ਗੱਲਬਾਤ ਚਲਾਈ ਜਾਵੇ।

ਅਗਸਤ 2024 ਵਿੱਚ ਇੱਕ ਵਿਆਪਕ ਵਿਦਿਆਰਥੀ ਲਹਿਰ ਦੇ ਸ਼ੇਖ ਹਸੀਨਾ ਦੀ ਰਿਹਾਇਸ਼ ਵੱਲ ਚਾਲੇ ਪਾ ਦੇਣ ਤੋਂ ਬਾਅਦ ਉਹ ਇੱਕ ਬੰਗਲਦੇਸ਼ੀ ਮਿਲਟਰੀ ਹਵਾਈ ਵਾਹਨ ਵਿੱਚ ਭਾਰਤ ਪਹੁੰਚੀ ਸੀ ਅਤੇ ਉਦੋਂ ਤੋਂ ਭਾਰਤ ਵਿੱਚ ਰਹਿ ਰਹੀ ਹੈ। ਇਸ ਫੈਸਲੇ ਵਿੱਚ ਟ੍ਰਿਬਿਊਨਲ ਨੇ ਸਾਬਕਾ ਪ੍ਰਧਾਨ ਮੰਤਰੀ ‘ਤੇ ਦੋਸ਼ ਲਾਇਆ ਕਿ ਉਸ ਨੇ ਆਪਣੇ ਕਾਰਜਕਾਲ ਦੌਰਾਨ ਸਰਕਾਰ ਵਿਰੁੱਧ ਪ੍ਰਦਸ਼ਨ ਕਰ ਰਹੇ ਲੋਕਾਂ ‘ਤੇ ਆਪਣੀ ਪੁਲਿਸ ਅਤੇ ਪਾਰਟੀ ਕੇਡਰ ਰਾਹੀਂ ਜ਼ੁਲਮ ਕਰਵਾਏ ਤੇ ਇਨ੍ਹਾਂ ਨੂੰ ਰੋਕਣ ਦਾ ਜ਼ਰਾ ਵੀ ਜਤਨ ਨਹੀਂ ਕੀਤਾ।

ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਜਲਾਵਤਨ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਕਿਹਾ, “ਬੰਗਲਾਦੇਸ਼ ਦੀ ਅਣਚੁਣੀ (ਨੋਨ ਇਲੈਕਟਿਡ) ਸਰਕਾਰ ਦੇ ਇੱਕ ਸੰਦ ਵਜੋਂ ਕੰਮ ਕਰ ਰਹੇ ਟ੍ਰਿਬਿਊਨਲ ਵੱਲੋਂ ਇਹ ਸਜ਼ਾ ਸੁਣਾਈ ਗਈ ਹੈ, ਇਸ ਦਾ ਮਕਸਦ ਅਵਾਮੀ ਲੀਗ ਨੂੰ ਬੰਗਲਾਦੇਸ਼ ਵਿੱਚੋਂ ਇੱਕ ਰਾਜਨੀਤਿਕ ਤਾਕਤ ਵਜੋਂ ਖਤਮ ਕਰਨਾ ਹੈ।” ਬੰਗਲਾਦੇਸ਼ ਦੀ ਅੰਤ੍ਰਿਮ ਸਰਕਾਰ ਦੇ ਮੁੱਖ ਸਲਾਹਕਾਰ ਅਤੇ ਨੋਬਲ ਅਮਨ ਇਨਾਮ ਜੇਤੂ ਮੁਹੰਮਦ ਯੂਨਿਸ ਨੇ ਇਸ ਦੌਰਾਨ ਕਿਹਾ, “ਕੋਈ ਭਾਵੇਂ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਕਾਨੂੰਨ ਤੋਂ ਉੱਪਰ ਨਹੀਂ ਹੈ।”

ਇਸ ਫੈਸਲੇ ਦੇ ਆਉਣ ਤੋਂ ਇੱਕ ਘੰਟਾ ਬਾਅਦ ਹੀ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਭਾਰਤ ਤੋਂ ਸ਼ੇਖ ਹਸੀਨਾ ਦੀ ਸਪੁਰਦਗੀ ਮੰਗ ਲਈ ਹੈ। ਇਸ ਦੇ ਨਾਲ ਹੀ ਬੰਗਲਾਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਅਸੁਦਜਮਾਨ ਖਾਨ ਦੀ ਸਪੁਰਦਗੀ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਨੂੰ ਵੀ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਥੇ ਜ਼ਿਕਰਯੋਗ ਹੈ ਕਿ ਦੁਵੱਲੀ ਸਪੁਰਦਗੀ ਸੰਧੀ ਪਹਿਲਾਂ ਹੀ ਦੋਹਾਂ ਮੁਲਕਾਂ ਵਿੱਚ ਮੌਜੂਦ ਹੈ, ਪਰ ਲਗਦਾ ਨਹੀਂ ਕਿ ਭਾਰਤ ਸਰਕਾਰ ਸ਼ੇਖ ਹਸੀਨਾ ਨੂੰ ਬੰਗਲਾਦੇਸ਼ ਦੀ ਅੰਤ੍ਰਿਮ ਸਰਕਾਰ ਦੇ ਸਪੁਰਦ ਕਰੇਗੀ। ਬੰਗਲਾਦੇਸ਼ ਦੀ ਸਰਕਾਰ ਵੱਲੋਂ ਬਣਾਏ ਗਏ ਇੰਟਰਨੈਸ਼ਨਲ ਕਰਾਈਮ ਟ੍ਰਿਬਿਊਨਲ ਦੇ ਮੁਖੀ ਮੁਹੰਮਦ ਗੁਲਾਮ ਮੁਰਤਜਾ ਮਜ਼ੂਮਦਾਰ ਨੇ 78 ਸਾਲਾ ਸਾਬਕਾ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਦੋ ਸਾਥੀਆਂ ਵਿਰੁੱਧ ਸਜ਼ਾ ਪੜ੍ਹ ਕੇ ਸੁਣਾਈ ਤਾਂ ਅਦਾਲਤ ਵਿੱਚ ਮੌਜੂਦ ਕੁਝ ਵਕੀਲ ਅਤੇ ਹੋਰ ਲੋਕ ਤਾੜੀਆਂ ਮਾਰਨ ਲੱਗੇ; ਪਰ ਜੱਜ ਨੇ ਉਨ੍ਹਾਂ ਨੂੰ ਅਦਾਲਤੀ ਮਰਯਾਦਾ ਕਾਇਮ ਰੱਖਣ ਦੀ ਹਦਾਇਤ ਦਿੱਤੀ।

ਭਾਵੇਂ ਕਿ ਮੌਜੂਦਾ ਬੰਗਲਾਦੇਸ਼ ਸਰਕਾਰ ਵੱਲੋਂ ਸ਼ੇਖ ਹਸੀਨਾ ਖਿਲਾਫ ਪ੍ਰਦਰਸ਼ਨਕਾਰੀਆਂ ਨੂੰ ਮਾਰਨ, ਤਸ਼ੱਦਦ ਕਰਨ ਅਤੇ ਗਾਇਬ ਕਰਨ ਦੀ ਛੂਟ ਦੇਣ ਦੇ ਦੋਸ਼ ਲਾਏ ਗਏ, ਪਰ ਸਾਬਕਾ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਹਸੀਨਾ ਦੇ ਰਾਜ ਵੇਲੇ ਅਮਨ, ਸ਼ਾਂਤੀ, ਸਥਿਰਤਾ ਅਤੇ ਜਮਹੂਰੀਅਤ ਦਾ ਬੋਲਬਾਲਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸੇ ਕਾਰਨ ਉਨ੍ਹਾਂ ਦੇ ਕਾਰਜਕਾਲ ਵਿੱਚ ਬੰਗਲਾਦੇਸ਼ ਨੇ ਤੇਜ਼ੀ ਨਾਲ ਆਰਥਕ ਵਿਕਾਸ ਕੀਤਾ ਅਤੇ ਮੁਲਕ ਉਪਰਲੀਆਂ 40 ਆਰਥਿਕਤਾਵਾਂ ਵਿੱਚ ਸ਼ੁਮਾਰ ਕਰਨ ਵਾਲਾ ਸੀ, ਜਦੋਂ ਉਨ੍ਹਾਂ ਦਾ ਤਖਤਾ ਪਲਟ ਕੀਤਾ ਗਿਆ। ਇਹ ਤੱਥ ਉਂਝ ਨਿਰਪੱਖ ਵਿਸ਼ਲੇਸ਼ਕ ਵੀ ਮੰਨਦੇ ਹਨ ਕਿ ਸ਼ੇਖ ਹਸੀਨਾ ਦੇ ਦੌਰ ਵਿੱਚ ਬੰਗਲਾਦੇਸ਼ ਦੀ ਬਣੇ-ਬਣਾਏ ਕੱਪੜਿਆਂ ਦੀ ਸਨਅਤ ਨੇ ਵੱਡਾ ਵਿਕਾਸ ਕੀਤਾ। ਵਿਕਸਤ ਮੁਲਕਾਂ ਨੂੰ ਇੱਥੋਂ ਬਹੁਤ ਵੱਡੀ ਮਾਤਰਾ ਵਿੱਚ ਪਹਿਨਣ ਲਈ ਤਿਆਰ ਕੱਪੜੇ ਐਕਸਪੋਰਟ ਕੀਤੇ ਜਾਂਦੇ ਹਨ। ਪਰ 2022 ਵਿੱਚ ਰੂਸ ਵੱਲੋਂ ਯੂਕਰੇਨ ‘ਤੇ ਕੀਤੇ ਗਏ ਹਮਲੇ ਤੋਂ ਬਾਅਦ ਕੱਪੜਾ ਸਨਅਤ ਵਿੱਚ ਵਰਤੇ ਜਾਣ ਵਾਲੀਆਂ ਵਸਤਾਂ ਅਤੇ ਤੇਲ ਵਗੈਰਾ ਦੀਆਂ ਕੀਮਤਾਂ ਅਚਾਨਕ ਵਧਣ ਲੱਗੀਆਂ। ਇਸ ਨਾਲ ਬੰਗਲਾਦੇਸ਼ ਦੀ ਕੱਪੜਾ ਸਨਅਤ ਵੀ ਸੁੰਗੜਨ ਲੱਗੀ ਅਤੇ ਦੇਸ਼ ਦੀ ਆਰਥਕਤਾ ਵੀ। ਸੰਕਟ ਵਿੱਚੋਂ ਨਿਕਲਣ ਲਈ ਬੰਗਲਾਦੇਸ਼ ਨੂੰ ਬੀਤੇ ਸਾਲ ਆਈ.ਐਮ.ਐਫ. ਤੋਂ 4.7 ਅਰਬ ਡਾਲਰ ਦਾ ਬੇਲ ਆਊਟ ਪੈਕੇਜ ਲੈਣਾ ਪਿਆ।

ਸ਼ੇਖ ਹਸੀਨਾ ਨੇ ਬੀਤੇ ਸਾਲ ਅਗਸਤ ਵਿੱਚ ਜਦੋਂ ਆਪਣਾ ਘਰ ਛੱਡਿਆ ਤਾਂ ਪ੍ਰਦਰਸ਼ਨਕਾਰੀਆਂ ਵੱਲੋਂ ਇਸ

⇒ ਬਾਕੀ ਸਫਾ 7 ਉਤੇ ਪੜ੍ਹੋ

## ਯੂਨੀਵਰਸਿਟੀ ਦੇ ਬਹਾਨੇ ਉਠਣ ਲੱਗੇ ਪੰਜਾਬ ਦੇ ਕੇਂਦਰੀ ਮੁੱਦੇ

***ਪੰਜਾਬ ਯੂਨੀਵਰਸਿਟੀ ਦੀ ਸੈਨੇਟ ਬਹਾਲ ਕਰਨ ਲਈ ਵਿਦਿਆਰਥੀ ਸੰਘਰਸ਼ ਜਾਰੀ**

ਪੰਜਾਬ ਯੂਨੀਵਰਸਿਟੀ ਵਿੱਚ ਇਸ ਦੀ ਸੈਨੇਟ ਦੀ ਜਮਹੂਰੀ ਮੈਨੇਜਮੈਂਟ ਨੂੰ ਬਚਾਉਣ ਲਈ ਵਿਦਿਆਰਥੀਆਂ ਦਾ ਧਰਨਾ ਜਾਰੀ ਹੈ। ਵਿਦਿਆਰਥੀ ਜਥੇਬੰਦੀਆਂ ਵੱਲੋਂ ਯੂਨੀਵਰਸਿਟੀ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਕਿਸਾਨ ਸੰਗਠਨਾਂ ਅਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ ਵੀ ਵਿਦਿਆਰਥੀਆਂ ਦੀ ਹਮਾਇਤ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪਹੁੰਚ ਕੀਤੀ ਗਈ। ਕਿਸਾਨ ਜਥੇਬੰਦੀਆਂ ਦੇ ਵਰਕਰ ਉਂਝ ਵੀ ਯੂਨੀਵਰਸਟੀ ਬਚਾਉਣ ਲਈ ਲੜੇ ਜਾ ਰਹੇ ਇਸ ਸੰਘਰਸ਼ ਵਿੱਚ ਵਿਦਿਆਰਥੀਆਂ ਦਾ ਸਾਥ ਦੇ ਰਹੇ ਹਨ। ਚੰਡੀਗੜ੍ਹ ਪੁਲਿਸ ਵੱਲੋਂ ਇਸ ਧਰਨੇ ਨੂੰ ਲੈ ਕੇ 10-12 ਵਿਦਿਆਰਥੀ ਆਗੂਆਂ ਖਿਲਾਫ ਪਰਚੇ ਦਰਜ ਕੀਤੇ ਵੀ ਦੱਸੇ ਜਾ ਰਹੇ ਹਨ। ਵਿਦਿਆਰਥੀ ਜਥੇਬੰਦੀ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਬਾਰੇ 30 ਅਕਤੂਬਰ ਤੋਂ ਪਹਿਲਾਂ ਵਾਲੀ ਸਥਿਤੀ ਬਹਾਲ ਕਰਨ ਅਤੇ ਸੈਨੇਟ ਦੀਆਂ ਨਵੀਂਆਂ ਚੋਣਾਂ ਦੀ ਤਰੀਕ ਤੈਅ ਕਰਨ ਦੀ ਮੰਗ ਕਰ ਰਹੀਆਂ ਹਨ। ਵਿਦਿਆਰਥੀ ਆਗੂਆਂ ਦਾ ਆਖਣਾ ਹੈ ਕਿ ਜਦੋਂ ਤੱਕ ਸੈਨੇਟ ਦੀਆਂ ਨਵੀਆਂ ਚੋਣਾਂ ਲਈ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾਂਦਾ, ਇਹ ਧਰਨਾ ਜਾਰੀ ਰਹੇਗਾ।

ਚੰਡੀਗੜ੍ਹ ਦੀ ਪੁਲਿਸ ਮੁਖੀ ਅਤੇ ਪੰਜਾਬ ਯੂਨੀਵਰਸਿਟੀ ਵਾਈਸ ਚਾਂਸਲਰ ਮੈਡਮ ਵਿਜ ਵੀ ਵਿਦਿਆਰਥੀਆਂ ਨਾਲ ਵੱਖੋ-ਵੱਖ ਤੌਰ ‘ਤੇ ਮੀਟਿੰਗ ਕਰ ਚੁੱਕੇ ਹਨ, ਪਰ ਮਸਲਾ ਹਾਲੇ ਕਿਸੇ ਕੰਢੇ ਨਹੀਂ ਲੱਗਿਆ।

ਪੰਜਾਬ ਯੂਨੀਵਰਸਿਟੀ ਦੇ ਬਚਾਉ ਲਈ ਇਹ ਮੋਰਚਾ ਮੁੱਖ ਤੌਰ ‘ਤੇ ਵਿਦਿਆਰਥੀ ਜਥੇਬੰਦੀ ਸੱਥ ਦੇ ਆਗੂਆਂ ਵੱਲੋਂ ਸ਼ੁਰੂ ਕੀਤਾ ਗਿਆ ਸੀ। ਯਾਦ ਰਹੇ, ਇਸ ਜਥੇਬੰਦੀ ਦੇ ਆਗੂ ਅਸ਼ਮੀਤ ਸਿੰਘ ਯੂਨੀਵਰਸਿਟੀ ਐਸੋਸੀਏਸ਼ਨ ਦੇ ਉੱਪ ਪ੍ਰਧਾਨ ਚੁਣੇ ਗਏ ਹਨ। ਉਨ੍ਹਾਂ ਵੱਲੋਂ ਕੀਤੀ ਗਈ ਸ਼ੁਰੂਆਤ ਤੋਂ ਬਾਅਦ ਹੋਰ ਵਿਦਿਆਰਥੀ ਕਿਸਾਨ ਅਤੇ ਮੁਲਾਜ਼ਮ ਜਥੇਬੰਦੀਆਂ ਤੋਂ ਇਲਾਵਾ ਰਾਜਨੀਤਿਕ ਆਗੂ ਵੀ ਇੱਥੇ ਪਹੁੰਚ ਰਹੇ ਹਨ। ਬੀਤੇ ਦਿਨੀਂ ਕਾਂਗਰਸ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ, ਪ੍ਰਗਟ ਸਿੰਘ, ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵਿਦਿਆਰਥੀਆਂ ਦੀ ਹਮਾਇਤ ਲਈ ਇਸ ਧਰਨੇ ਵਿੱਚ ਪੁੱਜੇ। ਵਿਦਿਆਰਥੀ ਜਥੇਬੰਦੀ ਸੱਥ ਦੇ ਆਗੂਆਂ ਨੇ ਸੁਖਬੀਰ ਬਾਦਲ ਨੂੰ ਅਜੋਕੇ ਦੌਰ ਵਿੱਚ ਅਨੰਦਪੁਰ ਸਾਹਿਬ ਦੇ ਮਤੇ ਦੀ ਸਾਰਥਕਤਾ ਬਾਰੇ ਸਵਾਲ ਕਰ ਦਿੱਤੇ। ਉਨ੍ਹਾਂ ਮੰਨਿਆ ਕਿ ਰਾਜਾਂ ਦੀ ਖੁਦਮੁਖਤਾਰੀ ਲਈ ਅਨੰਦਪੁਰ ਦਾ ਮਤਾ ਅੱਜ ਵੀ ਸਾਰਥਕ ਹੈ, ਪਰ ਇਸ ‘ਤੇ ਵਿਚਾਰ ਕਰਨ ਲਈ ਸਾਨੂੰ ਖੁਦਮੁਖਤਾਰੀ ਦੀ ਮੰਗ ਕਰ ਰਹੇ ਹੋਰ ਸੂਬਿਆਂ ਨਾਲ ਸਾਂਝੀ ਲੜਾਈ ਲੜਨ ਲਈ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਪਹਿਲਾਂ ਇੱਕ ਸੰਮੇਲਨ ਬੁਲਾ ਕੇ ਵਿਚਾਰ-ਚਰਚਾ ਕੀਤੀ ਜਾਵੇ। ਵਿਦਿਆਰਥੀ ਆਗੂਆਂ ਨੇ ਵੀ ਵਿਚਾਰ ਚਰਚਾ ਲਈ ਹਾਮੀ ਭਰੀ। ਯਾਦ ਰਹੇ, ਅਨੰਦਪੁਰ ਸਾਹਿਬ ਦੇ ਐਲਾਨਨਾਮੇ ਦੇ ਦੋ ਵਰਜ਼ਨ- 1973 ਵਾਲਾ ਅਤੇ 1978 ਵਾਲਾ, ਚਰਚਾ ਵਿੱਚ ਹਨ। ਦੂਜੇ ਐਲਾਨਨਾਮੇ ਨੂੰ ‘ਖਾਲਸੇ ਦੇ ਬੋਲਬਾਲੇ ਵਾਲਾ ਖਿੱਤਾ ਸਿਰਜਣ’ ਵਾਲੇ ਸ਼ਬਦ ਕੱਢ ਕੇ ਲਗਪਗ ਸੈਕੂਲਰ ਕਰ ਲਿਆ ਗਿਆ ਸੀ।

ਇਸ ਤਰ੍ਹਾਂ ਲਗਦਾ ਹੈ ਕਿ ਪੰਜਾਬ ਯੂਨੀਵਰਸਿਟੀ ਦੀ

⇒ ਬਾਕੀ ਸਫਾ 9 ਉਤੇ ਪੜ੍ਹੋ






# ਬਿਹਾਰ ਵਿੱਚ ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ

## *ਪ੍ਰਧਾਨ ਮੰਤਰੀ ਨੇ ਬਿਹਾਰ ਜਿੱਤ ਨੂੰ ਜਮਹੂਰੀਅਤ ਦੀ ਜਿੱਤ ਕਿਹਾ
## *ਐਨ.ਡੀ.ਏ. ਦਾ ਅਗਲਾ ਨਿਸ਼ਾਨਾ ਪੱਛਮੀ ਬੰਗਾਲ

ਜਸਵੀਰ ਸਿੰਘ ਮਾਂਗਟ

ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਨੈਸ਼ਨਲ ਡੈਮੋਕਰੈਟਿਕ ਗੱਠਜੋੜ (ਐਨ.ਡੀ.ਏ.) ਨੇ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਇਸ ਚੋਣ ਅਮਲ ਵਿੱਚ ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਦੇ ਇੱਕ ਤਰ੍ਹਾਂ ਨਾਲ ਤੱਪੜ ਰੁਲ ਗਏ ਹਨ।

ਬੀਤੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਦੇ ਜਿਹੜੇ ਥੋੜ੍ਹੇ ਬਹੁਤੇ ਪੈਰ ਲੱਗੇ ਸਨ, ਬਾਅਦ ਵਿੱਚ ਹੋਈਆਂ ਹਰਿਆਣਾ, ਮਹਾਰਾਸ਼ਟਰ ਅਤੇ ਝਾਰਖੰਡ ਸਮੇਤ ਚਾਰ ਰਾਜਾਂ ਦੀਆਂ ਚੋਣਾਂ ਨੇ ਉਸ ਸਾਰੇ 'ਤੇ ਪਾਣੀ ਫੇਰ ਦਿੱਤਾ ਹੈ। ਇਸ ਸਾਰੇ ਕੁਝ ਦੇ ਬਾਵਜੂਦ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦੀ ਅਗਵਾਈ ਵਾਲੇ ਮਹਾਂ ਗੱਠਜੋੜ ਦੀਆਂ ਕੁੱਲ ਸੀਟਾਂ 35 ਤੱਕ ਸਿਮਟ ਕੇ ਰਹਿ ਗਈਆਂ। ਇਸ ਵਿੱਚ ਰਾਸ਼ਟਰੀ ਜਨਤਾ ਦਲ ਨੇ 25, ਕਾਂਗਰਸ ਪਾਰਟੀ ਨੇ 6, ਸੀ.ਪੀ.ਆਈ. (ਐਮ.ਐਲ.) ਨੇ 2, ਸੀ.ਪੀ.ਐਮ ਨੇ 1 ਅਤੇ ਆਈ.ਆਈ.ਪੀ. ਨੇ ਇੱਕ ਸੀਟ ਜਿੱਤੀ ਹੈ।

ਇਸ ਦੇ ਉਲਟ ਐਨ.ਡੀ.ਏ. ਗੱਠਜੋੜ ਦੇ ਤਹਿਤ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਜਨਤਾ ਦਲ ਯੂਨਾਈਟਿਡ ਨੇ 85 ਅਤੇ ਭਾਰਤੀ ਜਨਤਾ ਪਾਰਟੀ ਨੇ ਚਾਰ ਵੱਧ, 89 ਸੀਟਾਂ 'ਤੇ ਜਿੱਤ ਹਾਸਲ ਕੀਤੀ। ਇਹ ਇਸ ਗੱਠਜੋੜ ਦੀ ਇੱਕ ਤਰ੍ਹਾਂ ਨਾਲ ਇਤਿਹਾਸਕ ਜਿੱਤ ਹੈ। ਯਾਦ ਰਹੇ, ਬਿਹਾਰ ਅਸੈਂਬਲੀ ਦੀਆਂ 243 ਸੀਟਾਂ ਹਨ ਅਤੇ ਬਹੁਸੰਮਤੀ ਲਈ 122 ਸੀਟਾਂ ਦੀ ਲੋੜ ਹੈ, ਜਦਕਿ ਐਨ.ਡੀ.ਏ. 202 ਸੀਟਾਂ ਜਿੱਤ ਚੁੱਕੀ ਹੈ। ਇਸ ਤਰ੍ਹਾਂ ਐਨ.ਡੀ.ਏ. ਗੱਠਜੋੜ ਨੂੰ ਬਿਹਾਰ ਵਿੱਚ ਇੱਕ ਵੱਡਾ ਬਹੁਮਤ ਮਿਲ ਗਿਆ ਹੈ। ਇਹ ਦੂਜੀ ਵਾਰ ਹੈ ਜਦੋਂ ਇਸ ਗੱਠਜੋੜ ਨੇ ਬਿਹਾਰ ਵਿਧਾਨ ਸਭਾ ਵਿੱਚ ਏਨੀਆਂ ਸੀਟਾਂ ਜਿੱਤੀਆਂ ਹਨ।

ਅਸਲ ਵਿੱਚ ਨਿਤੀਸ਼ ਕੁਮਾਰ ਵੱਲੋਂ ਚੋਣਾਂ ਦੇ ਐਲਾਨ ਤੋਂ ਬਾਅਦ ਬਿਹਾਰ ਦੀਆਂ ਸਾਰੀਆਂ ਔਰਤਾਂ ਦੇ ਖਾਤਿਆਂ ਵਿੱਚ ਪਾਏ ਦਸ-ਦਸ ਹਜ਼ਾਰ ਰੁਪਏ ਨੇ ਸਮੁੱਚੀ ਸਥਿਤੀ ਪਲਟ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਇੰਡੀਆ ਗੱਠਜੋੜ ਦੀ ਸ਼ਾਨਦਾਰ ਜਿੱਤ ਐਲਾਨਿਆ ਅਤੇ ਕਿਹਾ ਕਿ ਕਾਂਗਰਸ ਪਾਰਟੀ ਭਵਿੱਖ ਵਿੱਚ ਕਦੀ ਵੀ ਸੱਤਾ ਵਿੱਚ ਨਹੀਂ ਆ ਸਕੇਗੀ। ਉਨ੍ਹਾਂ ਕਿਹਾ ਕਿ ਇਹ ਰਾਜੀਵ ਗਾਂਧੀ ਅਤੇ ਇੰਦਰਾ ਗਾਂਧੀ ਵਾਲੀ ਕਾਂਗਰਸ ਪਾਰਟੀ ਨਹੀਂ ਹੈ, ਸਗੋਂ ਮੁਸਲਿਮ-ਮਾਓਵਾਦੀਆਂ ਦੀ ਕਾਂਗਰਸ ਪਾਰਟੀ ਹੈ। ਉਨ੍ਹਾਂ ਆਪਣੀ ਜਿੱਤ ਦਾ ਫਾਰਮੂਲਾ ਬਿਆਨ ਕਰਦਿਆਂ ਕਿਹਾ ਕਿ ਰਾਸ਼ਟਰੀ ਜਨਤਾ ਦਲ ਦੇ ਐਮ.ਵਾਈ. (ਮੁਸਲਿਮ-ਯਾਦਵ) ਦੇ ਮੁਕਾਬਲੇ ਇਹ ਨਵਾਂ ਐਮ.ਵਾਈ. (ਔਰਤਾਂ ਅਤੇ ਯੂਥ) ਹੈ। ਭਾਰਤੀ ਜਨਤਾ ਪਾਰਟੀ ਨੇ ਆਪਣੀ ਚੋਣ ਮੁਹਿੰਮ ਵਿੱਚ ਲਾਲੂ ਪ੍ਰਸਾਦ ਦੇ 'ਜੰਗਲ ਰਾਜ' ਨੂੰ ਵੀ ਨਿਸ਼ਾਨਾ ਬਣਾਇਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹੁਣ 'ਜੰਗਲ ਰਾਜ' ਕਦੀ ਵਾਪਸ ਨਹੀਂ ਆਵੇਗਾ। ਉਨ੍ਹਾਂ ਕਿਹਾ ਕਿ ਇਹ ਜਿੱਤ ਸਿਰਫ ਐਨ.ਡੀ.ਏ. ਦੀ ਜਿੱਤ ਨਹੀਂ ਸਗੋਂ ਜਮਹੂਰੀਅਤ ਦੀ ਜਿੱਤ ਹੈ। ਨਰਿੰਦਰ ਮੋਦੀ ਨੇ ਭਵਿੱਖੀ ਸਿਆਸਤ ਵੱਲ ਸੰਕੇਤ ਕਰਦਿਆਂ ਕਿਹਾ ਕਿ ਗੰਗਾ ਬਿਹਾਰ ਤੋਂ ਬੰਗਾਲ ਵੱਲ ਵਗਦੀ ਹੈ। ਜਲਦੀ ਹੀ ਪੱਛਮੀ ਬੰਗਾਲ 'ਤੇ ਵੀ ਐਨ.ਡੀ.ਏ. ਕਾਬਜ਼ ਹੋਵੇਗਾ।

ਬਿਹਾਰ ਦੇ ਮੁੱਖ ਮੰਤਰੀ ਅਤੇ ਜਨਤਾ ਦਲ ਯੂਨਾਈਟਿਡ ਦੇ ਆਗੂ ਨਿਤੀਸ਼ ਕੁਮਾਰ ਨੇ ਕਿਹਾ ਕਿ ਇਹ ਬਿਹਾਰ ਵਿੱਚ ਚੰਗੇ ਸਾਸ਼ਨ ਅਤੇ ਵਿਕਾਸ ਦੀ ਜਿੱਤ ਹੈ। ਯਾਦ ਰਹੇ, ਬਿਹਾਰ ਵਿੱਚ ਹਾਲੇ ਵੀ ਗਰੀਬੀ ਅਤੇ ਬੇਰੁਜ਼ਗਾਰੀ ਵੱਡੀ ਪੱਧਰ ਉਤੇ ਫੈਲੀ ਹੋਈ ਹੈ। ਬਿਹਾਰੀ ਮਜ਼ਦੂਰਾਂ ਨੂੰ ਰੋਜ਼ੀ ਰੋਟੀ ਲਈ ਦੂਜੇ ਰਾਜਾਂ ਵੱਲ ਪਰਵਾਸ ਕਰਨਾ ਪੈਂਦਾ ਹੈ। ਤੇਜੱਸਵੀ ਤੋਂ ਬਾਅਦ ਇਨ੍ਹਾਂ ਮੁੱਦਿਆਂ 'ਤੇ ਇੱਕ ਨਵੀਂ ਪਾਰਟੀ 'ਜਨ ਸੁਰਾਜ' ਦੇ ਆਗੂ ਪ੍ਰਸ਼ਾਂਤ ਕਿਸ਼ੋਰ ਨੇ ਤਿੰਨ ਸਾਲ ਜ਼ਬਰਦਸਤ ਪਸੀਨਾ ਵਹਾਇਆ, ਪਰ ਉਸ ਨੂੰ ਇੱਕ ਵੀ ਸੀਟ ਨਹੀਂ ਮਿਲੀ। ਬਿਹਾਰ ਵਿੱਚ ਮਿਲੀ ਇਸ ਵੱਡੀ ਹਾਰ ਨੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇੱਕ ਤਰ੍ਹਾਂ ਸੁੰਨ ਕਰ ਦਿੱਤਾ ਹੈ। ਇਸ ਸਥਿਤੀ ਵਿੱਚ ਉਹ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਵੱਲੋਂ ਕੀਤੀ ਗਈ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਅਤੇ ਵੋਟਾਂ ਵਿੱਚ ਘਪਲੇਬਾਜ਼ੀ ਦੇ ਦੋਸ਼ਾਂ ਤੱਕ ਹੀ ਸੀਮਤ ਹਨ।

ਇੱਥੇ ਜ਼ਿਕਰਯੋਗ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਵੱਲੋਂ ਵੋਟਰ ਲਿਸਟਾਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) 'ਤੇ ਕਾਫੀ ਰੌਲਾ ਰੱਪਾ ਪਿਆ ਸੀ। ਵਿਰੋਧੀ ਧਿਰ ਦਾ ਕਹਿਣਾ ਸੀ ਕਿ ਚੋਣ ਕਮਿਸ਼ਨ ਵਿਰੋਧੀ ਧਿਰਾਂ ਦੇ ਵੋਟਰਾਂ ਨੂੰ ਵੋਟਰ ਲਿਸਟ ਵਿੱਚੋਂ ਹਟਾਉਣ ਅਤੇ ਨਵੀਂ ਲਿਸਟ ਵਿੱਚ ਵੱਡੀ ਪੱਧਰ 'ਤੇ ਜਾਅਲੀ ਵੋਟਰ ਸ਼ਾਮਲ ਕਰਨ ਲਈ ਅਜਿਹਾ ਕਰ ਰਿਹਾ ਹੈ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਤੱਥਾਂ ਸਮੇਤ ਇਹ ਵਿਖਾਇਆ ਕਿ ਵੱਖ-ਵੱਖ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਿਸ ਤਰ੍ਹਾਂ ਜਾਅਲੀ ਵੋਟ ਬਣਾਏ ਅਤੇ ਪਵਾਏ ਗਏ। ਇਸ ਤੋਂ ਇਲਾਵਾ ਇਹ ਵੀ ਸਾਹਮਣੇ ਆਇਆ ਕਿ ਬ੍ਰਾਜ਼ੀਲ ਦੀ ਇੱਕ ਮਾਡਲ ਦੀ ਫੋਟੋ ਵਾਲੀ ਜਾਅਲੀ ਵੋਟ ਕਿਨ੍ਹੀਆਂ ਥਾਵਾਂ 'ਤੇ ਪਈ। ਇੱਕ-ਇੱਕ ਅਡਰੈਸ 'ਤੇ 200-200 ਵੋਟਾਂ ਬਣਾਈਆਂ ਮਿਲੀਆਂ, ਜਿੱਥੇ ਇਹ ਲੋਕ ਰਹਿੰਦੇ ਹੀ ਨਹੀਂ ਸਨ। ਇਸ ਤਰ੍ਹਾਂ ਲਗਦਾ ਸੀ ਕਿ ਚੋਣ ਅਮਲ ਨੂੰ ਜਾਇਜ਼-ਨਾਜਾਇਜ਼ ਢੰਗ ਨਾਲ ਪ੍ਰਭਾਵਿਤ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਰਾਹੁਲ ਗਾਂਧੀ ਨੇ ਇਸ ਨੂੰ ਵੋਟ ਚੋਰੀ ਦਾ ਨਾਮ ਦਿੱਤਾ ਅਤੇ ਇਸ ਬਾਰੇ ਬਿਹਾਰ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਤੇਜੱਸਵੀ ਯਦਵ ਨਾਲ ਮਿਲ ਕੇ ਯਾਤਰਾਵਾਂ ਵੀ ਕੀਤੀਆਂ। ਕਾਂਗਰਸ ਨੇ 'ਵੋਟ ਚੋਰੀ' ਦੇ ਮੁੱਦੇ ਨੂੰ ਬਿਹਾਰ ਲੋਕ ਸਭਾ ਚੋਣਾਂ ਲਈ ਮੁੱਖ ਮੱਦਾ ਬਣਾਇਆ; ਜਦਕਿ ਤੇਜੱਸਵੀ ਯਾਦਵ ਨੇ ਆਪਣੀ ਚੋਣ ਮੁਹਿੰਮ ਨੌਜੁਆਨਾਂ ਨੂੰ ਧਿਆਨ ਵਿੱਚ ਰੱਖ ਕੇ ਰੁਜ਼ਗਾਰ ਦੇ ਮਸਲੇ 'ਤੇ ਕੇਂਦਰਿਤ ਰੱਖੀ। ਹਰ ਘਰ ਨੂੰ ਇੱਕ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਕੀਤਾ। ਬਿਨਾ ਸ਼ੱਕ ਤੇਜਸਵੀ ਯਾਦਵ ਨੇ ਆਪਣੀ ਚੋਣ ਮੁਹਿੰਮ 'ਤੇ ਅੰਤਾਂ ਦਾ ਜ਼ੋਰ ਲਗਾਇਆ ਅਤੇ ਬਿਹਾਰ ਦੇ ਨੌਜਵਾਨ ਵਰਗ ਨੂੰ ਉਤਸ਼ਾਹਿਤ ਕਰਨ ਲਈ ਆਪਣੀਆਂ ਚੋਣ ਮੁਹਿੰਮਾਂ ਵਿੱਚ ਹਰ ਰੋਜ਼ ਬਦਲਵੇਂ ਰੰਗਾਂ ਦੀਆਂ ਟੀ. ਸ਼ਰਟਾਂ ਪਹਿਨ ਕੇ ਜਵਾਨੀ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕੀਤਾ।

ਇਸ ਦੇ ਉਲਟ ਰਾਸ਼ਟਰੀ ਜਨਤਾ ਦਲ ਜਿਹੜਾ ਮੁੱਖ ਤੌਰ 'ਤੇ ਯਾਦਵ ਅਤੇ ਮਸਲਮਾਨਾਂ ਦੇ ਆਪਸੀ ਗੱਠਜੋੜ 'ਤੇ ਆਧਾਰਤ ਆਪਣੀ ਸਿਆਸਤ ਕਰ ਰਿਹਾ ਸੀ, ਇਸ ਆਧਾਰ ਨੂੰ ਖੋਰਾ ਲੱਗਾ ਵਿਖਾਈ ਦੇ ਰਿਹਾ ਹੈ। ਯਾਦਵਾਂ ਦਾ ਇੱਕ ਵੱਡਾ ਵੋਟ ਆਧਾਰ ਜਨਤਾ ਦਲ ਯੂਨਾਈਟਡ ਅਤੇ ਭਾਜਪਾ ਵੱਲ ਖਿਸਕ ਗਿਆ ਹੈ। ਭਾਰਤੀ ਮੁਸਲਮਾਨਾਂ ਵਿੱਚ ਭਾਰਤੀ ਚੋਣ ਪ੍ਰਬੰਧ ਪ੍ਰਤੀ ਉਦਾਸੀਨਤਾ ਫੈਲਦੀ ਨਜ਼ਰ ਆ ਰਹੀ ਹੈ। ਉਨ੍ਹਾਂ ਦਾ ਇੰਟੈਲੀਜੈਂਸੀਆ ਹਿੰਸਕ ਪ੍ਰਤੀਕਰਮਾਂ ਵੱਲ ਤੁਰ ਰਿਹਾ ਹੈ। ਮੁਸਲਮਾਨਾਂ ਦੇ ਰਾਜਨੀਤਿਕ ਤੌਰ 'ਤੇ ਸਰਗਰਮ ਹਿੱਸੇ ਓਵੇਸੀ ਦੀ ਪਾਰਟੀ ਏ.ਆਈ.ਐਮ. ਆਈ.ਐਮ. ਵੱਲ ਖਿਸਕ ਗਏ ਹਨ। ਇਸ ਧਰਮ ਆਧਾਰਤ ਪਾਰਟੀ ਨੇ ਮੁਸਲਿਮ ਬਹੁਗਿਣਤੀ ਵਾਲੇ ਸੀਮਾਂਚਲ ਇਲਾਕੇ ਵਿੱਚੋਂ ਪੰਜ ਸੀਟਾਂ ਜਿੱਤੀਆਂ ਹਨ। ਸੁਣਨ ਵਿੱਚ ਆਇਆ ਹੈ ਕਿ ਓਵੇਸੀ ਕਾਂਗਰਸ ਅਗਵਾਈ ਵਾਲੇ ਮਹਾਂਗਠਬੰਧਨ ਵਿੱਚ ਸ਼ਾਮਲ ਹੋਣ ਲਈ ਤਰਲੇ ਕਰਦਾ ਰਿਹਾ, ਪਰ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦੇ ਆਗੂ ਉਸ ਨੂੰ "ਭਾਜਪਾ ਦੀ 'ਬੀ' ਟੀਮ" ਆਖਦੇ ਰਹੇ। ਉਸ ਨੇ ਆਪਣਾ ਦਮ ਵਿਖਾਉਂਦਿਆਂ ਪੰਜ ਸੀਟਾਂ ਜਿੱਤ ਲਈਆਂ ਹਨ, ਜਦਕਿ ਕਾਂਗਰਸ ਸਿਰਫ 6 ਸੀਟਾਂ ਜਿੱਤ ਸਕੀ ਹੈ।

ਵੱਡੀ ਗੱਲ ਇਹ ਹੈ ਕਿ ਕੇਂਦਰੀ ਰਾਜਨੀਤੀ ਨੂੰ ਤੈਅ ਕਰਨ ਵਾਲੀ ਇੱਕ ਵੱਡੀ ਹਿੰਦੀ ਬੈਲਟ ਦੀ ਸਟੇਟ ਵਿੱਚ ਭਾਜਪਾ ਨੇ ਮਜਬੂਤੀ ਨਾਲ ਆਪਣੇ ਪੈਰ ਜਮਾ ਲਏ ਹਨ। 89 ਸੀਟਾਂ ਜਿੱਤ ਕੇ ਇਹ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ। ਇਸ ਰਾਜ 'ਤੇ ਭਾਜਪਾ ਦੀ ਦੇਰ ਤੋਂ ਅੱਖ ਸੀ, ਜਿਹੜਾ ਭਾਜਪਾ ਦੀ ਮੁਸਲਿਮ ਵਿਰੋਧੀ ਰਾਜਨੀਤੀ ਨੂੰ ਲਗਾਤਾਰ ਲੀਹੋਂ ਲਾਹੁੰਦਾ ਆ ਰਿਹਾ ਸੀ। ਉਤਰ ਪ੍ਰਦੇਸ਼ ਪਹਿਲਾਂ ਹੀ ਭਾਜਪਾ ਦੀ ਗ੍ਰਿਫਤ ਵਿੱਚ ਹੈ। ਮੱਧ ਪ੍ਰਦੇਸ਼ ਤੇ ਰਾਜਸਥਾਨ ਵੀ। ਹੁਣ ਉਸ ਨੇ ਬਿਹਾਰ ਵੀ ਆਪਣੀ ਗ੍ਰਿਫਤ ਵਿੱਚ ਲੈ ਲਿਆ ਹੈ। ਭਾਵੇਂ ਕੇਂਦਰ ਵਿੱਚ ਐਨ.ਡੀ.ਏ. ਦੀ ਕੁਲੀਸ਼ਨ ਸਰਕਾਰ ਹੈ, ਪਰ ਦੇਸ਼ ਦੇ ਰਾਜਨੀਤਿਕ ਪੱਖ ਤੋਂ ਮਹੱਤਵਪੂਰਨ ਰਾਜਾਂ ਵਿੱਚ ਭਾਜਪਾ ਆਪਣੀ ਪਕੜ ਲਗਾਤਾਰ ਮਜਬੂਤ ਕਰਦੀ ਜਾ ਰਹੀ ਹੈ। ਅਜਿਹੇ ਵਿੱਚ ਕਾਂਗਰਸ ਦਾ ਇੱਕ ਕੌਮੀ ਪਾਰਟੀ ਵਜੋਂ ਇਨ੍ਹਾਂ ਖਿੱਤਿਆਂ ਵਿੱਚ ਆਧਾਰ ਲਗਾਤਾਰ ਸੁੰਗੜ ਰਿਹਾ ਹੈ।

ਬਿਹਾਰ ਚੋਣਾਂ ਵਿੱਚ ਕਾਂਗਰਸ ਦੇ ਸਹਿਯੋਗੀ ਵੀ ਸਿਮਟਦੇ ਵਿਖਾਈ ਦਿੱਤੇ ਹਨ। ਇਸ ਹਾਲਤ ਵਿੱਚ ਵਿਰੋਧੀ ਪਾਰਟੀਆਂ ਨੂੰ ਡੂੰਘੀ ਅੰਤਰਝਾਤ ਮਾਰਨ ਦੀ ਲੋੜ ਹੈ। ਇਸ ਤੋਂ ਇਲਾਵਾ ਲੋਕਾਂ ਦੇ ਮੁੱਦਿਆਂ ਨੂੰ ਲੈ ਕੇ ਜਨਤਕ ਸੰਘਰਸ਼ ਅਤੇ ਚੋਣ ਕਮਿਸ਼ਨ ਤੇ ਸੁਪਰੀਮ ਕੋਰਟ ਜਿਹੀਆਂ ਸੰਵਿਧਾਨਕ ਸੰਸਥਾਵਾਂ ਦੀ ਸਰਕਾਰ ਦੀ ਜਕੜ ਤੋਂ ਮੁਕਤੀ ਲਈ ਸੰਘਰਸ਼ ਵੱਲ ਧਿਆਨ ਦੇਣਾ ਹੋਏਗਾ। ਚੋਣ ਅਮਲ ਵਿੱਚ ਪੈਸੇ ਅਤੇ ਰਾਜ ਦੀ ਦੁਰਵਰਤੋਂ ਦਾ ਵੀ ਕੋਈ ਨਾ ਕੋਈ ਹੀਲਾ ਵਸੀਲਾ ਕਰਨਾ ਪਏਗਾ।

# ਕੀ ਹਾਈਜੈਕ ਹੋ ਗਿਐ ਲੋਕਤੰਤਰ?

ਕ੍ਰਿਸ਼ਨ ਪ੍ਰਤਾਪ ਸਿੰਘ
(ਸੀਨੀਅਰ ਪੱਤਰਕਾਰ)

ਬਿਹਾਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਬਾਰੇ ਇੱਕ ਸ਼ਬਦ ਵਿੱਚ ਕੁਝ ਕਹਿਣਾ ਹੋਵੇ ਤਾਂ ਕਹਿਣਾ ਚਾਹੀਦਾ ਹੈ- ਹੈਰਾਨੀਜਨਕ। ਇਹ ਨਤੀਜੇ ਇਸ ਲਈ ਵੀ ਹੈਰਾਨੀਜਨਕ ਨਹੀਂ ਕਿ 20 ਸਾਲਾਂ ਦੇ 'ਸੁਸ਼ਾਸਨ' ਦੇ ਬਾਵਜੂਦ ਇਨ੍ਹਾਂ ਵਿੱਚ ਕੋਈ ਵਿਰੋਧੀ ਲਹਿਰ ਨਜ਼ਰ ਨਹੀਂ ਆਉਂਦੀ ਅਤੇ ਸੱਤਾਧਾਰੀ ਪਾਰਟੀਆਂ ਨੂੰ ਲੋਕਾਂ ਨੇ ਬਹੁਤ ਵੱਡਾ ਸਮਰਥਨ ਦਿੱਤਾ ਹੈ। ਇਸ ਦਾ ਮਤਲਬ ਹੈ ਕਿ ਵੋਟਰ ਸਰਕਾਰ ਦੇ ਕੰਮਾਂ ਤੋਂ ਇੰਨੇ ਖੁਸ਼ ਸਨ ਕਿ ਉਨ੍ਹਾਂ ਨੇ ਕਿਸੇ ਹੋਰ ਬਦਲ ਬਾਰੇ ਸੋਚਣ ਦੀ ਲੋੜ ਹੀ ਨਹੀਂ ਸਮਝੀ!

ਇਹ ਨਤੀਜੇ ਇਸ ਲਈ ਵੀ ਹੈਰਾਨੀਜਨਕ ਹਨ ਕਿ ਭਾਰਤ ਦੇ ਲੋਕਤੰਤਰੀ ਇਤਿਹਾਸ ਵਿੱਚ ਅਜਿਹਾ ਘੱਟ ਹੀ ਵੇਖਿਆ ਗਿਆ ਹੈ ਕਿ ਜਿੱਤਣ ਵਾਲੇ ਗਠਜੋੜ ਲਈ ਵਿਰੋਧੀ ਪਾਰਟੀਆਂ ਦੇ ਆਗੂ ਅਤੇ ਬੋਲਣ ਵਾਲੇ ਮੁੱਖ ਚੋਣ ਕਮਿਸ਼ਨਰ ਨੂੰ ਅਜਿਹੀਆਂ ਵਧਾਈਆਂ ਦੇਣ ਜੋ ਗੁੱਸੇ, ਨਾਰਾਜ਼ਗੀ ਜਾਂ ਨਿਰਾਸ਼ਾ ਵਾਲੀਆਂ ਹੋਣ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਵਧਾਈ ਦੇਣ ਵਾਲੇ ਨੂੰ ਇਨ੍ਹਾਂ ਨਤੀਜਿਆਂ ਵਿੱਚ ਡੂੰਘੀ ਬੇਵਿਸ਼ਵਾਸੀ ਹੈ। ਅਜਿਹੀ ਬੇਵਿਸ਼ਵਾਸੀ ਜੰਮੂ-ਕਸ਼ਮੀਰ ਜਾਂ ਅਸਾਮ ਵਰਗੀਆਂ ਮੁਸ਼ਕਲ ਹਾਲਤਾਂ ਵਿੱਚ ਵੀ ਘੱਟ ਵੇਖੀ ਗਈ ਹੈ। ਇਸ ਲਈ ਅਸੀਂ ਨਹੀਂ ਕਹਿ ਸਕਦੇ ਕਿ ਚੋਣਾਂ ਵਿੱਚ ਹਾਰ-ਜਿੱਤ ਤਾਂ ਚੱਲੀ ਰਹਿੰਦੀ ਹੈ ਜਾਂ ਜੋ ਜਿੱਤਿਆ, ਉਹੀ ਸਿਕੰਦਰ!

ਇਹ ਬੇਵਿਸ਼ਵਾਸੀ ਉਸ ਪਰੰਪਰਾ ਦਾ ਨਤੀਜਾ ਹੈ, ਜਿੱਥੇ ਲੋਕਤੰਤਰ ਨੂੰ ਤੋੜ-ਮਰੋੜ ਕੇ ਵੋਟਰਾਂ ਦੇ ਪਤਾਵੇ ਨੂੰ ਅਗਵਾ ਕਰ ਲਿਆ ਜਾਂਦਾ ਹੈ। ਪਿਛਲੇ ਦਸ ਸਾਲਾਂ ਤੋਂ ਵੱਧ ਸਮੇਂ ਤੋਂ ਭਾਜਪਾ ਅਤੇ ਉਸ ਦੇ ਨੇਤਾ ਇਸ ਨੂੰ ਵਧਾਈ ਜਾ ਰਹੇ ਹਨ। ਹੁਣ ਤਾਂ ਉਹ ਉਸ ਨੁਕਤੇ ਤੱਕ ਪਹੁੰਚ ਗਏ ਹਨ, ਜਿੱਥੇ ਦੇਸ਼ ਵਿੱਚ ਅਜਿਹਾ ਮੁੱਖ ਚੋਣ ਕਮਿਸ਼ਨਰ ਨਹੀਂ ਹੈ, ਜੋ ਚੋਣਾਂ ਦੀ ਨਿਰਪੱਖਤਾ ਬਾਰੇ ਲੋਕਾਂ ਨੂੰ ਪੂਰੀ ਤਰ੍ਹਾਂ ਭਰੋਸਾ ਦੇ ਸਕੇ। ਲੋਕ ਅਕਸਰ ਕਹਿੰਦੇ ਹਨ ਕਿ ਸਰਕਾਰੀ ਅਧਿਕਾਰੀ ਨੂੰ ਸਿਰਫ਼ ਨਿਰਪੱਖ ਨਹੀਂ ਹੋਣਾ ਚਾਹੀਦਾ ਸਗੋਂ ਨਿਰਪੱਖ ਲੱਗਣਾ ਵੀ ਚਾਹੀਦਾ ਹੈ।

ਜੇਕਰ ਅਜਿਹਾ ਭਰੋਸਾ ਹੁੰਦਾ ਤਾਂ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਇਹ ਨਾ ਕਹਿੰਦੇ ਕਿ ਇਹ ਨਤੀਜੇ ਵੋਟ ਚੋਰੀ ਦੀ ਸਾਜ਼ਿਸ਼ ਨੂੰ ਸਾਬਤ ਕਰਦੇ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਵੀ ਇਹ ਨਾ ਕਹਿਣਾ ਪੈਂਦਾ ਕਿ ਉਹ ਇੱਕ ਅਜਿਹੀ ਚੋਣ ਹਾਰ ਗਏ, ਜੋ ਸ਼ੁਰੂ ਤੋਂ ਹੀ ਨਿਰਪੱਖ ਨਹੀਂ ਸੀ। ਆਮ ਆਦਮੀ ਪਾਰਟੀ ਦੇ ਐੱਮ.ਪੀ. ਸੰਜੇ ਸਿੰਘ ਨੇ ਤਾਂ 4 ਮਹੀਨੇ ਪਹਿਲਾਂ ਹੀ ਕਿਹਾ ਸੀ ਕਿ ਇਹ ਚੋਣ ਹਾਈਜੈਕ ਹੋ ਗਈ ਹੈ। ਇਸ ਤੋਂ ਇਹ ਸਮਝ ਆ ਹੀ ਜਾਂਦੀ ਹੈ ਕਿ ਇਸ ਜਿੱਤ-ਹਾਰ ਦਾ ਅਸਲੀ ਅਰਥ ਕੀ ਹੈ!

ਜੇਤੂ ਪਾਰਟੀਆਂ ਨਾਲ ਗਿਆਨੇਸ਼ ਕੁਮਾਰ ਨੂੰ ਮਿਲ ਰਹੀਆਂ ਨੇ ਵਧਾਈਆਂ!



ਨਿਤੀਸ਼ ਕੁਮਾਰ | ਗਿਆਨੇਸ਼ ਕੁਮਾਰ | ਨਰਿੰਦਰ ਮੋਦੀ

ਖਾਸ ਕਰ ਕੇ ਜਦੋਂ ਸੀਨੀਅਰ ਪੱਤਰਕਾਰ ਹਰੀਸ਼ੰਕਰ ਵਿਆਸ ਨੂੰ ਵੀ ਨਹੀਂ ਲੱਗ ਰਿਹਾ ਕਿ ਐਨ.ਡੀ.ਏ. ਦੀ ਇਸ ਜਿੱਤ ਨਾਲ ਲੋਕਤੰਤਰ ਜਾਂ ਉਸ ਦੀਆਂ ਉੱਚ ਨੈਤਿਕ ਕਦਰਾਂ-ਕੀਮਤਾਂ ਨੂੰ ਕੋਈ ਫਾਇਦਾ ਹੋਇਆ ਹੈ।

### ਕੋਡ ਆਫ ਕੰਡਕਟ ਵਰਗਾ ਕੀ?

ਇਹ ਸਭ ਹੋਇਆ, ਕਿਉਂਕਿ ਨਰਿੰਦਰ ਮੋਦੀ ਸਰਕਾਰ ਵੱਲੋਂ ਨਿਯੁਕਤ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਕਹਿੰਦੇ ਰਹੇ ਕਿ ਚੋਣ ਕਮਿਸ਼ਨ ਵਿੱਚ ਸੱਤਾ ਅਤੇ ਵਿਰੋਧੀ ਧਿਰ ਬਰਾਬਰ ਹਨ, ਪਰ ਚੋਣ ਪ੍ਰਕਿਰਿਆ ਵਿੱਚ ਉਹ ਅੰਪਾਇਰ ਨਾਲੋਂ ਜ਼ਿਆਦਾ ਖਿਡਾਰੀ ਵਾਂਗ ਵਿਹਾਰ ਕਰਦੇ ਰਹੇ।

ਚੋਣਾਂ ਤੋਂ ਪਹਿਲਾਂ ਉਨ੍ਹਾਂ ਨੇ ਅਚਾਨਕ ਬਹੁਤ ਜਲਦਬਾਜ਼ੀ ਵਿੱਚ ਬਿਹਾਰ ਵਿੱਚ ਵੋਟਰਾਂ ਦੀ ਸੂਚੀ ਦਾ ਡੂੰਘਾ ਪੁਨਰੀਖਣ ਸ਼ੁਰੂ ਕਰ ਦਿੱਤਾ, ਭਾਵੇਂ ਉੱਥੇ ਹੜ੍ਹਾਂ ਦਾ ਮੌਸਮ ਚੱਲ ਰਿਹਾ ਸੀ। ਵਿਰੋਧੀਆਂ ਦੀਆਂ ਚਿੰਤਾਵਾਂ ਨੂੰ ਉਨ੍ਹਾਂ ਨੇ ਕਦੇ ਰਸਮੀ ਤੌਰ 'ਤੇ ਨਹੀਂ ਸੁਣਿਆ। ਜਦੋਂ ਮਾਮਲਾ ਸੁਪਰੀਮ ਕੋਰਟ ਗਿਆ ਤਾਂ ਵੀ ਉਹ ਜ਼ਿਦ 'ਤੇ ਹੀ ਅੜੇ ਰਹੇ। ਭਾਵੇਂ ਸੁਪਰੀਮ ਕੋਰਟ ਨੂੰ ਕਈ ਵਾਰ ਸਖ਼ਤੀ ਵੀ ਕਰਨੀ ਪਈ।

ਵਿਰੋਧੀਆਂ ਦੀ ਬਦਕਿਸਮਤੀ ਰਹੀ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਵੀ ਉਨ੍ਹਾਂ ਨੂੰ ਸਮੇਂ ਸਿਰ ਨਿਆਂ ਨਹੀਂ ਦੇ ਸਕੀ। ਪੁਨਰੀਖਣ ਵਾਲੀ ਸੂਚੀ ਬਾਰੇ ਵਿਰੋਧੀਆਂ ਦੇ ਸਵਾਲਾਂ ਦੇ ਜਵਾਬ ਤੋਂ ਬਿਨਾ ਹੀ ਚੋਣਾਂ ਕਰਵਾ ਦਿੱਤੀਆਂ ਗਈਆਂ। ਸੰਜੇ ਸਿੰਘ ਅਨੁਸਾਰ ਇਸ ਵਿੱਚ 80 ਲੱਖ ਵੋਟ ਚੋਰੀ ਹੋਏ।

ਪਰ ਸੱਤਾ ਧਿਰ ਦੀ ਵੀ ਤਾਰੀਫ ਕਰਨੀ ਪਵੇਗੀ ਕਿ ਉਹ ਚੋਣ ਕਮਿਸ਼ਨ ਦੀ ਇਸ ਲਾਮਿਸਾਲ 'ਮਦਦ' ਉਤੇ ਹੀ ਭਰੋਸਾ ਕਰ ਕੇ ਹੀ ਨਹੀਂ ਬੈਠੀ ਰਹੀ। ਉਸ ਨੇ ਬੇਰੁਜ਼ਗਾਰਾਂ, ਬਜ਼ੁਰਗਾਂ ਅਤੇ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਨਕਦੀ ਭੇਜਣ ਵਾਲੀਆਂ ਯੋਜਨਾਵਾਂ ਰਾਹੀਂ ਵੋਟ ਖਰੀਦਣ ਲਈ 30 ਹਜ਼ਾਰ ਕਰੋੜ ਰੁਪਏ ਵੀ ਖਰਚ ਕੀਤੇ।

ਜਿਵੇਂ ਆਮ ਤੌਰ 'ਤੇ ਹੁੰਦਾ ਹੈ, ਚੋਣ ਕਮਿਸ਼ਨ ਨੂੰ ਇਸ ਵਿੱਚ ਕੁਝ ਗਲਤ ਨਹੀਂ ਲੱਗਿਆ।

ਚੋਣ ਵਿਸ਼ਲੇਸ਼ਕ ਯੋਗਿੰਦਰ ਯਾਦਵ ਨੇ ਕਿਹਾ, "ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਜੇਕਰ ਕੋਈ ਵਿਰੋਧੀ ਪਾਰਟੀ ਅਜਿਹਾ ਕਰਦੀ ਤਾਂ ਚੋਣ ਕਮਿਸ਼ਨ ਰਾਤੋਂ-ਰਾਤ ਉੱਠ ਜਾਂਦਾ। ਉਹ ਨਿਯਮ ਬਣਾਉਂਦਾ ਅਤੇ ਕਹਿੰਦਾ ਕਿ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

### ਦਸ ਹਜ਼ਾਰ ਵਿੱਚ ਦਸਵੀਂ ਵਾਰ ਤਾਜ!

ਆਪੋਜੀਸ਼ਨ ਇਸ ਸਵਾਲ ਨਾਲ ਸਾਹਮਣੇ ਆਵੇ ਕਿ ਭਾਜਪਾ ਨਾਲੋਂ ਵੱਧ ਵੋਟ ਲੈਣ ਤੋਂ ਬਾਵਜੂਦ ਆਰ.ਜੇ.ਡੀ. ਨੂੰ ਭਾਜਪਾ ਤੋਂ ਇੱਕ ਤਿਹਾਈ ਸੀਟਾਂ ਵੀ ਕਿਉਂ ਨਹੀਂ ਮਿਲੀਆਂ? ਕਾਂਗਰਸ ਨਾਲੋਂ ਅੱਧੇ ਵੋਟ ਲੈਣ ਦੇ ਬਾਵਜੂਦ ਲੋਕ ਜਨ ਸ਼ਕਤੀ ਪਾਰਟੀ (ਰਾਮ ਵਿਲਾਸ ਪਾਸਵਾਨ) ਨੇ ਉਸ ਤੋਂ ਤਿੰਨ ਗੁਣਾਂ ਵੱਧ ਸੀਟਾਂ ਕਿਵੇਂ ਹਾਸਲ ਕਰ ਲਈਆਂ?

ਅਫ਼ਸੋਸ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿਰਫ਼ ਇਹ ਨਜ਼ਰ ਆ ਰਿਹਾ ਹੈ ਕਿ ਬਿਹਾਰ ਦੇ ਲੋਕਾਂ ਨੇ ਧੂੜ ਉਡਾ ਦਿੱਤੀ ਹੈ। ਕਾਸ਼! ਉਹ ਸਮਝਦੇ ਕਿ ਇਹ ਧੂੜ ਲੋਕਤੰਤਰ ਦੇ ਫੇਫੜਿਆਂ ਵਿੱਚ ਜਾ ਕੇ ਉਸ ਦਾ ਗਲਾ ਘੁੱਟ ਰਹੀ ਹੈ। ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਦੇਸ਼ ਇੱਕ ਅਜਿਹੇ ਖੱਡੇ ਵਿੱਚ ਜਾ ਡਿਗੇਗਾ, ਜਿਸ ਵਿੱਚੋਂ ਨਿਕਲਣਾ ਮੁਸ਼ਕਲ ਹੋਵੇਗਾ।

ਮੀਡੀਆ 'ਤੇ ਕਈ ਜਿੰਦਰੇ ਵੱਜੇ ਹੋਣ ਦੇ ਬਾਵਜੂਦ ਇੱਕ ਅਖ਼ਬਾਰ ਵਿੱਚ ਛਪੀ ਸੁਰਖੀ ਬਹੁਤ ਕੁਝ ਕਹਿੰਦੀ ਹੈ: 'ਦਸ ਹਜ਼ਾਰ ਵਿੱਚ ਦਸਵੀਂ ਵਾਰ ਤਾਜ!' ਜੇਕਰ ਸਰਕਾਰਾਂ ਅਜਿਹੇ ਸੌਦੇ ਨਾਲ ਤਾਜ ਖਰੀਦਣਗੀਆਂ ਅਤੇ ਵੋਟਰ ਇੰਨੀ ਵੱਡੀ ਗਿਣਤੀ ਵਿੱਚ ਹਿੱਸਾ ਲੈਣਗੇ ਤਾਂ...?

ਇਹ ਸੋਚ ਲੋਕਤੰਤਰ ਦੇ ਚਾਹੁਣ ਵਾਲਿਆਂ ਨੂੰ ਡਰਾ ਦਿੰਦੀ ਹੈ। ਕਿਉਂਕਿ ਇੰਨੇ ਵੱਡੇ ਪੈਮਾਨੇ 'ਤੇ ਵੋਟਰਾਂ (ਔਰਤਾਂ ਹੋਣ ਜਾਂ ਮਰਦ) ਵੱਲੋਂ ਸਰਕਾਰੀ ਰਿਸ਼ਵਤ ਲੈਣ ਨੂੰ ਸਜ਼ਾ ਨਾ ਦੇ ਕੇ ਇਨਾਮ ਦੇਣ ਨਾਲ ਇੱਕ ਦਿਨ ਅਸੀਂ ਬਚੇ-ਖੁਚੇ ਲੋਕਤੰਤਰ ਤੋਂ ਵੀ ਵਾਂਝੇ ਹੋ ਜਾਵਾਂਗੇ।

# ਸੱਦਾਮ ਹੁਸੈਨ ਤੋਂ ਭੁੱਟੋ ਤੱਕ: ਅਗਲਾ ਨੰਬਰ ਸ਼ੇਖ ਹਸੀਨਾ ਦਾ!

## *ਦੁਨੀਆਂ ਦੇ ਉਹ 10 ਤਾਕਤਵਰ ਨੇਤਾ, ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ

ਪੰਜਾਬੀ ਪਰਵਾਜ਼ ਬਿਊਰੋ

ਬੰਗਲਾਦੇਸ਼ ਦੇ ਇੰਟਰਨੈਸ਼ਨਲ ਕ੍ਰਾਈਮਜ਼ ਟ੍ਰਿਬਿਊਨਲ ਨੇ ਦੇਸ਼ ਦੀ ਪਿਛਲੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਸ਼ੇਖ ਹਸੀਨਾ ਨੇ ਭਾਰਤ ਵਿੱਚ ਸ਼ਰਨ ਲਈ ਹੋਈ ਹੈ ਅਤੇ ਇਹ ਸੰਭਾਵਨਾ ਬਹੁਤ ਘੱਟ ਹੈ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਬੰਗਲਾਦੇਸ਼ ਦੇ ਹਵਾਲੇ ਕਰੇਗੀ। ਬੰਗਲਾਦੇਸ਼ੀ ਅਦਾਲਤ ਨੇ ਸ਼ੇਖ ਹਸੀਨਾ ਨੂੰ 1400 ਲੋਕਾਂ ਦੀਆਂ ਹੱਤਿਆਵਾਂ ਲਈ ਦੋਸ਼ੀ ਠਹਿਰਾਇਆ ਹੈ।

17 ਨਵੰਬਰ 2025 ਨੂੰ ਢਾਕਾ ਵਿੱਚ ਇੰਟਰਨੈਸ਼ਨਲ ਕ੍ਰਾਈਮਜ਼ ਟ੍ਰਿਬਿਊਨਲ ਨੇ ਸ਼ੇਖ ਹਸੀਨਾ ਨੂੰ ਗੈਰ-ਹਾਜ਼ਰੀ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਹੈ। ਇਹ ਫੈਸਲਾ 2024 ਵਿੱਚ ਵਿਦਿਆਰਥੀਆਂ ਵਿਰੁੱਧ ਖ਼ੂਨੀ ਕਾਰਵਾਈ ਨਾਲ ਜੁੜਿਆ ਹੈ, ਜਿਸ ਵਿੱਚ ਸੈਂਕੜੇ ਲੋਕ ਮਾਰੇ ਗਏ ਸਨ।

ਦੁਨੀਆਂ ਦੇ ਇਤਿਹਾਸ ਨੂੰ ਵੇਖੀਏ ਤਾਂ ਸ਼ੇਖ ਹਸੀਨਾ ਤੋਂ ਪਹਿਲਾਂ ਵੀ ਕਈ ਅਜਿਹੇ ਨੇਤਾ ਰਹੇ ਹਨ, ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ। ਸੱਤਾ ਦੇ ਲਈ ਲੜਾਈਆਂ ਤੋਂ ਲੈ ਕੇ ਬਗਾਵਤ ਅਤੇ ਫੌਜੀ ਤਖ਼ਤਾਪਲਟ ਨੇ ਕਈ ਨੇਤਾਵਾਂ ਨੂੰ ਫਾਂਸੀ ਦੀ ਸਜ਼ਾ ਦਿਵਾਈ ਹੈ। ਕਦੇ ਇਹ ਫੈਸਲੇ ਅਦਾਲਤੀ ਪ੍ਰਕਿਰਿਆ ਰਾਹੀਂ ਲਏ ਗਏ ਤੇ ਕਦੇ ਫੌਜੀ ਹਕੂਮਤ ਜਾਂ ਤਾਨਾਸ਼ਾਹ ਤਾਕਤਾਂ ਨੇ ਇਹ ਅੰਜਾਮ ਦਿੱਤਾ।

ਆਓ, ਅਸੀਂ ਤੁਹਾਨੂੰ 10 ਅਜਿਹੇ ਨੇਤਾਵਾਂ ਬਾਰੇ ਦੱਸਦੇ ਹਾਂ, ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲੀ। ਇਨ੍ਹਾਂ ਵਿੱਚੋਂ ਕਈ ਨੇਤਾ ਆਪਣੇ ਦੇਸ਼ਾਂ ਵਿੱਚ ਤਾਨਾਸ਼ਾਹ ਵਜੋਂ ਜਾਣੇ ਜਾਂਦੇ ਸਨ ਅਤੇ ਉਨ੍ਹਾਂ ਦੇ ਫੈਸਲੇ ਨੇ ਵਿਸ਼ਵ ਰਾਜਨੀਤੀ ਨੂੰ ਵੀ ਪ੍ਰਭਾਵਿਤ ਕੀਤਾ।

### 1. ਸੱਦਾਮ ਹੁਸੈਨ: ਇਰਾਕ ਦਾ ਤਾਕਤਵਰ ਤਾਨਾਸ਼ਾਹ

ਇਰਾਕ ਦਾ ਪਿਛਲਾ ਰਾਸ਼ਟਰਪਤੀ ਸੱਦਾਮ ਹੁਸੈਨ ਆਧੁਨਿਕ ਇਤਿਹਾਸ ਵਿੱਚ ਫਾਂਸੀ ਲਾਏ ਗਏ ਸਭ ਤੋਂ ਮਸ਼ਹੂਰ ਨੇਤਾਵਾਂ ਵਿੱਚੋਂ ਇੱਕ ਹੈ। 1980 ਅਤੇ 1990 ਦੇ ਦਹਾਕਿਆਂ ਵਿੱਚ ਉਨ੍ਹਾਂ ਨੇ ਇਰਾਕ 'ਤੇ ਹਕੂਮਤ ਕੀਤੀ। ਸੱਦਾਮ ਹੁਸੈਨ 'ਤੇ ਕਈ ਤਰ੍ਹਾਂ ਦੇ ਜ਼ੁਲਮਾਂ ਦੇ ਇਲਜ਼ਾਮ ਲੱਗੇ। 2003 ਵਿੱਚ ਅਮਰੀਕਾ ਨੇ ਇਰਾਕ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਫੜ ਲਿਆ। ਦੋਜੈਲ ਹੱਤਿਆਕਾਂਡ ਲਈ ਮਨੁੱਖਤਾ ਵਿਰੁੱਧ ਅਪਰਾਧਾਂ ਵਿੱਚ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ। 30 ਦਸੰਬਰ 2006 ਨੂੰ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਇਹ ਵੀਡੀਓ ਵਿਸ਼ਵ ਭਰ ਵਿੱਚ ਵਾਇਰਲ ਹੋਇਆ। ਸੱਦਾਮ ਦੇ ਸਮੇਂ ਵਿੱਚ ਇਰਾਕ ਨੇ ਈਰਾਨ ਅਤੇ ਕੁਵੈਤ ਨਾਲ ਜੰਗਾਂ ਲੜੀਆਂ, ਜਿਸ ਵਿੱਚ ਲੱਖਾਂ ਲੋਕ ਮਾਰੇ ਗਏ।

### 2. ਜ਼ੁਲਫਿਕਾਰ ਅਲੀ ਭੁੱਟੋ: ਪਾਕਿਸਤਾਨੀ ਰਾਜਨੀਤੀ ਦਾ ਸਭ ਤੋਂ ਵਿਵਾਦੀ ਫੈਸਲਾ

ਪਾਕਿਸਤਾਨ ਦੇ ਪਿਛਲੇ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਨੂੰ 1979 ਵਿੱਚ ਫਾਂਸੀ ਚੜ੍ਹਾ ਦਿੱਤਾ ਗਿਆ ਸੀ ਅਤੇ ਇਹ ਪਾਕਿਸਤਾਨ ਦੇ ਇਤਿਹਾਸ ਦਾ ਸਭ ਤੋਂ ਵਿਵਾਦੀ ਫੈਸਲਾ ਮੰਨਿਆ ਜਾਂਦਾ ਹੈ। ਭੁੱਟੋ ਦੀ ਫਾਂਸੀ ਬਾਰੇ ਅੱਜ ਵੀ ਪਾਕਿਸਤਾਨ ਵਿੱਚ ਬਹਿਸ ਹੁੰਦੀ ਰਹਿੰਦੀ ਹੈ। ਪਾਕਿਸਤਾਨ ਵਿੱਚ ਉਹ ਲੋਕਤੰਤਰੀ ਰਾਜਨੀਤੀ ਦੇ ਥੰਮ੍ਹਾਂ ਵਿੱਚੋਂ ਗਿਣੇ ਜਾਂਦੇ ਸਨ, ਪਰ ਜਨਰਲ ਜ਼ਿਆ-ਉਲ-ਹੱਕ ਦੀ ਫੌਜੀ ਹਕੂਮਤ ਨੇ ਉਨ੍ਹਾਂ ਨੂੰ ਇੱਕ ਰਾਜਨੀਤਿਕ ਵਿਰੋਧੀ ਦੀ



ਹੱਤਿਆ ਦਾ ਦੋਸ਼ੀ ਠਹਿਰਾਇਆ ਅਤੇ ਫਿਰ ਫਾਂਸੀ ਦੇ ਦਿੱਤੀ। ਭੁੱਟੋ ਦੀ ਫਾਂਸੀ ਰੋਕਣ ਲਈ ਕਈ ਦੇਸ਼ਾਂ ਨੇ ਅਪੀਲ ਕੀਤੀ ਸੀ, ਪਰ ਜ਼ਿਆ-ਉਲ-ਹੱਕ ਨੇ ਕਿਸੇ ਦੀ ਨਹੀਂ ਸੁਣੀ। ਭੁੱਟੋ ਦੀ ਧੀ ਬੇਨਜ਼ੀਰ ਭੁੱਟੋ ਵੀ ਬਾਅਦ ਵਿੱਚ ਪ੍ਰਧਾਨ ਮੰਤਰੀ ਬਣੀ ਅਤੇ ਉਨ੍ਹਾਂ ਦੀ ਪਾਰਟੀ ਅੱਜ ਵੀ ਪਾਕਿਸਤਾਨੀ ਰਾਜਨੀਤੀ ਵਿੱਚ ਮਹੱਤਵਪੂਰਨ ਹੈ। ਇਹ ਫੈਸਲਾ ਪਾਕਿਸਤਾਨ ਵਿੱਚ ਫੌਜੀ ਦਖ਼ਲ ਦਾ ਪ੍ਰਤੀਕ ਬਣ ਗਿਆ।

### 3. ਮੁਹੰਮਦ ਨਜ਼ੀਬੁੱਲ੍ਹਾ: ਤਾਲਿਬਾਨ ਹੱਥੋਂ ਮਿਲੀ ਦਰਦਨਾਕ ਮੌਤ

ਅਫਗਾਨਿਸਤਾਨ ਦੇ ਰਾਸ਼ਟਰਪਤੀ ਰਹੇ ਮੁਹੰਮਦ ਨਜ਼ੀਬੁੱਲ੍ਹਾ ਨੂੰ 1996 ਵਿੱਚ ਤਾਲਿਬਾਨ ਨੇ ਫਾਂਸੀ ਚੜ੍ਹਾ ਦਿੱਤਾ। ਫਾਂਸੀ ਦੇਣ ਤੋਂ ਪਹਿਲਾਂ ਤਾਲਿਬਾਨ ਨੇ ਉਨ੍ਹਾਂ 'ਤੇ ਬਹੁਤ ਜ਼ੁਲਮ ਕੀਤਾ। ਇਹ ਅਫਗਾਨ ਇਤਿਹਾਸ ਦਾ ਸਭ ਤੋਂ ਭਿਆਨਕ ਫੈਸਲਾ ਸੀ ਅਤੇ ਤਾਲਿਬਾਨ ਹਕੂਮਤ ਦੇ ਸਖ਼ਤ ਦਿਨਾਂ ਦੀ ਯਾਦ ਦਿਵਾਉਂਦਾ ਹੈ। ਨਜ਼ੀਬੁੱਲ੍ਹਾ 1987 ਤੋਂ 1992 ਤੱਕ ਅਫਗਾਨਿਸਤਾਨ ਦੇ ਰਾਸ਼ਟਰਪਤੀ ਰਹੇ ਅਤੇ ਸੋਵੀਅਤ ਸਹਾਇਤਾ ਨਾਲ ਹਕੂਮਤ ਕੀਤੀ। ਤਾਲਿਬਾਨ ਨੇ ਕਾਬੁਲ ਫਤਿਹ ਕਰਨ ਤੋਂ ਬਾਅਦ ਉਨ੍ਹਾਂ ਨੂੰ ਫੜ ਲਿਆ ਅਤੇ ਬੇਰਹਿਮੀ ਨਾਲ ਮਾਰ ਦਿੱਤਾ।

### 4. ਇਮਰੇ ਨਾਗੀ: ਸੋਵੀਅਤ ਯੂਨੀਅਨ ਵਿਰੁੱਧ ਖੜ੍ਹੇ ਹੋਣ ਦੀ ਸਜ਼ਾ

1956 ਦੀ ਹੰਗਰੀ ਕ੍ਰਾਂਤੀ ਵਿੱਚ ਪ੍ਰਧਾਨ ਮੰਤਰੀ ਇਮਰੇ ਨਾਗੀ ਦਾ ਨਾਂ ਆਜ਼ਾਦੀ ਅਤੇ ਲੋਕਤੰਤਰ ਦੀ ਆਵਾਜ਼ ਵਜੋਂ ਪੂਰੀ ਦੁਨੀਆਂ ਵਿੱਚ ਛਾ ਗਿਆ ਸੀ। ਉਨ੍ਹਾਂ ਨੇ ਸੋਵੀਅਤ ਯੂਨੀਅਨ ਵਿਰੁੱਧ ਵਿਦਰੋਹ ਦੀ ਅਗਵਾਈ ਕੀਤੀ ਸੀ, ਪਰ ਕ੍ਰਾਂਤੀ ਅਸਫਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਫਿਰ 1958 ਵਿੱਚ ਗੁਪਤ ਮੁਕੱਦਮੇ ਚਲਾ ਕੇ ਪਹਿਲਾਂ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਅਤੇ ਫਿਰ ਫਾਂਸੀ ਦੇ ਦਿੱਤੀ। ਦਹਾਕਿਆਂ ਬਾਅਦ ਉਨ੍ਹਾਂ ਨੂੰ ਕੌਮੀ ਨਾਇਕ ਐਲਾਨਿਆ ਗਿਆ ਅਤੇ 1989 ਵਿੱਚ ਉਨ੍ਹਾਂ ਦੀਆਂ ਅਸਥੀਆਂ ਦਾ ਕੌਮੀ ਸਨਮਾਨ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਨਾਗੀ ਦੀ ਕ੍ਰਾਂਤੀ ਨੇ ਪੂਰਬੀ ਯੂਰਪ ਵਿੱਚ ਕਮਿਊਨਿਜ਼ਮ ਵਿਰੁੱਧ ਵਿਰੋਧ ਨੂੰ ਜਗਾਇਆ ਅਤੇ ਅੱਜ ਵੀ ਹੰਗਰੀ ਵਿੱਚ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ।

### 5. ਐਡੋਲਫ਼ ਹਿਟਲਰ ਦੇ ਸਮਕਾਲੀ ਨੇਤਾ: ਬੈਨੀਟੋ ਮੁਸੋਲੀਨੀ (ਇਟਲੀ) – ਫਾਸ਼ੀਵਾਦ ਦਾ ਅੰਤ

ਇਟਲੀ ਦੇ ਫਾਸ਼ੀਵਾਦੀ ਆਗੂ ਬੈਨੀਟੋ ਮੁਸੋਲੀਨੀ ਨੂੰ 1945 ਵਿੱਚ ਵਿਦਰੋਹੀਆਂ ਨੇ ਫੜ ਲਿਆ ਅਤੇ ਫਾਂਸੀ ਚੜ੍ਹਾ ਦਿੱਤਾ। ਉਹ 1922 ਤੋਂ 1943 ਤੱਕ ਇਟਲੀ ਦੇ ਪ੍ਰਧਾਨ ਮੰਤਰੀ ਰਹੇ ਅਤੇ ਦੂਜੀ ਵਿਸ਼ਵ ਜੰਗ ਵਿੱਚ ਹਿਟਲਰ ਦੇ ਸਾਥੀ ਬਣੇ। ਉਨ੍ਹਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਇਹ ਘਟਨਾ ਯੂਰਪ ਵਿੱਚ ਫਾਸ਼ਿਜ਼ਮ ਦੇ ਅੰਤ ਦਾ ਪ੍ਰਤੀਕ ਬਣ ਗਈ ਅਤੇ ਲੱਖਾਂ ਲੋਕਾਂ ਨੂੰ ਰਾਹਤ ਮਿਲੀ। ਮੁਸੋਲੀਨੀ ਦੇ ਸਮੇਂ ਇਟਲੀ ਨੇ ਅਫ਼ਰੀਕਾ ਅਤੇ ਯੂਰਪ ਵਿੱਚ ਵਿਸਥਾਰ ਕੀਤਾ।

### 6. ਹਿਡੇਕੀ ਤੋਜੋ: ਜਾਪਾਨ ਦੇ ਜੰਗੀ ਪ੍ਰਧਾਨ ਮੰਤਰੀ ਦਾ ਅੰਤ

ਦੂਜੀ ਵਿਸ਼ਵ ਜੰਗ ਦੌਰਾਨ ਜਾਪਾਨ ਦੇ ਪ੍ਰਧਾਨ ਮੰਤਰੀ ਰਹੇ ਜਨਰਲ ਹਿਡੇਕੀ ਤੋਜੋ ਨੂੰ ਜੰਗੀ ਅਪਰਾਧਾਂ, ਮਨੁੱਖਤਾ ਵਿਰੁੱਧ ਅਪਰਾਧਾਂ ਅਤੇ ਹਮਲਾਵਰ ਫੌਜੀ ਮੁਹਿੰਮਾਂ ਚਲਾਉਣ ਲਈ ਦੋਸ਼ੀ ਠਹਿਰਾਇਆ ਗਿਆ। ਟੋਕੀਓ ਟ੍ਰਾਇਲਜ਼ ਤੋਂ ਬਾਅਦ 1948 ਵਿੱਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਤੋਜੋ ਵਿਸ਼ਵ ਇਤਿਹਾਸ ਦੇ ਉਨ੍ਹਾਂ ਨੇਤਾਵਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੂੰ ਲੱਖਾਂ ਲੋਕਾਂ ਦੀ ਮੌਤ ਅਤੇ ਭਿਆਨਕ ਵਿਨਾਸ਼ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਪਰਲ ਹਾਰਬਰ ਹਮਲੇ ਦੀ ਯੋਜਨਾ ਬਣਾਈ ਅਤੇ ਏਸ਼ੀਆ ਵਿੱਚ ਜਾਪਾਨੀ ਵਿਸਥਾਰ ਦੀ ਅਗਵਾਈ ਕੀਤੀ, ਜਿਸ ਨਾਲ 20 ਮਿਲੀਅਨ ਤੋਂ ਵੱਧ ਲੋਕ ਮਾਰੇ ਗਏ।

### 7. ਨਿਕੋਲਾ ਚਾਊਸ਼ੇਸਕੂ: ਰੋਮਾਨੀਆ ਦੇ ਤਾਨਾਸ਼ਾਹ ਦਾ ਅਚਾਨਕ ਪਤਨ

ਰੋਮਾਨੀਆ ਦੇ ਰਾਸ਼ਟਰਪਤੀ ਨਿਕੋਲਾ ਚਾਊਸ਼ੇਸਕੂ ਨੂੰ 1989 ਦੀ ਕ੍ਰਾਂਤੀ ਦੌਰਾਨ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਪਤਨੀ ਐਲੇਨਾ ਨਾਲ ਮਿਲ ਕੇ ਫੌਜੀ ਅਦਾਲਤ ਨੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ। ਕ੍ਰਿਸਮਸ ਦੇ ਦਿਨ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ। ਯੂਰਪ ਵਿੱਚ ਗੋਲੀਆਂ ਮਾਰਨ ਵਾਲੀ ਸਜ਼ਾ ਵੀ 'ਫਾਂਸੀ' ਦੀ ਸ਼੍ਰੇਣੀ ਵਿੱਚ ਆਉਂਦੀ ਹੈ, ਇਸ ਲਈ ਇਸ ਨੂੰ ਫਾਂਸੀ ਦੀ ਸਜ਼ਾ ਹੀ ਕਿਹਾ ਜਾਂਦਾ ਹੈ। ਚਾਊਸ਼ੇਸਕੂ ਦੇ ਪਤਨ ਨੇ ਪੂਰਬੀ ਯੂਰਪ ਵਿੱਚ ਕਮਿਊਨਿਸਟ ਹਕੂਮਤਾਂ ਦੇ ਅੰਤ ਦਾ ਰਾਹ ਖੋਲ੍ਹ ਦਿੱਤਾ। ਉਨ੍ਹਾਂ ਨੇ 1965 ਤੋਂ 1989 ਤੱਕ ਰੋਮਾਨੀਆ 'ਤੇ ਤਾਨਾਸ਼ਾਹੀ ਕੀਤੀ ਅਤੇ ਆਰਥਿਕ ਨੀਤੀਆਂ ਨਾਲ ਲੋਕਾਂ ਨੂੰ ਭੁੱਖਾ ਰੱਖਿਆ। ਉਨ੍ਹਾਂ ਦੀ ਮੌਤ ਨੇ ਬਰਲਿਨ ਵਾਲ ਨੂੰ ਵੀ ਪ੍ਰਭਾਵਿਤ ਕੀਤਾ।

### 8. ਮਕਸੂਦ ਬਿਨ ਅਬਦੁਲ ਅਜ਼ੀਜ਼: ਸਾਊਦੀ ਅਰਬ ਦਾ ਰਾਜਕੁਮਾਰ

1975 ਵਿੱਚ ਸਾਊਦੀ ਅਰਬ ਦੇ ਰਾਜਕੁਮਾਰ ਮਕਸੂਦ ਬਿਨ ਅਬਦੁਲ ਅਜ਼ੀਜ਼ ਨੂੰ ਇੱਕ ਪ੍ਰੇਮ ਸੰਬੰਧ ਨਾਲ ਜੁੜੀ ਵਿਵਾਦੀ ਘਟਨਾ ਲਈ ਮੌਤ ਦੀ ਸਜ਼ਾ ਦੇ ਦਿੱਤੀ ਗਈ। ਉਨ੍ਹਾਂ ਨੂੰ ਖੁੱਲ੍ਹੇ ਵਿੱਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਉਨ੍ਹਾਂ ਦਾ ਮਾਮਲਾ ਕਈ ਮਹੀਨਿਆਂ ਤੱਕ ਅੰਤਰਰਾਸ਼ਟਰੀ ਸੁਰਖੀਆਂ ਵਿੱਚ ਰਿਹਾ ਅਤੇ ਸ਼ਾਹੀ ਪਰਿਵਾਰ ਵਿੱਚ ਅਨੁਸ਼ਾਸਨ ਅਤੇ ਕਾਨੂੰਨ ਦੀ ਸਖ਼ਤੀ ਦਾ ਪ੍ਰਤੀਕ ਬਣ ਗਿਆ। ਇਹ ਘਟਨਾ ਸਾਊਦੀ ਅਰਬ ਦੇ ਇਸਲਾਮੀ ਕਾਨੂੰਨਾਂ (ਸ਼ਰੀਅਤ) ਨੂੰ ਦਰਸਾਉਂਦੀ ਹੈ, ਜਿੱਥੇ ਅਜਿਹੇ ਅਪਰਾਧਾਂ ਲਈ ਸਖ਼ਤ ਸਜ਼ਾਵਾਂ ਹੁੰਦੀਆਂ ਹਨ। ਰਾਜਕੁਮਾਰ ਹੋਣ 'ਤੇ ਵੀ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਗਿਆ।

### 9. ਨਿਕੋਲਸ ਮੋਰੋਜ਼ੋਵ: ਰੋਮਾਨੀਆ ਦੇ ਪ੍ਰਧਾਨ ਮੰਤਰੀ

ਰੋਮਾਨੀਆ ਦੇ ਪ੍ਰਧਾਨ ਮੰਤਰੀ ਨਿਕੋਲਸ ਮੋਰੋਜ਼ੋਵ ਨੂੰ 1940 ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਉਨ੍ਹਾਂ ਵਿਰੁੱਧ ਫੌਜੀ ਵਿਦਰੋਹ, ਰਾਜਨੀਤਿਕ ਸਾਜ਼ਿਸ਼ ਅਤੇ ਰਾਸ਼ਟਰ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਰਗੇ ਇਲਜ਼ਾਮ ਲੱਗੇ ਸਨ। ਸੱਤਾ ਦੀ ਲੜਾਈ ਅਤੇ ਫੌਜੀ ਅਸਥਿਰਤਾ ਦੇ ਦੌਰ ਵਿੱਚ ਉਨ੍ਹਾਂ ਨੂੰ ਇੱਕ ਮੁਕੱਦਮੇ ਤੋਂ ਤੁਰੰਤ ਬਾਅਦ ਫਾਂਸੀ ਦੇ ਦਿੱਤੀ ਗਈ। ਇਹ ਘਟਨਾ ਰੋਮਾਨੀਆ ਦੀ ਰਾਜਨੀਤੀ ਵਿੱਚ ਬਹੁਤ ਉਥਲ-ਪੁਥਲ ਦਾ ਪ੍ਰਤੀਕ ਬਣ ਗਈ।

### 10. ਹੋਸਨੀ ਜੈਮ: ਸੀਰੀਆ ਦੇ ਰਾਸ਼ਟਰਪਤੀ

ਸੀਰੀਆ ਦੇ ਰਾਸ਼ਟਰਪਤੀ ਹੋਸਨੀ ਜੈਮ ਨੂੰ 1949 ਵਿੱਚ ਫਾਂਸੀ ਦੇ ਦਿੱਤੀ ਗਈ। ਉਹ ਇੱਕ ਫੌਜੀ ਤਖ਼ਤਾਪਲਟ ਰਾਹੀਂ ਸੱਤਾ ਵਿੱਚ ਆਏ ਸਨ, ਪਰ ਮਹਿਜ਼ ਚਾਰ ਮਹੀਨਿਆਂ ਵਿੱਚ ਹੀ ਉਨ੍ਹਾਂ ਨੂੰ ਹੋਰ ਇੱਕ ਤਖ਼ਤਾਪਲਟ ਦਾ ਸਾਹਮਣਾ ਕਰਨਾ ਪਿਆ। ਨਵੀਂ ਫੌਜੀ ਹਕੂਮਤ ਨੇ ਉਨ੍ਹਾਂ ਨੂੰ ਦੇਸ਼ਧ੍ਰੋਹ ਅਤੇ ਸੱਤਾ ਦੇ ਦੁਰਉਪਯੋਗ ਲਈ ਦੋਸ਼ੀ ਠਹਿਰਾਇਆ ਤੇ ਗੋਲੀ ਮਾਰ ਕੇ ਮਾਰ ਦਿੱਤਾ। ਜੈਮ ਨੇ ਸੀਰੀਆ ਵਿੱਚ ਆਧੁਨੀਕੀਕਰਨ ਦੀ ਕੋਸ਼ਿਸ਼ ਕੀਤੀ, ਪਰ ਅੰਦਰੂਨੀ ਫ਼ੌਜੀ ਕਲੇਸ਼ ਨੇ ਉਨ੍ਹਾਂ ਨੂੰ ਖਤਮ ਕਰ ਦਿੱਤਾ। ਇਹ ਘਟਨਾ ਅਰਬ ਦੁਨੀਆਂ ਵਿੱਚ ਫੌਜੀ ਤਖ਼ਤਾਪਲਟਾਂ ਦੀਆਂ ਚੱਲਣ ਵਾਲੀਆਂ ਲੜਾਈਆਂ ਨੂੰ ਦਰਸਾਉਂਦੀ ਹੈ।

ਇਨ੍ਹਾਂ ਫੈਸਲਿਆਂ ਨੇ ਨਾ ਸਿਰਫ਼ ਨੇਤਾਵਾਂ ਨੂੰ ਖਤਮ ਕੀਤਾ, ਸਗੋਂ ਉਨ੍ਹਾਂ ਦੇ ਦੇਸ਼ਾਂ ਦੀ ਰਾਜਨੀਤੀ ਨੂੰ ਵੀ ਬਦਲ ਦਿੱਤਾ। ਸ਼ੇਖ ਹਸੀਨਾ ਦਾ ਮਾਮਲਾ ਵੀ ਬੰਗਲਾਦੇਸ਼ ਵਿੱਚ ਲੋਕਤੰਤਰ ਅਤੇ ਨਿਆਂ ਦੇ ਸਵਾਲ ਖੜ੍ਹੇ ਕਰ ਰਿਹਾ ਹੈ। ਅੰਤਰਰਾਸ਼ਟਰੀ ਸੰਸਥਾਵਾਂ ਨੇ ਇਸ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ ਤਾਂ ਜੋ ਨਿਆਂ ਹੋ ਸਕੇ। ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ ਸੱਤਾ ਦੀ ਲੜਾਈ ਕਿੰਨੀ ਖ਼ਤਰਨਾਕ ਹੋ ਸਕਦੀ ਹੈ!

# ਕੀ ਹਾਈਜੈਕ ਹੋ ਗਿਐ ਲੋਕਤੰਤਰ?

ਇਹ ਨਿਰਪੱਖ ਚੋਣਾਂ ਦੇ ਵਿਰੁੱਧ ਹੈ। ਪਰ ਬਿਹਾਰ ਵਿੱਚ ਇਹ ਸਭ ਮਾਡਲ ਕੋਡ ਆਫ ਕੰਡਕਟ ਲਾਗੂ ਹੋਣ ਤੋਂ ਬਾਅਦ ਵੀ ਹੋਇਆ।"

### ਵਿਰੋਧੀ ਧਿਰ ਦੀਆਂ ਨਾਕਾਮੀਆਂ

ਦੂਜੇ ਪੱਖ ਵੱਲ ਵੇਖੀਏ ਤਾਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਅਗਵਾਈ ਵਾਲੀ ਭਾਜਪਾ ਤੋਂ ਦਸ ਸਾਲਾਂ ਤੋਂ ਵੱਧ ਸਮੇਂ ਬਾਅਦ ਵੀ ਵਿਰੋਧੀ ਪਾਰਟੀਆਂ ਕਿਉਂ ਹਾਰਦੀਆਂ ਰਹਿੰਦੀਆਂ ਹਨ? ਪਹਿਲੀ ਗੱਲ ਇਹ ਹੈ ਕਿ ਵਿਰੋਧੀ ਧਿਰ ਖ਼ੁਦ ਨੂੰ ਭਾਜਪਾ ਦਾ ਨੈਤਿਕ ਵਿਰੋਧੀ ਸਾਬਤ ਹੀ ਨਹੀਂ ਕਰ ਸਕੀ। ਵਿਰੋਧੀ ਧਿਰ ਨੇ ਭਾਜਪਾ ਨੂੰ ਹਰਾਉਣ ਲਈ ਪੁਰਾਣੀਆਂ ਕੋਸ਼ਿਸ਼ਾਂ ਵਾਰ-ਵਾਰ ਨਾਕਾਮ ਹੋਣ ਤੋਂ ਬਾਅਦ ਵੀ ਕੋਈ ਨਵੀਂ ਰਣਨੀਤੀ ਨਹੀਂ ਬਣਾਈ। ਨਾ ਹੀ ਵਿਰੋਧੀ ਏਕਤਾ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਤਾਂ ਜੋ ਅਹਿਮ ਸਮੇਂ 'ਤੇ ਆਪਸ ਵਿੱਚ ਝਗੜੇ ਨਾ ਹੋਣ।

ਵਿਰੋਧੀ ਪਾਰਟੀਆਂ ਜ਼ਿਆਦਾਤਰ ਕਿਸੇ ਨਾ ਕਿਸੇ ਸਮੇਂ ਸੱਤਾ ਵਿੱਚ ਰਹਿ ਚੁੱਕੀਆਂ ਹਨ ਅਤੇ ਉਸ ਦਾ ਆਨੰਦ ਲੈਂਦਿਆਂ ਉਨ੍ਹਾਂ ਨੇ ਵੀ ਲੋਕਤੰਤਰ ਨੂੰ ਮਜਬੂਤ ਨਹੀਂ ਕੀਤਾ। ਇਸ ਲਈ ਭਾਜਪਾ ਦਾ ਸਵਾਲ ਕਿ 'ਤੁਸੀਂ ਸੱਤਾ ਵਿੱਚ ਜਦੋਂ ਸੀ ਤਾਂ ਕੀ ਕੀਤਾ?' ਉਨ੍ਹਾਂ ਨੂੰ ਚੁੱਪ ਕਰਾ ਦਿੰਦਾ ਹੈ।

ਸੀਨੀਅਰ ਪੱਤਰਕਾਰ ਸ਼ੀਤਲ ਪੀ. ਸਿੰਘ ਕਹਿੰਦੇ ਹਨ ਕਿ ਆਪੋਜੀਸ਼ਨ ਅਜੇ ਵੀ ਭਾਜਪਾ ਬਾਰੇ ਗਲਤਫਹਿਮੀ ਵਿੱਚ ਹੈ। ਉਸ ਨੂੰ ਲੱਗਦਾ ਹੈ ਕਿ ਭਾਜਪਾ ਬਦਨਾਮ ਹੋ ਜਾਵੇਗੀ ਤਾਂ ਲੋਕ ਖ਼ੁਦ ਉਸ ਵਿਰੁੱਧ ਉੱਠ ਜਾਣਗੇ ਅਤੇ ਉਨ੍ਹਾਂ ਨੂੰ ਮੌਕਾ ਮਿਲ ਜਾਵੇਗਾ। ਸ਼ੀਤਲ ਪੀ. ਸਿੰਘ ਅਨੁਸਾਰ, 'ਆਪੋਜੀਸ਼ਨ ਨੂੰ ਨਹੀਂ ਪਤਾ ਕਿ ਇਹ ਲੋਕ ਕੌਣ ਹਨ ਅਤੇ ਕੀ-ਕੀ ਕਰ ਸਕਦੇ ਹਨ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਉਹ ਲੋਕ ਹਨ, ਜੋ ਗਾਂਧੀ ਜੀ ਦੀ ਹੱਤਿਆ ਤੋਂ ਸ਼ੁਰੂ ਹੋ ਕੇ ਅੰਗਰੇਜ਼ਾਂ ਦੀ ਦਲਾਲੀ ਤੱਕ, ਦੋ-ਰਾਸ਼ਟਰਵਾਦ ਨੂੰ ਥੋਪਦੇ ਹਨ। ਉਹ ਗਲਤੀਆਂ ਲਈ ਲਾਸ਼ਾਂ, ਮੁਰਦੇ, ਅਤੀਤ ਅਤੇ ਇਤਿਹਾਸ ਨੂੰ ਖੋਜਦੇ ਹਨ। ਉਨ੍ਹਾਂ ਨੇ ਮੀਡੀਆ ਨੂੰ ਵੀ ਲੋਕਾਂ ਦਾ ਦੁਸ਼ਮਣ ਬਣਾ ਕੇ ਵਿਰੋਧੀਆਂ ਨੂੰ ਡਰਾਉਣ, ਧਮਕਾਉਣ ਲਈ ਲਗਾ ਦਿੱਤਾ ਹੈ। ਸੱਤਾ ਦੀ ਦੁਰਵਰਤੋਂ ਉਹ ਆਪੋਜੀਸ਼ਨ ਦੀ ਕਲਪਨਾ ਤੋਂ ਵੀ ਵੱਧ ਕਰਦੇ ਹਨ।'

ਕੋਈ ਇਸ ਨਾਲ ਸਹਿਮਤ ਹੋਵੇ ਜਾਂ ਨਾ, ਪਰ ਸਵਾਲ ਇਹ ਹੈ ਕਿ ਕੀ ਆਪੋਜੀਸ਼ਨ ਦਾ ਕੰਮ ਵੋਟ ਚੋਰੀ ਜਾਂ ਸੱਤਾ ਪੱਖ ਦੀਆਂ ਅਨੈਤਿਕਤਾਵਾਂ ਅਤੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਤੱਕ ਹੀ ਸੀਮਿਤ ਹੈ? ਜੇ ਨਹੀਂ ਤਾਂ ਉਹ ਇਸ ਨੂੰ ਰੋਕਣ ਲਈ ਕਿਉਂ ਗੰਭੀਰ ਨਹੀਂ?



**ਸਾਬਕਾ ਸਟੇਟ ਰਿਪ੍ਰਜ਼ੈਂਟੇਟਿਵ ਅਤੇ 2026 ਵਿੱਚ ਹੋ ਰਹੀਆਂ ਆਮ ਚੋਣਾਂ ਦੌਰਾਨ ਯੂ.ਐਸ. ਹਾਊਸ ਲਈ ਇਲੀਨਾਏ ਡਿਸਟ੍ਰਿਕਟ-8 ਤੋਂ ਡੈਮੋਕ੍ਰੇਟਿਕ ਉਮੀਦਵਾਰ ਮੇਲਿਸਾ ਬੀਨ ਲੰਘੇ ਐਤਵਾਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਪਹੁੰਚੀ। ਇਸ ਮੌਕੇ ਉਨ੍ਹਾਂ ਸਿੱਖ ਭਾਈਚਾਰੇ ਤੋਂ ਸਹਿਯੋਗ ਦੀ ਉਮੀਦ ਪ੍ਰਗਟਾਉਂਦਿਆਂ ਭਰੋਸਾ ਦਿੱਤਾ ਕਿ ਉਹ 'ਓਬਾਮਾਕੇਅਰ' ਲਈ ਮੁੜ ਆਵਾਜ਼ ਬੁਲੰਦ ਕਰੇਗੀ, ਕਿਉਂਕਿ ਉਹ ਜਾਣਦੀ ਹੈ ਕਿ ਲੋੜਵੰਦ ਜ਼ਿੰਦਗੀਆਂ ਇਸ 'ਤੇ ਨਿਰਭਰ ਕਰਦੀਆਂ ਹਨ। ਮੇਲਿਸਾ ਬੀਨ ਗੁਰਦੁਆਰਾ ਪੈਲਾਟਾਈਨ ਵਿਖੇ ਡੈਮੋਕ੍ਰੇਟਿਕ ਪਾਰਟੀ ਦੇ ਸਮਰਥਕ ਬਲਵਿੰਦਰ ਸਿੰਘ ਅਤੇ ਆਪਣੇ ਦੋ ਹੋਰ ਸਾਥੀਆਂ ਨਾਲ ਆਏ ਸਨ। ਤਸਵੀਰ ਵਿੱਚ ਮੇਲਿਸਾ ਬੀਨ ਸਥਾਨਕ ਭਾਈਚਾਰੇ ਦੇ ਕੁਝ ਸੱਜਣਾਂ- ਜੈਦੇਵ ਸਿੰਘ ਭੱਠਲ, ਪਰਮਿੰਦਰ ਸਿੰਘ ਵਾਲੀਆ, ਇੰਦਰਮੋਹਨ ਸਿੰਘ ਛਾਬੜਾ, ਸੁੱਖਰਾਜ ਤੱਖਰ, ਯਾਦਵਿੰਦਰ ਸਿੰਘ ਗਰੇਵਾਲ ਤੇ ਹੋਰਨਾਂ ਨਾਲ।** *(ਤਸਵੀਰ ਤੇ ਵੇਰਵਾ: ਕੁਲਜੀਤ ਦਿਆਲਪੁਰੀ)*

# ਪੰਜਾਬ ਨੂੰ ਅਸ਼ਾਂਤ ਕਰਨ ਦੀ ਨਵੀਂ ਸਾਜ਼ਿਸ਼ !

## *ਆਈ.ਐੱਸ.ਆਈ. ਦਾ ਨਵਾਂ ਪੈਂਤੜਾ- ਬੇਰੁਜ਼ਗਾਰ ਅਤੇ ਜੇਲ੍ਹਾਂ ਵਿੱਚ ਬੰਦ ਨੌਜਵਾਨਾਂ ਨੂੰ ਬਣਾ ਰਿਹੈ ਦਹਿਸ਼ਤਗਰਦ*

**ਪੰਜਾਬੀ ਪਰਵਾਜ਼ ਬਿਊਰੋ**

ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਲੰਮੇ ਸਮੇਂ ਤੋਂ ਪੰਜਾਬ ਨੂੰ ਅਸ਼ਾਂਤ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਵਿਦੇਸ਼ਾਂ ਵਿੱਚ ਬੈਠੇ ਹੈਂਡਲਰਾਂ ਰਾਹੀਂ ਰਾਜ ਵਿੱਚ ਦਹਿਸ਼ਤੀ ਸਰਗਰਮੀਆਂ ਨੂੰ ਹਵਾ ਦਿੱਤੀ ਜਾ ਰਹੀ ਹੈ। ਸਰਹੱਦ ਪਾਰੋਂ ਹਥਿਆਰਾਂ ਦੀ ਸਪਲਾਈ ਵਧਦੀ ਜਾ ਰਹੀ ਹੈ, ਜਿਸ ਨੂੰ ਰੋਕਣਾ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਲਈ ਵੱਡੀ ਚੁਣੌਤੀ ਬਣ ਰਿਹਾ ਹੈ। ਨਾਲ ਹੀ ਦਹਿਸ਼ਤਗਰਦਾਂ ਅਤੇ ਗੈਂਗਸਟਰਾਂ ਦੇ ਗਠਜੋੜ ਨੇ ਵੀ ਇਸ ਚੁਣੌਤੀ ਨੂੰ ਵਧਾ ਦਿੱਤਾ ਹੈ।

ਕੁੱਝ ਦਿਨ ਪਹਿਲਾਂ ਲੁਧਿਆਣਾ ਵਿੱਚ ਫੜੇ ਗਏ ਅਤਿਵਾਦੀ ਮਡਿਊਲ ਦੇ ਖੁਲਾਸੇ ਤੋਂ ਬਾਅਦ ਇਹ ਪੂਰਾ ਗਠਜੋੜ ਸਾਹਮਣੇ ਆਇਆ ਹੈ। ਇਸ ਅਨੁਸਾਰ ਮਲੇਸ਼ੀਆ, ਫਰਾਂਸ, ਕੈਨੇਡਾ, ਬ੍ਰਿਟੇਨ, ਜਰਮਨੀ ਅਤੇ ਅਮਰੀਕਾ ਤੋਂ ਪੂਰਾ ਨੈੱਟਵਰਕ ਕੰਮ ਕਰ ਰਿਹਾ ਹੈ। ਨੈੱਟਵਰਕ ਨੂੰ ਮਜਬੂਤ ਕਰਨ ਲਈ ਪੰਜਾਬ ਵਿੱਚ ਛੋਟੇ-ਮੋਟੇ ਅਪਰਾਧਾਂ ਵਿੱਚ ਸ਼ਾਮਲ ਨੌਜਵਾਨਾਂ ਨੂੰ ਫਸਾਇਆ ਜਾ ਰਿਹਾ ਹੈ।

ਮਲੇਸ਼ੀਆ ਵਿੱਚ ਬੈਠੇ ਹੈਂਡਲਰ ਆਈ.ਐੱਸ.ਆਈ. ਦੇ ਇਸ਼ਾਰੇ 'ਤੇ ਪੰਜਾਬ ਵਿੱਚ ਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਧਮਾਕੇ ਕਰਨ ਦੀ ਸਾਜ਼ਿਸ਼ ਰਚ ਰਹੇ ਸਨ। ਇਨ੍ਹਾਂ ਹਮਲਿਆਂ ਦੀ ਯੋਜਨਾ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕੈਦੀ ਬਣਾ ਰਹੇ ਸਨ। ਆਈ.ਐੱਸ.ਆਈ. ਵੱਲੋਂ ਇਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਜਾਂਦੀ ਹੈ।

ਇਹ ਪਹਿਲੀ ਵਾਰ ਨਹੀਂ ਹੈ। ਇਸ ਤੋਂ ਪਹਿਲਾਂ ਵੀ ਪਾਕਿਸਤਾਨ ਦੀ ਖੁਫੀਆ ਏਜੰਸੀ ਪੰਜਾਬ ਵਿੱਚ ਅਤਿਵਾਦ ਫੈਲਾਉਣ ਅਤੇ ਮਾਹੌਲ ਖਰਾਬ ਕਰਨ ਲਈ ਲਗਾਤਾਰ ਸਾਜ਼ਿਸ਼ਾਂ ਰਚਦੀ ਰਹੀ ਹੈ। ਪਿਛਲੇ ਮਹੀਨੇ ਹੀ ਅੰਮ੍ਰਿਤਸਰ ਦੇਹਾਤੀ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਇੱਕ ਖੁਫੀਆ ਜਾਣਕਾਰੀ ਆਧਾਰ 'ਤੇ ਦੋ ਅਤਿਵਾਦੀ ਆਪ੍ਰੇਟਿਵ ਨੂੰ ਗ੍ਰਿਫਤਾਰ ਕੀਤਾ ਸੀ। ਮੁਲਜਮਾਂ ਦੇ ਨਾਮ ਮਹਿਕਦੀਪ ਅਤੇ ਆਦਿਤਿਆ ਹਨ। ਦੋਵੇਂ ਹੀ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਪੁਲਿਸ ਨੇ ਦੋਸ਼ੀਆਂ ਕੋਲੋਂ ਇੱਕ ਰਾਕੇਟ ਪ੍ਰੋਪੈਲਡ ਗ੍ਰੇਨੇਡ (ਆਰ.ਪੀ.ਜੀ.) ਵੀ ਬਰਾਮਦ ਕੀਤਾ ਸੀ।

ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਦੋਵੇਂ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਦੇ ਇੱਕ ਏਜੰਟ ਦੇ ਸੰਪਰਕ ਵਿੱਚ ਸਨ, ਜਿਸ ਨੇ ਇਹ ਹਥਿਆਰ ਭਾਰਤ ਭੇਜੇ ਸਨ। ਇਸੇ ਤਰ੍ਹਾਂ ਅੰਮ੍ਰਿਤਸਰ ਵਿੱਚ ਪੁਲਿਸ ਨੇ ਮਈ ਮਹੀਨੇ ਵਿੱਚ ਪੰਜ ਬਦਮਾਸ਼ਾਂ ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਕੋਲੋਂ ਹੈਂਡ ਗ੍ਰੇਨੇਡ, ਪਿਸਟਲ, ਮੈਗਜ਼ੀਨ ਅਤੇ ਕਾਰਤੂਸ ਮਿਲੇ ਸਨ, ਇਨ੍ਹਾਂ ਨੇ ਥਾਣੇ 'ਤੇ ਹੈਂਡ ਗ੍ਰੇਨੇਡ ਹਮਲਾ ਕਰਨ ਦੀ ਯੋਜਨਾ ਬਣਾਈ ਸੀ। ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ., ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਅਤੇ ਗੈਂਗਸਟਰ ਜੀਵਨ ਫੌਜੀ ਦੇ 'ਟੈਰਰ ਮਡਿਊਲ' ਨੇ ਇਸ ਦੀ ਪੂਰੀ ਯੋਜਨਾਬੰਦੀ ਕੀਤੀ ਸੀ।

### ਇਸ ਤਰ੍ਹਾਂ ਕੰਮ ਕਰ ਰਿਹਾ ਹੈ ਪੂਰਾ ਨੈੱਟਵਰਕ

ਆਈ.ਐੱਸ.ਆਈ. ਵਿਦੇਸ਼ਾਂ ਵਿੱਚ ਬੈਠੇ ਆਪਣੇ ਹੈਂਡਲਰਾਂ ਰਾਹੀਂ ਪੂਰਾ ਨੈੱਟਵਰਕ ਚਲਾ ਰਹੀ ਹੈ। ਮਲੇਸ਼ੀਆ, ਬ੍ਰਿਟੇਨ, ਅਮਰੀਕਾ, ਜਰਮਨੀ ਅਤੇ ਅਮਰੀਕਾ ਵਿੱਚ ਬੈਠੇ ਹੈਂਡਲਰ ਪੰਜਾਬ ਵਿੱਚ ਅਤਿਵਾਦੀ ਘਟਨਾਵਾਂ ਨੂੰ ਅੰਜਾਮ ਦੇਣ ਦੀ ਜ਼ਿੰਮੇਵਾਰੀ ਆਪਣੇ ਏਜੰਟਾਂ ਨੂੰ ਸੌਂਪ ਰਹੇ ਹਨ। ਖੁਫੀਆ ਏਜੰਸੀਆਂ ਅਨੁਸਾਰ ਪੰਜਾਬ ਵਿੱਚ ਜੇਲ੍ਹਾਂ ਵਿੱਚ ਛੋਟੇ-ਮੋਟੇ ਅਪਰਾਧਾਂ ਵਿੱਚ ਬੰਦ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਅਤਿਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਬਾਹਰ ਭੇਜਣ ਦੇ ਸੁਪਨੇ ਵਿਖਾ ਕੇ ਵੀ ਅਤਿਵਾਦ ਦੇ ਜਾਲ਼ ਵਿੱਚ ਫਸਾਇਆ ਜਾ ਰਿਹਾ ਹੈ। ਖੁਫੀਆ ਏਜੰਸੀਆਂ ਅਨੁਸਾਰ ਆਈ.ਐੱਸ.ਆਈ. ਸਰਹੱਦ ਪਾਰੋਂ ਹਥਿਆਰ, ਵਿਸਫੋਟਕ ਸਮੱਗਰੀ ਅਤੇ ਪੈਸੇ ਭੇਜ ਕੇ ਪੰਜਾਬ ਵਿੱਚ ਸਲੀਪਰ ਸੈੱਲ ਤਿਆਰ ਕਰ ਰਹੀ ਹੈ। ਨੌਜਵਾਨਾਂ ਦੀ ਵੱਡੇ ਪੱਧਰ 'ਤੇ ਭਰਤੀ ਅਤੇ ਲੌਜਿਸਟਿਕ ਸਪੋਰਟ ਤਿਆਰ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਏਜੰਸੀਆਂ ਨੂੰ ਸ਼ੱਕ ਹੈ ਕਿ ਮਨੀ ਲਾਂਡਰਿੰਗ ਅਤੇ ਹਵਾਲਾ ਚੈਨਲ ਰਾਹੀਂ ਫੰਡਿੰਗ ਦਾ ਨੈੱਟਵਰਕ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

### ਵਿਦੇਸ਼ਾਂ ਵਿੱਚ ਲੁਕੇ ਬੈਠੇ ਹਨ ਦਹਿਸ਼ਤਗਰਦ ਅਤੇ ਗੈਂਗਸਟਰ

•ਬਹੁਤ ਸਾਰੇ ਲੋੜੀਂਦੇ ਦਹਿਸ਼ਤਗਰਦ ਅਤੇ ਗੈਂਗਸਟਰ ਵਿਦੇਸ਼ਾਂ ਵਿੱਚ ਬੈਠੇ ਹਨ ਤੇ ਉੱਥੋਂ ਪੰਜਾਬ ਵਿੱਚ ਅਤਿਵਾਦੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਬੀ.ਕੇ.ਆਈ. ਦਾ ਹੈਂਡਲਰ ਸਤਨਾਮ ਸਿੰਘ ਸੱਤਾ ਫਰਾਂਸ ਵਿੱਚ ਹੈ, ਜਦਕਿ ਜਸਵਿੰਦਰ ਸਿੰਘ ਮੰਨੂੰ ਗ੍ਰੀਸ ਵਿੱਚ ਬੈਠਾ ਹੈ।

•ਇਸੇ ਤਰ੍ਹਾਂ ਸਤਿੰਦਰਜੀਤ ਸਿੰਘ ਗੋਲਡੀ ਬਰਾੜ ਅਮਰੀਕਾ ਵਿੱਚ ਹੈ। ਗੋਲਡੀ ਬਰਾੜ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਮਾਸਟਰਮਾਈਂਡ ਦੱਸਿਆ ਜਾਂਦਾ ਹੈ। ਬਿਸ਼ਨੋਈ ਗੈਂਗ ਨਾਲ ਜੁੜੇ ਬਰਾੜ ਦੇ ਬੱਬਰ ਖਾਲਸਾ ਨਾਲ ਵੀ ਰਿਸ਼ਤੇ ਹਨ।

•ਅਰਸ਼ਦੀਪ ਸਿੰਘ ਅਰਸ਼ ਉਪਨਾਮ ਡੱਲਾ ਭੱਜ ਕੇ ਕੈਨੇਡਾ ਪਹੁੰਚ ਗਿਆ ਸੀ। ਅਮਰੀਕਾ ਵਿੱਚ ਬੈਠਾ ਅੰਮ੍ਰਿਤ ਬਲ ਭਾਰਤ ਵਿੱਚ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਰਿਹਾ ਹੈ।

•ਕੈਨੇਡਾ ਵਿੱਚ ਰਹਿ ਰਿਹਾ ਲੰਡਾ ਵੀ ਲਗਾਤਾਰ ਸਰਗਰਮ ਹੈ। ਮੋਹਾਲੀ ਵਿੱਚ ਇੰਟੈਲੀਜੈਂਸ ਹੈਡਕੁਆਟਰ ਅਤੇ ਤਰਨਤਾਰਨ ਜ਼ਿਲ੍ਹੇ ਦੇ ਇੱਕ ਪੁਲਿਸ ਸਟੇਸ਼ਨ 'ਤੇ ਹਮਲਿਆਂ ਵਿੱਚ ਲੰਡੇ ਦਾ ਹੱਥ ਸੀ।

•ਹਰਵਿੰਦਰ ਸਿੰਘ ਰਿੰਡਾ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਰਿੰਡਾ ਨੇ ਵਿਦਿਆਰਥੀ ਰਾਜਨੀਤੀ ਵਜੋਂ ਕਰੀਅਰ ਸ਼ੁਰੂ ਕੀਤਾ ਸੀ, ਪਰ ਫਿਰ ਇਹ ਅਤਿਵਾਦ ਦੀ ਦੁਨੀਆ ਵਿੱਚ ਦਾਖਲ ਹੋ ਗਿਆ। ਅੱਜ ਕੱਲ੍ਹ ਉਹ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐੱਸ.ਆਈ. ਦੀ ਸਰਪ੍ਰਸਤੀ ਵਿੱਚ ਪਾਕਿਸਤਾਨ ਵਿੱਚ ਰਹਿ ਰਿਹਾ ਹੈ।

•ਗੈਂਗਸਟਰ ਰੋਹਿਤ ਗੋਦਾਰਾ ਯੂਰਪ ਵਿੱਚ ਕਿਤੇ ਲਕਿਆ ਬੈਠਾ ਹੈ; ਉਹ ਮੂਲ ਰੂਪ ਵਿੱਚ ਰਾਜਸਥਾਨ ਦਾ ਰਹਿਣ ਵਾਲਾ ਹੈ।

### ਪੰਜਾਬ ਲਈ ਵੱਖਰੇ ਨਜ਼ਰੀਏ ਤੋਂ ਸੋਚਣਾ ਹੋਵੇਗਾ

ਕ੍ਰੌਸ ਬਾਰਡਰ ਟੈਰਰਿਜ਼ਮ ਪੰਜਾਬ ਸਮੇਤ ਪੂਰੇ ਦੇਸ਼ ਲਈ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਦਿੱਲੀ ਵਿੱਚ ਹੋਏ ਧਮਾਕੇ ਤੋਂ ਬਾਅਦ ਤਾਂ ਚਿੰਤਾ ਵਧਣੀ ਲਾਜ਼ਮੀ ਹੈ। ਪੰਜਾਬ ਇੱਕ ਵੱਡਾ ਬਾਰਡਰ ਸਟੇਟ ਹੈ, ਇਸ ਲਈ ਇਸ ਦੀ ਸੁਰੱਖਿਆ ਲਈ ਰਾਜ ਅਤੇ ਕੇਂਦਰ ਸਰਕਾਰ ਨੂੰ ਵਧੇਰੇ ਚੌਕਸ ਹੋਣਾ ਪਵੇਗਾ। ਦੇਸ਼ ਵਿਰੋਧੀ ਬਾਹਰੀ ਤਾਕਤਾਂ ਰਾਜ ਦੇ ਲੋਕਾਂ ਨੂੰ ਆਪਣਾ ਸੌਫਟ ਟਾਰਗੇਟ ਬਣਾ ਕੇ ਉਨ੍ਹਾਂ ਦਾ ਇਸਤੇਮਾਲ ਅਤਿਵਾਦ ਫੈਲਾਉਣ ਵਿੱਚ ਕਰਦੀਆਂ ਹਨ। ਅਜਿਹਾ ਕਿਉਂ ਹੋ ਰਿਹਾ ਹੈ, ਇਹ ਸੋਚਣਾ ਪਵੇਗਾ। ਕਿਉਂ ਪੰਜਾਬ ਦੇ ਲੋਕ ਉਨ੍ਹਾਂ ਦੇ ਝਾਂਸਿਆਂ ਵਿੱਚ ਆ ਰਹੇ ਹਨ? ਇਸ 'ਤੇ ਸਰਕਾਰ ਨੂੰ ਇੱਕ ਵੱਖਰੇ ਨਜ਼ਰੀਏ ਤੋਂ ਮੰਥਨ ਕਰਨ ਦੀ ਲੋੜ ਹੈ। ਬਾਰਡਰ ਸਟੇਟ ਹੋਣ ਕਰ ਕੇ ਪੰਜਾਬ ਦੀ ਮੂਲ ਸਮੱਸਿਆ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਨੌਜਵਾਨਾਂ ਨੂੰ ਬਰਗਲਾਉਣ ਅਤੇ ਦੇਸ਼ ਵਿਰੋਧੀ ਤਾਕਤਾਂ ਦਾ ਮੋਹਰਾ ਬਣਨ ਤੋਂ ਰੋਕਣ ਲਈ ਕੀ ਯਤਨ ਕੀਤੇ ਜਾ ਸਕਦੇ ਹਨ, ਉਸ ਦਿਸ਼ਾ ਵਿੱਚ ਸਰਕਾਰਾਂ ਨੂੰ ਅੱਗੇ ਵਧਣਾ ਹੋਵੇਗਾ। ਬਾਹਰੀ ਲੋਕਾਂ ਦੀ ਤਾਕਤ ਉਨ੍ਹਾਂ ਦਾ ਇੱਥੇ ਫੈਲਿਆ ਸਥਾਨਕ ਨੈੱਟਵਰਕ ਹੈ, ਇਸੇ ਨੈੱਟਵਰਕ ਨੂੰ ਤੋੜਨਾ ਹੋਵੇਗਾ।

*-ਡਾ. ਪਿਆਰਾ ਲਾਲ ਗਰਗ*
*ਸਾਬਕਾ ਡੀਨ,*
*ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।*

### ਮੌਜੂਦਾ ਹਾਲਾਤ, ਵੱਡੀ ਚੁਣੌਤੀ

ਆਈ.ਐੱਸ.ਆਈ. ਪੰਜਾਬ ਦਾ ਮਾਹੌਲ ਖਰਾਬ ਕਰਨ ਦਾ ਯਤਨ ਕਰ ਰਹੀ ਹੈ, ਪਰ ਪੰਜਾਬ ਪੁਲਿਸ ਸਰਹੱਦ ਪਾਰ ਦੇ ਅਤਿਵਾਦ ਨੂੰ ਖਤਮ ਕਰਨ ਵਿੱਚ ਲੱਗੀ ਹੋਈ ਹੈ। ਲੁਧਿਆਣਾ ਪੁਲਿਸ ਨੇ ਆਈ.ਐੱਸ.ਆਈ. ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਹੈ, ਜਿਸ ਵਿੱਚ ਘਣੀ ਆਬਾਦੀ ਵਾਲੇ ਇਲਾਕੇ ਵਿੱਚ ਗ੍ਰੇਨੇਡ ਹਮਲਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ।

*-ਗੌਰਵ ਯਾਦਵ*
*ਡੀ.ਜੀ.ਪੀ., ਪੰਜਾਬ।*

ਪਹਿਲਾਂ ਪੰਜਾਬ ਵਿੱਚ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਸਪਲਾਈ ਵੱਧ ਹੁੰਦੀ ਸੀ ਅਤੇ ਹਥਿਆਰਾਂ ਦੀ ਘੱਟ। ਹੁਣ ਕੁਝ ਸਮੇਂ ਤੋਂ ਵੇਖਿਆ ਜਾ ਰਿਹਾ ਹੈ ਕਿ ਨਸ਼ੀਲੇ ਪਦਾਰਥਾਂ ਦੇ ਨਾਲ-ਨਾਲ ਹਥਿਆਰਾਂ ਅਤੇ ਵਿਸਫੋਟਕਾਂ ਦੀ ਸਪਲਾਈ ਵੀ ਵਧੀ ਹੈ। ਇਹ ਪੰਜਾਬ ਲਈ ਚਿੰਤਾ ਦਾ ਵਿਸ਼ਾ ਹੈ। ਲਾਜ਼ਮੀ ਤੌਰ 'ਤੇ ਇਹ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੇ ਹੀ ਮਨਸੂਬੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਸਿੰਡੀਕੇਟ ਨੂੰ ਉਤਸ਼ਾਹਿਤ ਕਰਨ ਵਿੱਚ ਬਾਹਰੀ ਨੈੱਟਵਰਕ ਦੇ ਨਾਲ-ਨਾਲ ਸਥਾਨਕ ਨੈੱਟਵਰਕ ਵੀ ਮਜਬੂਤੀ ਨਾਲ ਕੰਮ ਕਰ ਰਿਹਾ ਹੈ। ਕਈ ਨਾਮੀ ਲੋਕ ਵੀ ਇਸ ਵਿੱਚ ਸ਼ਾਮਲ ਹੋ ਸਕਦੇ ਹਨ। ਪੰਜਾਬ ਦੇ ਬੇਰੁਜ਼ਗਾਰ, ਨਸ਼ੇ ਦੇ ਜਾਲ਼ ਵਿੱਚ ਫਸੇ ਲੋਕ, ਗੈਂਗਸਟਰ, ਪੈਸਿਆਂ ਲਈ ਕੁਝ ਵੀ ਕਰਨ ਲਈ ਤਿਆਰ ਬਦਮਾਸ਼, ਗਰੀਬ ਅਤੇ ਲਾਲਚੀ ਪ੍ਰਵਿਰਤੀ ਵਾਲੇ ਲੋਕ; ਇਨ੍ਹਾਂ ਸਾਰਿਆਂ ਨੂੰ ਪੰਜਾਬ ਵਿੱਚ ਦਹਿਸ਼ਤ ਫੈਲਾਉਣ ਵਾਲੀਆਂ ਘਟਨਾਵਾਂ ਨੂੰ ਅੰਜਾਮ ਦੇਣ ਲਈ ਫਸਾਇਆ ਜਾਂਦਾ ਹੈ। ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਇਨ੍ਹਾਂ ਲੋਕਾਂ ਦੇ ਨੈੱਟਵਰਕ ਨੂੰ ਤੋੜਨ ਵਿੱਚ ਲੱਗੀਆਂ ਹੋਈਆਂ ਹਨ, ਪਰ ਮੌਜੂਦਾ ਹਾਲਾਤ ਵੇਖੀਏ ਤਾਂ ਇਹ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ।

*-ਸਿੱਧਾਰਥ ਚੱਟੋਪਾਧਿਆਏ, ਸੇਵਾ ਮੁਕਤ ਡੀ.ਜੀ.ਪੀ. ਪੰਜਾਬ।*

# ਅਮਰੀਕੀ ਯੂਨੀਵਰਸਿਟੀਆਂ ਦੀ ਨੀਂਹ ਹਿੱਲੀ

## *ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਇਤਿਹਾਸਕ ਗਿਰਾਵਟ

**ਪੰਜਾਬੀ ਪਰਵਾਜ਼ ਬਿਊਰੋ**

ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਇਤਿਹਾਸਕ ਗਿਰਾਵਟ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਸਿੱਖਿਆ ਵਾਲੀ ਅਰਥਵਿਵਸਥਾ ਹੁਣ ਆਪਣੇ ਪੁਰਾਣੇ ਭਰੋਸੇ ਨੂੰ ਗੁਆ ਰਹੀ ਹੈ। ਵੀਜ਼ਾ ਪ੍ਰਕਿਰਿਆ ਦੀ ਵਧਦੀ ਜਟਿਲਤਾ, ਸਖ਼ਤ ਸੁਰੱਖਿਆ ਜਾਂਚ ਅਤੇ ਐੱਚ-1ਬੀ ਵਰਕ ਪਰਮਿਟ ਦੀ ਗ਼ੈਰ-ਯਕੀਨੀ ਨੇ ਭਾਰਤੀ ਪਰਿਵਾਰਾਂ ਨੂੰ ਡੂੰਘੀ ਫ਼ਿਕਰਮੰਦੀ ਵਿੱਚ ਪਾ ਦਿੱਤਾ ਹੈ। ਇਸ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਭਾਰਤੀ ਵਿਦਿਆਰਥੀ ਹੁਣ ਵੱਡੀ ਗਿਣਤੀ ਵਿੱਚ ਅਮਰੀਕਾ ਤੋਂ ਮੂੰਹ ਮੋੜ ਕੇ ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ ਅਤੇ ਯੂਰਪ ਵੱਲ ਰੁਖ ਕਰ ਰਹੇ ਹਨ।

ਇੰਸਟੀਚਿਊਟ ਫਾਰ ਇੰਟਰਨੈਸ਼ਨਲ ਐਜੂਕੇਸ਼ਨ (ਆਈ.ਆਈ.ਈ.) ਦੀ ਪ੍ਰਾਇਮਰੀ ਓਪਨ ਡੋਰਜ਼ ਰਿਪੋਰਟ 2025 ਅਤੇ ਅਮਰੀਕੀ ਯੂਨੀਵਰਸਿਟੀਆਂ ਦੇ ਅੰਦਰੂਨੀ ਸਰਵੇ ਨੇ ਦੱਸਿਆ ਹੈ ਕਿ 2024-25 ਸੈਸ਼ਨ ਤੱਕ ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਆਮਦ ਲਗਭਗ 44 ਫੀਸਦੀ ਘਟ ਗਈ ਹੈ। ਪਿਛਲੇ ਸਾਲ ਜਿੱਥੇ ਲਗਭਗ 3,31,602 ਭਾਰਤੀ ਵਿਦਿਆਰਥੀ ਇੱਥੇ ਪੜ੍ਹ ਰਹੇ ਸਨ, ਉੱਥੇ ਇਸ ਸਾਲ ਇਹ ਗਿਣਤੀ ਘਟ ਕੇ ਲਗਭਗ 1,85,000 ਤੱਕ ਆ ਗਈ ਹੈ। ਪਿਛਲੇ 15 ਸਾਲਾਂ ਵਿੱਚ ਇਹ ਸਭ ਤੋਂ ਤੇਜ਼ ਗਿਰਾਵਟ ਹੈ, ਜਿਸ ਨੇ ਅਮਰੀਕੀ ਕੈਂਪਸਾਂ ਦੀ ਆਰਥਿਕ ਨੀਂਹ ਨੂੰ ਹਿਲਾ ਦਿੱਤਾ ਹੈ। ਆਈ.ਆਈ.ਈ. ਦੀ ਰਿਪੋਰਟ ਅਨੁਸਾਰ ਨਵੇਂ ਵਿਦੇਸ਼ੀ ਵਿਦਿਆਰਥੀਆਂ ਦੀ ਰਜਿਸ਼ਟਰੇਸ਼ਨ 2025 ਦੇ ਪਤਝੜ ਵਿੱਚ 17 ਫੀਸਦੀ ਘਟੀ ਹੈ, ਜੋ ਪੈਂਡੈਮਿਕ ਤੋਂ ਬਾਅਦ ਸਭ ਤੋਂ ਵੱਡੀ ਗਿਰਾਵਟ ਹੈ। ਭਾਰਤੀ ਵਿਦਿਆਰਥੀਆਂ ਵਿੱਚ ਇਹ ਗਿਰਾਵਟ ਹੋਰ ਡੂੰਘੀ ਹੈ; ਜੁਲਾਈ-ਅਗਸਤ 2025 ਵਿੱਚ ਆਉਣ ਵਾਲੇ ਨਵੇਂ ਵਿਦਿਆਰਥੀਆਂ ਵਿੱਚ 50 ਫੀਸਦੀ ਕਮੀ ਹੋਈ ਹੈ। ਇਹ ਗਿਰਾਵਟ ਸਿਰਫ਼ ਰਜਿਸ਼ਟਰੇਸ਼ਨ ਤੱਕ ਹੀ ਸੀਮਿਤ ਨਹੀਂ, ਬਲਕਿ ਅਮਰੀਕੀ ਯੂਨੀਵਰਸਿਟੀਆਂ ਨੂੰ ਹਰ ਸਾਲ ਅਰਬਾਂ ਡਾਲਰਾਂ ਦੀ ਆਮਦਨੀ ਵੀ ਘਟਾ ਰਹੀ ਹੈ। ਨੈਫਸਾ (ਐਸੋਸੀਏਸ਼ਨ ਆਫ਼ ਇੰਟਰਨੈਸ਼ਨਲ ਐਜੂਕੇਟਰਜ਼) ਦੇ ਅਨੁਮਾਨ ਅਨੁਸਾਰ ਜੇਕਰ ਇਹ ਗਿਰਾਵਟ 15 ਫੀਸਦੀ ਵੀ ਰਹੀ ਤਾਂ ਅਮਰੀਕਾ ਨੂੰ 7 ਅਰਬ ਡਾਲਰਾਂ ਦੀ ਆਮਦਨੀ ਦਾ ਨੁਕਸਾਨ ਹੋਵੇਗਾ ਅਤੇ 60,000 ਨੌਕਰੀਆਂ ਖਤਮ ਹੋ ਜਾਣਗੀਆਂ।



### ਵੀਜ਼ਾ ਨੀਤੀਆਂ ਨੇ ਵਧਾਈਆਂ ਮੁਸ਼ਕਲਾਂ

ਆਈ.ਆਈ.ਈ. ਅਨੁਸਾਰ ਵੀਜ਼ਾ ਸਲਾਟਾਂ ਦੀ ਕਮੀ, ਇੰਟਰਵਿਊ ਦੀ ਲੰਮੀ ਉਡੀਕ ਅਤੇ ਛੋਟੀ ਜਿਹੀ ਦਸਤਾਵੇਜ਼ੀ ਗਲਤੀ 'ਤੇ ਵੀ ਤੁਰੰਤ ਰਿਜੈਕਸ਼ਨ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਵੱਡੀ ਚੁਣੌਤੀ ਬਣ ਗਏ ਹਨ। ਸੁਰੱਖਿਆ ਜਾਂਚ ਇੰਨੀ ਸਖ਼ਤ ਹੋ ਗਈ ਹੈ ਕਿ ਕਈ ਵਿਦਿਆਰਥੀਆਂ ਨੂੰ ਦੋ-ਦੋ ਵਾਰ ਇੰਟਰਵਿਊ ਦੇਣੇ ਪੈ ਰਹੇ ਹਨ। ਐੱਚ-1ਬੀ ਵਰਕ ਪਰਮਿਟ ਦੀ ਲਾਟਰੀ ਪ੍ਰਣਾਲੀ ਨੇ ਵੀ ਪਰਿਵਾਰਾਂ ਦਾ ਭਰੋਸਾ ਘਟਾ ਦਿੱਤਾ ਹੈ।

ਐੱਮ.ਆਈ.ਟੀ. ਅਤੇ ਕਾਰਨੇਗੀ ਮੈਲਨ ਵਰਗੀਆਂ ਟਾਪ ਇੰਸਟੀਚਿਊਟਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਜੂਦਗੀ ਵਿੱਚ 60-70 ਫੀਸਦੀ ਤੱਕ ਗਿਰਾਵਟ ਰਿਕਾਰਡ ਕੀਤੀ ਗਈ ਹੈ। 2025 ਵਿੱਚ ਅਮਰੀਕੀ ਵੀਜ਼ਾ ਅਫਸਰਾਂ ਨੇ ਭਾਰਤੀ ਵਿਦਿਆਰਥੀਆਂ ਦੇ 25 ਫੀਸਦੀ ਤੋਂ ਵੱਧ ਐਫ-1 ਵੀਜ਼ਾ ਅਪਲਾਈ ਕੇਸਾਂ ਨੂੰ ਰਿਜੈਕਟ ਕੀਤਾ ਹੈ, ਜੋ ਪਿਛਲੇ ਸਾਲਾਂ ਨਾਲੋਂ 10 ਫੀਸਦੀ ਵੱਧ ਹੈ। ਇਸ ਤੋਂ ਇਲਾਵਾ ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਇਮੀਗ੍ਰੇਸ਼ਨ ਪਾਲਿਸੀਆਂ ਨੇ ਵੀਜ਼ਾ ਪ੍ਰਕਿਰਿਆ ਨੂੰ ਹੋਰ ਵੀ ਸਖ਼ਤ ਕਰ ਦਿੱਤਾ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਘੱਟੋ-ਘੱਟ 6 ਮਹੀਨੇ ਉਡੀਕ ਕਰਨੀ ਪੈ ਰਹੀ ਹੈ। ਇਹ ਸਭ ਨਾ ਸਿਰਫ਼ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਅਮਰੀਕੀ ਯੂਨੀਵਰਸਿਟੀਆਂ ਨੂੰ ਵੀ, ਜਿਥੇ ਭਾਰਤੀ ਵਿਦਿਆਰਥੀ ਐੱਸ.ਟੀ.ਈ.ਐੱਮ. (ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਮੈਥੇਮੈਟਿਕਸ) ਕੋਰਸਾਂ ਵਿੱਚ 40 ਫੀਸਦੀ ਤੋਂ ਵੱਧ ਹਿੱਸਾ ਰੱਖਦੇ ਹਨ। ਇੱਕ ਅਧਿਐਨ ਅਨੁਸਾਰ ਭਾਰਤੀ ਵਿਦਿਆਰਥੀਆਂ ਦੀ ਗਿਰਾਵਟ ਨੇ ਅਮਰੀਕੀ ਐੱਸ.ਟੀ.ਈ.ਐੱਮ. ਫੀਲਡਾਂ ਵਿੱਚ 15 ਫੀਸਦੀ ਘੱਟ ਰਿਸਰਚ ਯੋਗਦਾਨ ਦਿੱਤਾ ਹੈ।

### ਹੋਰ ਦੇਸ਼ਾਂ ਵੱਲ ਤੇਜ਼ੀ ਨਾਲ ਵੱਧ ਰਿਹੈ ਝੁਕਾਅ

ਸਟੂਡੈਂਟ ਵੀਜ਼ਾ ਮਾਨੀਟਰਿੰਗ ਨੈੱਟਵਰਕ (ਐੱਸ.ਵੀ.ਐੱਮ.ਐੱਨ.) ਅਨੁਸਾਰ ਹੁਣ ਭਾਰਤੀ ਵਿਦਿਆਰਥੀਆਂ ਲਈ ਅਮਰੀਕਾ ਪਹਿਲੀ ਪਸੰਦ ਨਹੀਂ ਰਿਹਾ। ਕੈਨੇਡਾ ਵਿੱਚ ਭਾਰਤੀ ਅਰਜ਼ੀਆਂ 38 ਫੀਸਦੀ ਵਧੀਆਂ ਹਨ, ਜਿੱਥੇ 2025 ਵਿੱਚ ਲਗਭਗ 4,27,000 ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਬ੍ਰਿਟੇਨ ਵਿੱਚ 24 ਫੀਸਦੀ ਵਾਧਾ ਹੋਇਆ ਹੈ, ਜਿੱਥੇ ਕਿਊਆਰ-2 2025 ਵਿੱਚ 15,000 ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਮਿਲੇ ਹਨ- ਇਹ 44 ਫੀਸਦੀ ਵਾਧਾ ਹੈ। ਆਸਟ੍ਰੇਲੀਆ ਵਿੱਚ 19 ਫੀਸਦੀ ਅਤੇ ਯੂਰਪੀਅਨ ਯੂਨੀਅਨ ਵਿੱਚ 17 ਫੀਸਦੀ ਵਾਧਾ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਖਿੱਚ ਨਾਲੋਂ ਸੁਰੱਖਿਆ ਅਤੇ ਸਥਿਰਤਾ ਦੀ ਖੋਜ ਹੈ। ਹੋਰ ਦੇਸ਼ ਪੜ੍ਹਾਈ ਤੋਂ ਬਾਅਦ ਨੌਕਰੀ ਅਤੇ ਪੀ.ਆਰ. (ਪਰਮਾਨੈਂਟ ਰੈਜ਼ੀਡੈਂਸੀ) ਦਾ ਸਪੱਸ਼ਟ ਰਾਹ ਦਿੰਦੇ ਹਨ, ਜਦਕਿ ਅਮਰੀਕਾ ਵਿੱਚ ਇਹ ਗਲੈਮਰ ਯਕੀਨੀ ਹੈ।

ਸਾਲ 2025 ਵਿੱਚ ਕੁੱਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਦੇਸ਼ਾਂ ਵਿੱਚ 18 ਲੱਖ ਤੱਕ ਪਹੁੰਚ ਗਈ ਹੈ, ਜੋ ਪਿਛਲੇ ਸਾਲ ਨਾਲੋਂ 12 ਫੀਸਦੀ ਵੱਧ ਹੈ। ਕੈਨੇਡਾ ਵਿੱਚ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਦਿੱਲੀ ਲਾਲ ਕਿਲਾ ਧਮਾਕਾ

# ਦੂਰ ਤੱਕ ਪਸਰੀਆਂ ਕਸ਼ਮੀਰ ਹਿੰਸਾ ਦੀਆਂ ਜੜ੍ਹਾਂ

## *ਮੈਡੀਕਲ ਕਿੱਤੇ ਨਾਲ ਸੰਬੰਧਤ ਲੋਕਾਂ ਦੀ ਵੱਡੀ ਸ਼ਮੂਲੀਅਤ


**ਪੰਜਾਬੀ ਪਰਵਾਜ਼ ਬਿਊਰੋ**

ਦਿੱਲੀ ਵਿੱਚ ਲਾਲ ਕਿਲੇ ਦੇ ਨੇੜੇ 10 ਨਵੰਬਰ ਨੂੰ ਹੋਏ ਬੰਬ ਧਮਾਕੇ ਨਾਲ ਅਤਿਵਾਦੀ ਹਿੰਸਾ ਦੇ ਫੈਲਣ ਅਤੇ ਇਸ ਨੂੰ ਜੜ੍ਹਾਂ ਤੋਂ ਪੁਟਣ ਦੇ ਕੇਂਦਰ ਸਰਕਾਰ ਦੇ ਦਾਅਵਿਆਂ 'ਤੇ ਸੁਆਲੀਆਂ ਨਿਸ਼ਾਨ ਲਗਾ ਦਿੱਤੇ ਹਨ। ਇਸ ਹਮਲੇ ਤੋਂ ਬਾਅਦ ਪਾਕਿਸਤਾਨ ਦੇ ਇਸਲਾਮਾਬਾਦ ਵਿੱਚ ਵੀ ਇੱਕ ਕਾਰ ਧਮਾਕਾ ਹੋਇਆ ਅਤੇ ਪਾਕਿਸਤਾਨ ਨੇ ਦੋਸ਼ ਲਾਇਆ ਕਿ ਇਹ ਹਮਲਾ ਭਾਰਤ ਵੱਲੋਂ ਕਰਵਾਇਆ ਗਿਆ ਹੈ। ਉਂਝ ਭਾਰਤ ਨੇ ਭਾਵੇਂ ਦਿੱਲੀ ਧਮਾਕੇ ਪਾਕਿਸਤਾਨ ਅਤੇ ਆਈ.ਐਸ.ਆਈ. ਦੀ ਸ਼ਮੂਲੀਅਤ ਦੇ ਦੋਸ਼ ਲਾਏ ਹਨ, ਪਰ ਭਾਰਤੀ ਪੜਤਾਲੀਆ ਏਜੰਸੀਆਂ ਨੂੰ ਹਾਲੇ ਇਸ ਧਮਾਕੇ ਦੀ ਪਕਿਸਤਾਨ ਤੱਕ ਜਾਂਦੀ ਡੋਰ ਲੱਭ ਨਹੀਂ ਰਹੀ। ਪਾਕਿਸਤਾਨ ਦਾ ਭਾਰਤ 'ਤੇ ਦੋਸ਼ ਵੀ ਕਾਹਲੀ ਵਿੱਚ ਲਗਾਇਆ ਲਗਦਾ ਹੈ।

ਦਿੱਲੀ ਬੰਬ ਧਮਾਕੇ ਨਾਲ ਸੰਬੰਧਤ ਸਾਰੀਆਂ ਘਟਨਾਵਾਂ ਦੀ ਲੜੀ ਦਿੱਲੀ, ਇਸ ਦੇ ਆਸੇ-ਪਾਸੇ ਯੂ.ਪੀ. ਦੇ ਸਹਾਰਨਪੁਰ, ਹਰਿਆਣਾ ਦੇ ਫਰੀਦਾਬਾਦ ਅਤੇ ਨੂਹ ਆਦਿ ਵਿੱਚ ਵਾਪਰੀਆਂ ਦਿਸਦੀਆਂ ਹਨ। ਭਾਵੇਂ ਕਿ ਇਸ ਦੇ ਸੰਪਰਕ ਦੁਬਈ ਅਤੇ ਤੁਰਕੀ ਤੋਂ ਲੈ ਕੇ ਦਿੱਲੀ ਤੱਕ ਫੈਲੇ ਹੋਏ ਦੱਸੇ ਜਾਂਦੇ ਹਨ। ਘਟਨਾਕ੍ਰਮ ਦਾ ਉਧੇੜ ਉਦੋਂ ਸ਼ੁਰੂ ਹੋਇਆ, ਜਦੋਂ ਜੈਸ਼-ਏ-ਮੁਹੰਮਦ ਵੱਲੋਂ ਪੁਲਿਸ ਅਤੇ ਸੁਰੱਖਿਆ ਦਸਤਿਆਂ ਦਾ ਸਾਥ ਨਾ ਦੇਣ ਦਾ ਪੋਸਟਰ ਕਸ਼ਮੀਰ ਵਿੱਚ ਲੱਗਿਆ ਮਿਲਿਆ। ਇਸ ਤੋਂ ਬਾਅਦ ਹੋਈ ਗ੍ਰਿਫਤਾਰੀ ਨਾਲ ਸਾਰੀ ਰਾਮ ਕਹਾਣੀ ਉਧੜਨੀ ਸ਼ੁਰੂ ਹੋ ਗਈ। ਇਸ ਤੋਂ ਬਾਅਦ ਡਾ. ਉਮਰ ਉਨ ਨਬੀ ਨੇ 2900 ਕਿੱਲੋ ਅਮੋਨੀਅਮ ਨਾਈਟਰੇਟ ਅਤੇ ਉਸ ਦੇ ਕੁਝ ਸਾਥੀਆਂ ਦੇ ਫੜੇ ਜਾਣ ਤੋਂ ਪਹਿਲਾਂ ਧਮਾਕਾ ਖੇਜ ਸਮਗਰੀ ਅਤੇ ਹੋਰ ਸਾਜ਼ੋ ਸਮਾਨ ਆਪਣੀ ਆਈ-ਟਵੈਂਟੀ ਕਾਰ ਵਿੱਚ ਰੱਖ ਕੇ ਦਿੱਲੀ ਵੱਲ ਚਾਲੇ ਪਾ ਦਿੱਤੇ। ਉਸ ਦੀ ਰਫਤਾਰ ਇੰਨੀ ਧੀਮੀ ਸੀ ਕਿ ਧਮਾਕੇ ਵਾਲੇ ਸਥਾਨ ਤੱਕ ਪਹੁੰਚਦਿਆਂ 17 ਘੰਟੇ ਲੱਗ ਗਏ। ਇਸ ਦੌਰਾਨ ਉਹ ਕਾਰ ਵਿੱਚ ਹੀ ਬੰਬ ਤਿਆਰ ਕਰਨ ਦਾ ਯਤਨ ਕਰ ਰਿਹਾ ਸੀ। ਅਚਾਨਕ ਸ਼ਾਮ ਵੇਲੇ ਇਹ ਧਮਾਕਾ ਲਾਲ ਕਿਲਾ ਮੈਟਰੋ ਸਟੇਸ਼ਨ ਲਾਗੇ ਹੋਇਆ, ਜਿਸ ਵਿੱਚ 11 ਵਿਅਕਤੀ ਮੌਕੇ 'ਤੇ ਮਾਰੇ ਗਏ ਅਤੇ 21 ਹੋਰ ਜ਼ਖਮੀ ਹੋ ਗਏ ਸਨ। ਗੰਭੀਰ ਜ਼ਖਮੀਆਂ ਵਿੱਚ ਤਿੰਨ ਹੋਰ ਦੀ ਮੌਤਾਂ ਨਾਲ ਮਰਨ ਵਾਲਿਆਂ ਦੀ ਗਿਣਤੀ 15 ਹੋ ਗਈ ਹੈ।

ਇਸ ਘਟਨਾ ਨਾਲ ਸੰਬੰਧਤ ਪੁਲਿਸ ਅਤੇ ਐਨ.ਆਈ.ਏ. ਨੇ ਹੁਣ ਤੱਕ 16 ਵਿਅਕਤੀ ਗ੍ਰਿਫਤਾਰ ਕੀਤੇ ਹਨ। ਇਨ੍ਹਾਂ ਵਿੱਚੋਂ ਬਹੁਤੇ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਹਨ। ਇਸ ਵਿੱਚ ਫਰੀਦਾਬਾਦ ਦੀ ਅਲ ਫਲਾਹ ਯੂਨੀਵਰਸਿਟੀ ਤੋਂ ਡਾ. ਮੁਜ਼ਮਿਲ ਸ਼ਕੀਲ ਗਨੀ, ਸਹਾਰਨਪੁਰ ਨਾਲ ਸੰਬੰਧਤ ਅਦੀਲ ਰਠੇਰ ਅਤੇ ਇੱਕ ਔਰਤ ਡਾਕਟਰ ਸ਼ਾਹੀਨ ਸ਼ਾਹਿਦ ਲਖਨਊ ਤੋਂ ਗ੍ਰਿਫਤਾਰ ਕੀਤੇ ਗਏ ਹਨ। ਇਸ ਤੋਂ ਇਲਾਵਾ ਪੁਲਿਸ ਵੱਲੋਂ ਸ਼ਾਹਿਦ ਦੇ ਭਰਾ ਪਰਵੇਜ਼ ਸਈਅਦ ਅਨਸਾਰੀ, ਸ਼ੋਪੀਆਂ ਦੇ ਇੱਕ ਮੌਲਵੀ ਇਰਫਾਨ ਅਹਿਮਦ ਵਾਹਗੇ, ਮੇਵਾਤ ਦੇ ਰਹਿਣ ਵਾਲੇ ਅਲਫਲਾਹ ਮਸਜਿਦ ਦੇ ਇਮਾਮ ਹਾਫੀਜ ਮੁਹੰਮਦ ਇਸ਼ਤਿਆਕ ਨੂੰ ਗ੍ਰਿਫਤਾਰ ਕੀਤਾ ਹੈ। ਇਸ਼ਤਿਆਕ ਦੇ ਘਰੋਂ ਹੀ 2900 ਕਿੱਲੋ ਅਮੋਨੀਅਮ ਨਾਈਟਰੇਟ ਬਰਾਮਦ ਕੀਤਾ ਗਿਆ ਹੈ। ਇਸ ਦੀ ਵਰਤੋਂ ਦਿੱਲੀ ਧਮਾਕੇ ਵਿੱਚ ਕੀਤੀ ਗਈ ਮਿਲੀ ਹੈ। ਇਹ ਸਮਗਰੀ ਖੇਤੀਬਾੜੀ ਨਾਲ ਸੰਬੰਧਤ ਦੁਕਾਨਾਂ ਅਤੇ ਮਾਈਨਿੰਗ ਖੇਤਰ ਤੋਂ ਕਈ ਕਿਸ਼ਤਾਂ ਵਿੱਚ ਖਰੀਦੀ ਗਈ।

ਇਸ ਧਮਾਕੇ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਕਿਹਾ ਕਿ ਦਿੱਲੀ ਵਿੱਚ ਧਮਾਕੇ ਵਿੱਚ ਜੋ ਵੀ ਸ਼ਾਮਲ ਹੋਵੇਗਾ, ਬਖ਼ਸ਼ਿਆ ਨਹੀਂ ਜਾਵੇਗਾ। ਉਧਰ ਬੰਬ ਧਮਾਕੇ ਤੋਂ ਬਾਅਦ ਕੇਂਦਰੀ ਸੁਰੱਖਿਆ ਦਸਤਿਆਂ ਨੇ ਕਸ਼ਮੀਰ ਵਿੱਚ ਡਾ. ਉਮਰ ਉਨ ਨਬੀ ਦਾ ਘਰ ਢਾਹ ਦਿੱਤਾ ਹੈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਇੱਕ ਮੈਂਬਰ ਪਾਰਲੀਮੈਂਟ ਨੇ ਇਸ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਸਜ਼ਾ ਦੋਸ਼ੀਆਂ ਨੂੰ ਮਿਲਣੀ ਚਾਹੀਦੀ ਹੈ। ਬਾਕੀ ਪਰਿਵਾਰਕ ਮੈਂਬਰਾਂ ਨੂੰ ਨਹੀਂ। ਇਸ ਕਿਸਮ ਦੀਆਂ ਕਾਰਵਾਈਆਂ ਨਾਲ ਅਮਨ ਸੰਭਵ ਨਹੀਂ ਹੈ। ਇਸ ਦੌਰਾਨ ਅਮਰੀਕਾ ਦੇ ਸੈਕਟਰੀ ਆਫ ਸਟੇਟ ਮਾਰਕੋ ਰੂਬੀਓ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਦਿੱਲੀ ਧਮਾਕੇ ਦੀ ਜਾਂਚ ਠੀਕ ਦਿਸ਼ਾ ਵਿੱਚ ਚੱਲ ਰਹੀ ਹੈ ਅਤੇ ਪ੍ਰੋਫੈਸ਼ਨਲ ਲੀਹਾਂ 'ਤੇ ਕੀਤੀ ਜਾ ਰਹੀ ਹੈ।



ਇਸ ਘਟਨਾ ਵਿੱਚ ਮੁਸਲਿਮ ਸਮਾਜ ਖਾਸ ਕਰਕੇ ਕਸ਼ਮੀਰੀ ਪਿਛੋਕੜ ਦੇ ਮੁਸਲਮਾਨਾਂ ਦੇ ਬੁੱਧੀਮਾਨ ਤਬਕਿਆਂ ਦੀ ਜਿਸ ਪੱਧਰ 'ਤੇ ਸ਼ਮੂਲੀਅਤ ਵੇਖਣ ਨੂੰ ਮਿਲੀ ਹੈ, ਉਸ ਨੇ ਕੇਂਦਰ ਰਾਜ ਸੰਬੰਧਾਂ ਬਾਰੇ ਭਾਰਤੀ ਜਨਤਾ ਪਾਰਟੀ ਅਤੇ ਸੰਘ ਪਰਿਵਾਰ ਦੀ ਪਹੁੰਚ ਬਾਰੇ ਇੱਕ ਵਾਰ ਫਿਰ ਬਹਿਸ ਛੇੜ ਦਿੱਤੀ ਹੈ। ਇਸ ਤੋਂ ਇਹ ਜਾਪਦਾ ਹੈ ਕਿ ਨੀਮ ਫੌਜੀ ਦਲਾਂ, ਜੰਮੂ-ਕਸ਼ਮੀਰ ਪੁਲਿਸ ਅਤੇ ਫੌਜੀ ਰਿਪਰੈਸ਼ਨ ਨਾਲ ਭਾਵੇਂ ਕਸ਼ਮੀਰ ਵਿੱਚ ਰਾਜ ਵਿਰੋਧੀ ਹਿੰਸਾ ਦਬ ਗਈ ਅਤੇ ਘਟਨਾਵਾਂ ਵੀ ਕਾਫੀ ਘਟ ਗਈਆਂ ਹਨ, ਪਰ ਲਗਦਾ ਹੈ ਕਿ ਇਸ ਦੇ ਬਾਵਜੂਦ ਇਹ ਬਿਮਾਰੀ ਨਵੀਂ ਹਿੰਸਾ ਰਾਹੀਂ ਪ੍ਰਗਟ ਹੋ ਰਹੀ ਹੈ। ਇਹ ਕਸ਼ਮੀਰੀ ਰੋਗ ਵਧੇਰੇ ਗੁੰਝਲਦਾਰ, ਡੂੰਘਾ, ਵਿਸ਼ਾਲ ਅਤੇ ਖਤਰਨਾਕ ਹੋ ਗਿਆ ਹੈ। ਇਸ ਦੀਆਂ ਜੜ੍ਹਾਂ ਦੂਰ ਦੁਰਾਡੇ ਤੱਕ ਫੈਲ ਗਈਆਂ ਹਨ। ਇਸ ਦਾ ਕਰਮ ਖੇਤਰ (ਏਰੀਆ ਆਫ ਉਪਰੇਸ਼ਨ) ਵੀ ਵੱਡਾ ਹੋ ਗਿਆ ਹੈ।

ਜਦੋਂ ਡਾਕਟਰ ਅਤੇ ਇੰਜੀਨੀਅਰਿੰਗ ਜਿਹੇ ਕਿੱਤਿਆਂ ਵਿੱਚ ਕਿਰਤਗ ਸਫਲ ਨੌਜਵਾਨ ਵੀ ਕਿਸੇ ਹਿੰਸਕ ਵਰਤਾਰੇ ਵਿੱਚ ਸਮੂਹਿਕ ਤੌਰ 'ਤੇ ਸ਼ਾਮਲ ਹੋਣ ਲੱਗਣ ਤਾਂ ਇਹੋ ਸਮਝ ਪੈਂਦਾ ਹੈ ਕਿ ਸਮੱਸਿਆ ਆਮ ਸਾਧਾਰਣ ਜਾਂ ਘੱਟ ਪੜ੍ਹੇ-ਲਿਖੇ ਲੋਕਾਂ ਤੱਕ ਸੀਮਤ ਨਹੀਂ ਰਹੀ, ਸਗੋਂ ਇਸ ਨੇ ਸਮਾਜ ਦੇ ਮਹੱਤਵਪੂਰਨ (ਕੁਲੀਨ) ਵਰਗਾਂ ਨੂੰ ਆਪਣੀ ਲਪੇਟ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਹੈ। ਅਜਿਹੀਆਂ ਸਥਿਤੀਆਂ ਨਾਲ ਨਿਪਟਣ ਲਈ ਸਿਰਫ ਡੰਡਾ-ਸੋਟਾ ਕਾਫੀ ਨਹੀਂ, ਸਗੋਂ ਸਮੱਸਿਆ ਦੀਆਂ ਸਿਆਸੀ-ਮਾਨਸਿਕ ਅਤੇ ਸੱਭਿਆਚਾਰਕ ਦਿਸ਼ਾਵਾਂ 'ਤੇ ਵੀ ਨਿਗਾਹ ਰੱਖਣ ਦੀ ਲੋੜ ਪੈਂਦੀ ਹੈ। ਇਸ ਨਾਲ ਨਜਿੱਠਣ ਲਈ ਇਸੇ ਕਿਸਮ ਦੇ ਢੰਗ ਤਰੀਕੇ ਵੀ ਅਪਨਾਉਣੇ ਪੈਂਦੇ ਹਨ।

ਅਸਲ ਵਿੱਚ ਜਿਸ ਕੇਂਦਰੀਕਰਨ ਵਾਲੇ ਪਾਸੇ ਨੂੰ ਹਿੰਦੁਸਤਾਨ ਦੀ ਰਾਜਨੀਤੀ ਤੁਰ ਰਹੀ ਹੈ, ਉਸ ਵਿੱਚੋਂ ਇਸ ਤੋਂ ਭਿਆਨਕ ਹਿੰਸਕ ਫੁਟਾਰੇ ਵੀ ਜਨਮ ਲੈ ਸਕਦੇ ਹਨ। ਸਿਰਫ ਹਿੰਸਾ ਦੀਆਂ ਸਤਹੀ ਮੋਰੀਆਂ ਮੁੰਦਣ ਨਾਲ ਇਹੋ ਜਿਹੇ ਵਿਦਰੋਹ ਬੰਦ ਨਹੀਂ ਹੋ ਸਕਦੇ। ਇਸ ਦੇ ਅੰਤ ਲਈ ਹਿੰਦੁਸਤਾਨ ਨੂੰ ਆਪਣੇ ਸਿਆਸੀ ਢਾਂਚੇ ਵਿੱਚ ਸਟਰਕਚਰਲ (ਢਾਂਚਾਗਤ) ਹੱਲ ਕਰਨੇ ਪੈਣਗੇ। ਭਾਰਤੀ ਜਮਹੂਰੀਅਤ ਨੇ ਜੇ ਆਪਣੇ ਆਪ ਨੂੰ ਕਾਇਮ ਰੱਖਣਾ ਹੈ, ਅਮਨ ਪੂਰਬਕ ਵਿਕਸਤ ਹੋਣਾ ਹੈ ਅਤੇ ਦੇਸ਼ ਦੇ ਬਹੁਗਿਣਤੀ ਤਬਕੇ ਤੇ ਘੱਟਗਿਣਤੀਆਂ ਨੂੰ ਸਮਾਨ ਸ਼ਹਿਰੀਆਂ ਵਾਂਗ ਇਕਸਾਰ ਖੁਸ਼ ਰੱਖਣਾ ਹੈ ਤਾਂ ਇੱਥੇ ਤਾਕਤਾਂ ਦਾ ਵਿਕੇਂਦਰੀਕਰਣ ਕਰਨਾ ਹੀ ਪੈਣਾ ਹੈ। ਅਮਰੀਕਾ, ਜਰਮਨੀ, ਕੈਨੇਡਾ, ਡੈਨਮਾਰਕ, ਸਵੀਡਨ, ਸਪੇਨ, ਸਵਿਟਜ਼ਰਲੈਂਡ ਆਦਿ ਜਿਨ੍ਹਾਂ ਮੁਲਕਾਂ ਨੇ ਇਨ੍ਹਾਂ ਮਸਲਿਆਂ ਨੂੰ ਵਿਕੇਂਦਰੀਕਰਣ ਦੇ ਰਾਹ 'ਤੇ ਤੁਰ ਕੇ ਸਹੀ ਤਰ੍ਹਾਂ ਹੱਲ ਕੀਤਾ ਹੈ, ਉਥੇ ਉਨ੍ਹਾਂ ਦੇ ਆਪਣੇ ਸਿਵਲ ਸਮਾਜ ਸਾਡੇ ਨਾਲੋਂ ਵੱਧ ਸਾਂਤੀ ਪੂਰਬਕ ਜੀਅ ਰਹੇ ਹਨ। ਜਦਕਿ ਜਿਹੜੇ ਮੁਲਕ ਆਪਣੀਆਂ ਅੰਦਰੂਨੀ ਵਿਵਧਤਾਵਾਂ 'ਤੇ ਸੁਹਾਗਾ ਫੇਰ ਕੇ ਮਿਟਾਉਣ ਦੀ ਇੱਛਾ ਰੱਖਦੇ ਹਨ, ਉਥੇ ਹਿੰਸਾ ਦੀਆਂ ਸਮੱਸਿਆਵਾਂ ਮੁੜ-ਮੁੜ ਉਠਦੀਆਂ ਰਹਿੰਦੀਆਂ ਹਨ। ਜਦੋਂ ਕਿਸੇ ਧਾਰਮਿਕ ਜਾਂ ਨਸਲੀ ਭਾਈਚਾਰੇ ਲਈ ਜਮਹੂਰੀ ਪਾਰਟੀਸਪੇਸ਼ਨ ਦੇ ਸਾਰੇ ਰਾਹ ਬੰਦ ਕਰ ਦਿੱਤੇ ਜਾਣਗੇ ਤਾਂ ਇਸ ਕੈਦ ਕੀਤੀ ਊਰਜਾ ਦਾ ਹਿੰਸਕ ਰੂਪ ਵਿੱਚ ਫੁੱਟਣਾ ਲਾਜ਼ਮੀ ਹੈ।

ਜੰਮੂ-ਕਸ਼ਮੀਰ ਦਾ ਪਿਛੋਕੜ ਰੱਖਣ ਵਾਲੇ ਜਿਨ੍ਹਾਂ ਤਬਕਿਆਂ ਨੂੰ ਹਿੰਸਕ ਲਹਿਰ ਹੁਣ ਆਪਣੀ ਲਪੇਟ ਵਿੱਚ ਲੈ ਰਹੀ ਹੈ, ਉਹ ਰੋਟੀ ਤੋਂ ਆਤੁਰ ਤਬਕੇ ਨਹੀਂ ਹਨ, ਸਗੋਂ ਆਪਣੇ ਆਲੇ-ਦੁਆਲੇ ਦੀ ਰਾਜਨੀਤੀ ਅਤੇ ਇਸ ਦੇ ਵੱਖ-ਵੱਖ ਤਬਕਿਆਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਸਮਝਣ ਵਾਲੇ ਲੋਕ ਹਨ। ਇਨ੍ਹਾਂ ਤਬਕਿਆਂ ਦੀ ਹਿੰਸਕ ਵਿਦਰੋਹ ਵਿੱਚ ਵਧਦੀ ਸ਼ਮੂਲੀਅਤ 5 ਅਗਸਤ 2019 ਨੂੰ ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਖਤਮ ਕਰਨ ਤੋਂ ਬਾਅਦ ਸਾਹਮਣੇ ਆ ਰਹੀ ਹੈ। ਇਸ ਧਾਰਾ ਨੂੰ ਖਤਮ ਕਰਨ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਜਿਸ ਤਰ੍ਹਾਂ ਲੰਮਾ ਸਮਾਂ ਕਰਫਿਊ ਲਗਾ ਕੇ ਰੱਖਿਆ ਗਿਆ, ਇੰਟਰਨੈਟ ਠੱਪ ਕਰਕੇ ਜਿਸ ਤਰ੍ਹਾਂ ਕਸ਼ਮੀਰ ਨੂੰ ਸਾਰੀ ਦੁਨੀਆਂ ਤੋਂ ਅਲੱਗ-ਥਲੱਗ ਕੀਤਾ ਗਿਆ ਅਤੇ ਇੱਕ ਖੁੱਲ੍ਹੀ ਜੇਲ੍ਹ ਬਣਾ ਦਿੱਤਾ ਗਿਆ, ਉਸ ਨੇ ਕਸ਼ਮੀਰੀਆਂ ਦੀ ਮਨੁੱਖੀ ਗੈਰਤ ਨੂੰ ਬਹੁਤ ਗਹਿਰੇ ਪ੍ਰਭਾਵਤ ਕੀਤਾ। ਜਿਸ ਸਖ਼ਤੀ ਨਾਲ ਲੋਕਾਂ ਦੇ ਜਨਤਕ ਪ੍ਰਤੀਕਰਮਾਂ ਨੂੰ ਦਬਾਇਆ ਗਿਆ, ਉਸ ਨਾਲ ਕਸ਼ਮੀਰ ਦੇ ਮਸਲੇ ਦੀ ਕਸਕ ਕਸ਼ਮੀਰੀ ਬੁੱਧੀਮਾਨ ਤਬਕੇ ਦੇ ਧੁਰ ਅੰਦਰ ਤੱਕ ਧਸ ਗਈ ਲਗਦੀ ਹੈ। ਉਵੇਂ ਜਿਵੇਂ ਦਬਾਏ ਹੋਏ ਰੋਗ ਨਾਜ਼ੁਕ ਅੰਗਾਂ ਨੂੰ ਜਾ ਚੰਬੜ ਜਾਂਦੇ ਹਨ। ਇਸ ਲਈ ਇਸ ਦੇ ਸਮਾਜਿਕ-ਸੱਭਿਆਚਰਕ ਅਤੇ ਹਿੰਸਕ ਪ੍ਰਗਟਾਵੇ ਹੁਣ ਵੱਖਰੀ ਤਰ੍ਹਾਂ ਦੇ ਹੋਣਗੇ।

ਦਿੱਲੀ ਲਾਲ ਕਿਲੇ ਦੇ ਨਜ਼ਦੀਕ ਹੋਇਆ ਬੰਬ ਧਮਾਕਾ ਸਾਨੂੰ ਇਸ ਪਾਸੇ ਵੱਲ ਜਾਂਦੇ ਵਹਿਣ ਦੀ ਹੀ ਸੂਹ ਦਿੰਦਾ ਹੈ। ਇਸ ਧਮਾਕੇ ਪਿੱਛੇ ਮੈਡੀਕਲ ਪ੍ਰੋਫੈਸ਼ਨ ਨਾਲ ਸੰਬੰਧਤ ਤਬਕੇ ਦੀ ਜਿੰਨੀ ਵੱਡੀ ਸ਼ਮੂਲੀਅਤ ਸਾਹਮਣੇ ਆਈ, ਇਸ ਨੇ ਖੁਦ ਭਾਰਤੀ ਸੁਰੱਖਿਆ ਏਜੰਸੀਆਂ ਦੇ ਆਗੂਆਂ/ਅਫਸਰਾਂ ਨੂੰ ਵੀ ਲਾਜ਼ਮੀ ਸਕਤੇ ਵਿੱਚ ਪਾਇਆ ਹੋਵੇਗਾ।

ਡਾ. ਉਮਰ ਉਨ ਨਬੀ, ਜਿਹੜਾ ਉਸ ਆਈ-20 ਕਾਰ ਨੂੰ ਚਲਾ ਰਿਹਾ ਸੀ, ਜਿਸ ਨੇ 10 ਨਵੰਬਰ ਨੂੰ ਲਾਲ ਕਿਲੇ ਲਾਗੇ ਆਤਮਘਾਤੀ ਧਮਾਕਾ ਕੀਤਾ, ਉਸ ਦੀ ਵੱਖ-ਵੱਖ ਏਜੰਸੀਆਂ ਵੱਲੋਂ ਜਾਰੀ ਕੀਤੀ ਫੁੱਟੇਜ ਦੀ ਕਹਾਣੀ ਵਿਖਾਉਂਦੀ ਹੈ ਕਿ ਉਹ ਕੋਈ ਪ੍ਰੋਫੈਸ਼ਨਲ ਕਿੱਲਰ ਨਹੀਂ ਸੀ। ਬੰਬ ਧਮਾਕਾ ਕਰਨ ਤੋਂ ਪਹਿਲਾਂ ਉਸ ਨੂੰ ਵੱਖ-ਵੱਖ ਥਾਵਾਂ 'ਤੇ ਇੱਕ ਡਰ ਦੇ ਸਾਏ (ਪੈਨਿਕ) ਵਿੱਚ ਵੀ ਵੇਖਿਆ ਗਿਆ। ਉਹ ਜੇ ਕਿਸੇ ਕਸਬੀ ਕਾਤਲ ਵਾਂਗ ਆਪਣਾ ਕੰਮ ਕਰਦਾ ਤਾਂ ਲਾਲ ਕਿਲਾ ਮੈਟਰੋ ਸਟੇਸ਼ਨ ਤੋਂ ਕੁਝ ਹੀ ਮੀਟਰ ਦੀ ਦੂਰੀ 'ਤੇ ਮੰਦਰ ਲਾਗੇ ਵੀ ਕਰ ਸਕਦਾ ਸੀ। ਇਸ ਨਾਲ ਜਾਨੀ-ਮਾਲੀ ਨੁਕਸਾਨ ਵੀ ਵਧੇਰੇ ਹੋਣਾ ਸੀ ਤੇ ਦਹਿਸ਼ਤ (ਟੈਰਰ) ਦੀ ਮਾਰ ਵੀ ਵੱਡੀ ਹੋਣੀ ਸੀ। ਆਪਣਾ ਬੰਬ ਵੀ ਉਸ ਨੇ ਇੱਕ ਪਾਰਕਿੰਗ ਵਿੱਚ ਕਾਰ ਲਗਾ ਕੇ ਗੱਡੀ ਦੇ ਵਿੱਚ ਹੀ ਤਿਆਰ ਕੀਤਾ। ਇਸ ਵਿਸਫੋਟਕ ਨੂੰ ਤਿਆਰ ਕਰਨ ਲਈ ਅਮੋਨੀਅਮ ਨਾਈਟਰੇਟ ਵੀ ਸਥਾਨਕ ਤੌਰ 'ਤੇ ਹੀ ਖਰੀਦਿਆ ਗਿਆ। ਇਸ ਤੋਂ ਸਾਫ ਹੈ ਕਿ ਵਿਸਫੋਟਕ ਪਦਾਰਥ ਕਿਸੇ ਗੁਆਂਢੀ ਮੁਲਕ ਤੋਂ ਤਾਂ ਦਰਾਮਦ ਨਹੀਂ ਕੀਤਾ ਗਿਆ, ਸਗੋਂ ਪਿਛਲੇ ਤਕਰੀਬਨ ਇੱਕ ਸਾਲ ਦੇ ਸਮੇਂ ਵਿੱਚ ਇਸ ਨੂੰ ਸਥਾਨਕ ਤੌਰ 'ਤੇ ਬਣਾਉਣ ਲਈ ਲੰਮੀ ਤਿਆਰੀ ਕੀਤੀ। ਇਸ ਧਮਾਕੇ ਵਿੱਚ ਸ਼ਾਮਲ ਵਿਕਅਤੀਆਂ ਦੀਆਂ ਟਰੇਸ ਕੀਤੀਆਂ ਗਈਆਂ ਕਾਲਾਂ ਤੋਂ ਇਹ ਵੀ ਹਾਲੇ ਸਾਬਤ ਨਹੀਂ ਹੋ ਸਕਿਆ ਕਿ ਇਸ ਟੈਰਰ ਮਡੀਊਲ ਨੂੰ ਚਲਾਉਣ ਵਾਲੇ ਲੋਕ ਪਾਕਿਸਤਾਨ ਵਿੱਚ ਬੈਠੇ ਸਨ। ਤੁਰਕੀ ਦਾ ਜ਼ਿਕਰ ਜ਼ਰੂਰ ਆਉਂਦਾ ਹੈ, ਜਿਥੇ ਇਸ ਘਟਨਾ ਵਿੱਚ ਸ਼ਾਮਲ ਕਥਿਤ ਦੋਸ਼ੀ ਜੈਸ਼-ਏ-ਮੁਹੰਮਦ ਦੇ ਆਗੂਆਂ ਨੂੰ ਮਿਲੇ ਦੱਸੇ ਜਾਂਦੇ ਹਨ।

## ਅਮਰੀਕੀ ਯੂਨੀਵਰਸਿਟੀਆਂ ਦੀ ਨੀਂਹ ਹਿੱਲੀ

ਹਾਲਾਂਕਿ ਆਮ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ 60 ਫੀਸਦੀ ਘਟੀ ਹੈ, ਪਰ ਭਾਰਤੀਆਂ ਲਈ ਇਹ ਅਜੇ ਵੀ ਪਹਿਲੀ ਪਸੰਦ ਹੈ। ਬ੍ਰਿਟੇਨ ਵਿੱਚ ਨਵੀਆਂ ਵੀਜ਼ਾ ਅਰਜ਼ੀਆਂ ਵਿੱਚ 29 ਫੀਸਦੀ ਵਾਧਾ ਹੋਇਆ ਹੈ, ਜੋ ਦਰਸਾਉਂਦਾ ਹੈ ਕਿ ਭਾਰਤੀ ਪਰਿਵਾਰ ਹੁਣ ਯੂਰਪੀਅਨ ਯੂਨੀਵਰਸਿਟੀਆਂ ਵੱਲ ਵੀ ਵਧੇਰੇ ਧਿਆਨ ਦੇ ਰਹੇ ਹਨ। ਆਸਟ੍ਰੇਲੀਆ ਨੇ 2025 ਲਈ ਨਵੇਂ ਵਿਦਿਆਰਥੀਆਂ ਦੀ ਗਿਣਤੀ ਨੂੰ 2,70,000 ਤੱਕ ਸੀਮਿਤ ਕੀਤਾ ਹੈ, ਪਰ ਭਾਰਤੀ ਅਰਜ਼ੀਆਂ ਵਿੱਚ 20% ਵਾਧਾ ਹੋਇਆ ਹੈ। ਇਹ ਬਦਲਾਅ ਨਾ ਸਿਰਫ਼ ਸਿੱਖਿਆ ਦੇ ਰੁਝਾਨਾਂ ਨੂੰ ਬਦਲ ਰਿਹਾ ਹੈ, ਸਗੋਂ ਵਿਸ਼ਵ ਪੱਧਰੀ ਟੈਲੈਂਟ ਪੂਲ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ।

### ਭਾਰਤੀ ਪਰਿਵਾਰਾਂ ਦੀ ਮਾਨਸਿਕਤਾ ਵਿੱਚ ਵੱਡਾ ਬਦਲਾਅ

ਭਾਰਤ ਵਿੱਚ ਲੰਮੇ ਸਮੇਂ ਤੱਕ ਅਮਰੀਕਾ ਨੂੰ ਸਿੱਖਿਆ ਅਤੇ ਕਰੀਅਰ ਦਾ ਸਰਵਉੱਚ ਕੇਂਦਰ ਮੰਨਿਆ ਜਾਂਦਾ ਸੀ, ਪਰ ਹੁਣ ਮੌਜੂਦਾ ਹਾਲਾਤ ਨੇ ਇਹ ਤਸਵੀਰ ਬਦਲ ਦਿੱਤੀ ਹੈ। ਵਿਦੇਸ਼ ਅਧਿਐਨ ਨਾਲ ਜੁੜੇ ਇੰਸਟੀਚਿਊਟਾਂ ਦੇ ਸਰਵੇ ਦੱਸਦੇ ਹਨ ਕਿ ਇੱਕ ਸਾਲ ਪਹਿਲਾਂ ਤੱਕ 61 ਫੀਸਦੀ ਭਾਰਤੀ ਵਿਦਿਆਰਥੀ ਅਮਰੀਕਾ ਨੂੰ ਤਰਜੀਹ ਦਿੰਦੇ ਸਨ, ਜਦਕਿ ਹੁਣ ਇਹ ਅੰਕੜਾ ਘਟ ਕੇ 22 ਫੀਸਦੀ ਤੱਕ ਆ ਗਿਆ ਹੈ। ਮਹਿੰਗੀ ਪੜ੍ਹਾਈ, ਅਸੁਰੱਖਿਆ ਅਤੇ ਭਵਿੱਖ ਦੀ ਅਨਿਸ਼ਚਿਤਤਾ ਨੇ ਪਰਿਵਾਰਾਂ ਨੂੰ ਘੱਟ ਜੋਖਮ ਵਾਲੇ ਰਸਤਿਆਂ ਵੱਲ ਧੱਕ ਦਿੱਤਾ ਹੈ। ਇੱਕ ਸਰਵੇ ਅਨੁਸਾਰ 2025 ਵਿੱਚ 45 ਫੀਸਦੀ ਭਾਰਤੀ ਪਰਿਵਾਰਾਂ ਨੇ ਕਿਹਾ ਕਿ ਉਹ ਹੁਣ ਕੈਨੇਡਾ ਜਾਂ ਬ੍ਰਿਟੇਨ ਵਰਗੇ ਦੇਸ਼ਾਂ ਨੂੰ ਚੁਣਨਗੇ, ਕਿਉਂਕਿ ਉੱਥੇ ਪੜ੍ਹਾਈ ਤੋਂ ਬਾਅਦ ਨੌਕਰੀ ਅਤੇ ਨਾਗਰਿਕਤਾ ਦਾ ਰਾਹ ਵਧੇਰੇ ਸੌਖਾ ਹੈ। ਇਸ ਤੋਂ ਪਹਿਲਾਂ 2010 ਵਿੱਚ ਸਿਰਫ਼ 1 ਲੱਖ ਭਾਰਤੀ ਵਿਦਿਆਰਥੀ ਵਿਦੇਸ਼ ਪੜ੍ਹਨ ਜਾਂਦੇ ਸਨ, ਪਰ ਹੁਣ ਇਹ ਗਿਣਤੀ 18 ਲੱਖ ਤੱਕ ਪਹੁੰਚ ਗਈ ਹੈ- ਇਹ ਵਾਧਾ ਭਾਰਤ ਦੀ ਵਧਦੀ ਆਰਥਿਕ ਤਾਕਤ ਅਤੇ ਮੱਧ ਵਰਗ ਦੇ ਵਿਸਥਾਰ ਨਾਲ ਜੁੜਿਆ ਹੈ। ਪਰ ਅਮਰੀਕੀ ਵੀਜ਼ਾ ਨੀਤੀਆਂ ਨੇ ਇਸ ਨੂੰ ਰੋਕਿਆ ਹੈ, ਜਿਸ ਕਾਰਨ ਭਾਰਤੀ ਨੌਜਵਾਨ ਹੁਣ ਘਰੇਲੂ ਸਿੱਖਿਆ ਜਾਂ ਹੋਰ ਦੇਸ਼ਾਂ ਵੱਲ ਵੀ ਵੇਖ ਰਹੇ ਹਨ। ਮਿਸਾਲ ਵਜੋਂ ਭਾਰਤ 'ਚ ਆਈ.ਆਈ.ਟੀਜ਼ ਅਤੇ ਆਈ.ਆਈ.ਐੱਮ. ਵਰਗੀਆਂ ਇੰਸਟੀਚਿਊਟਾਂ ਵਿੱਚ ਨਾਮਜ਼ਦਗੀ 20 ਫੀਸਦੀ ਵਧੀ ਹੈ, ਜੋ ਦਰਸਾਉਂਦੀ ਹੈ ਕਿ ਵਿਦੇਸ਼ ਜਾਣ ਦੀ ਭੁੱਖ ਘਟ ਰਹੀ ਹੈ।

ਭਾਰਤੀ ਵਿਦਿਆਰਥੀਆਂ ਦੀ ਇੰਨੀ ਤੇਜ਼ ਘਾਟ ਅਮਰੀਕੀ ਯੂਨੀਵਰਸਿਟੀਆਂ ਲਈ ਸਿਰਫ਼ ਆਮਦਨੀ ਦਾ ਨਹੀਂ, ਸਗੋਂ ਵਿਸ਼ਵ ਪੱਧਰੀ ਟੈਲੈਂਟ ਦੇ ਨੁਕਸਾਨ ਦਾ ਵੀ ਵੱਡਾ ਝਟਕਾ ਹੈ। ਭਾਰਤੀ ਵਿਦਿਆਰਥੀ ਹਰ ਸਾਲ ਅਰਬਾਂ ਡਾਲਰਾਂ ਦੀ ਫੀਸ ਅਤੇ ਰਿਸਰਚ ਯੋਗਦਾਨ ਨਾਲ ਅਮਰੀਕੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੇ ਰਹੇ ਹਨ। 2024 ਵਿੱਚ ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਅਰਥਵਿਵਸਥਾ ਵਿੱਚ 45 ਅਰਬ ਡਾਲਰਾਂ ਦਾ ਯੋਗਦਾਨ ਪਾਇਆ ਸੀ, ਜਿਸ ਵਿੱਚ ਫੀਸ ਤੋਂ ਇਲਾਵਾ ਰਹਿਣ-ਸਹਿਣ ਅਤੇ ਖਰੀਦੋ-ਫਰੋਖਤ ਵੀ ਸ਼ਾਮਲ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਨੇ ਵੀਜ਼ਾ ਅਤੇ ਵਰਕ ਪਰਮਿਟ ਨਿਯਮਾਂ ਵਿੱਚ ਸੁਧਾਰ ਨਹੀਂ ਕੀਤੇ ਤਾਂ ਦੁਨੀਆਂ ਦਾ ਟੈਲੈਂਟ ਅਮਰੀਕਾ ਤੋਂ ਹਟ ਕੇ ਹੋਰ ਦੇਸ਼ਾਂ ਵੱਲ ਸਥਾਈ ਤੌਰ 'ਤੇ ਜਾ ਸਕਦਾ ਹੈ।

ਇੱਕ ਰਿਪੋਰਟ ਅਨੁਸਾਰ ਇਹ ਗਿਰਾਵਟ ਅਮਰੀਕੀ ਯੂਨੀਵਰਸਿਟੀਆਂ ਨੂੰ 2026 ਤੱਕ 10 ਅਰਬ ਡਾਲਰ ਦਾ ਵਧੇਰੇ ਨੁਕਸਾਨ ਪਹੁੰਚਾ ਸਕਦੀ ਹੈ, ਖਾਸ ਕਰ ਕੇ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ, ਜਿੱਥੇ ਭਾਰਤੀ ਵਿਦਿਆਰਥੀ ਵੱਧ ਖਰਚ ਕਰਦੇ ਹਨ। ਨਾਲ ਹੀ, ਇਹ ਗਿਰਾਵਟ ਅਮਰੀਕੀ ਇਨੋਵੇਸ਼ਨ ਨੂੰ ਵੀ ਪ੍ਰਭਾਵਿਤ ਕਰੇਗੀ, ਕਿਉਂਕਿ ਭਾਰਤੀ ਵਿਦਿਆਰਥੀ ਅਮਰੀਕੀ ਕੰਪਨੀਆਂ ਵਿੱਚ 25 ਫੀਸਦੀ ਵਿਗਿਆਨੀ ਅਤੇ ਇੰਜੀਨੀਅਰ ਹਨ। ਭਵਿੱਖ ਵਿੱਚ ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਅਮਰੀਕਾ ਨੂੰ ਆਪਣੀ ਵਿਸ਼ਵ ਅਗਵਾਈ ਵਾਲੀ ਸਥਿਤੀ ਗੁਆਉਣੀ ਪੈ ਸਕਦੀ ਹੈ, ਜਦਕਿ ਕੈਨੇਡਾ ਅਤੇ ਬ੍ਰਿਟੇਨ ਵਰਗੇ ਦੇਸ਼ ਆਪਣੀ ਸਿੱਖਿਆ ਅਰਥਵਿਵਸਥਾ ਨੂੰ ਮਜਬੂਤ ਕਰਨਗੇ। ਇਸ ਲਈ ਅਮਰੀਕੀ ਸਰਕਾਰ ਨੂੰ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਭਾਰਤੀ ਟੈਲੈਂਟ ਨੂੰ ਵਾਪਸ ਖਿੱਚਿਆ ਜਾ ਸਕੇ।

# ਤਰਨਤਾਰਨ ਜ਼ਿਮਨੀ ਚੋਣ ਦੇ ਨਤੀਜੇ ਨੇ ਨਵੇਂ ਅਕਾਲੀਆਂ ਨੂੰ ਪਰਖ 'ਚ ਪਾਇਆ

***ਵਿਰੋਧੀਆਂ ਦੀਆਂ ਗਲਤੀਆਂ ਨੇ ਬਾਦਲ ਧੜੇ ਨੂੰ ਸੰਭਲਣ ਦਾ ਦਿੱਤਾ ਮੌਕਾ**
***ਪਾਰਲੀਮਾਨੀ ਰਾਜਨੀਤੀ ਵਿੱਚ ਸਾਧਨ ਸਮਰੱਥ ਹੋਣਾ ਵੀ ਜ਼ਰੂਰੀ**

**ਜਸਵੀਰ ਸਿੰਘ ਸ਼ੀਰੀ**

ਤਰਨਤਾਰਨ ਵਿੱਚ ਹੋਈ ਜ਼ਿਮਨੀ ਚੋਣ ਦੇ ਇੱਕ ਤਰ੍ਹਾਂ ਨਾਲ ਵਚਿੱਤਰ ਕਿਸਮ ਦੇ ਨਤੀਜੇ ਸਾਹਮਣੇ ਆਏ ਹਨ। ਇਸ ਚੋਣ ਨਤੀਜੇ ਨੇ ਭਾਰਤ ਵਿੱਚ ਚੱਲ ਰਹੀ ਕੁਲਵਾਦੀ ਸਿਆਸਤ ਨੂੰ ਵੀ ਚੁਣੌਤੀ ਦੇ ਦਿੱਤੀ ਹੈ। ਤਰਨਤਾਰਨ ਦਾ ਇਹ ਨਤੀਜਾ ਦੇਸ਼ ਦੇ ਕਈ ਹੋਰ ਹਿੱਸਿਆਂ, ਖਾਸ ਕਰਕੇ ਬਿਹਾਰ ਦੀ ਵਿਧਾਨ ਸਭਾ ਵਿੱਚ ਆਏ ਚੋਣ ਨਤੀਜਿਆਂ ਦੇ ਬਿਲਕੁਲ ਉਲਟ ਜਾਪਦਾ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਨੇ ਇਹ ਚੋਣ ਭਾਵੇਂ 10-12 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਲਈ ਹੈ, ਪਰ ਨਤੀਜਿਆਂ ਦੀ ਜਿਸ ਕਿਸਮ ਦੀ ਤਰਤੀਬ ਸਾਹਮਣੇ ਆਈ ਹੈ, ਉਸ ਤੋਂ ਦੇਸ਼ ਦੀਆਂ ਦੋ ਵੱਡੀਆਂ ਪਾਰਟੀਆਂ- ਭਾਜਪਾ ਅਤੇ ਕਾਂਗਰਸ ਪੰਜਾਬ ਵਿੱਚ ਹਾਸ਼ੀਏ 'ਤੇ ਚਲੀਆਂ ਗਈਆਂ ਨਜ਼ਰ ਆ ਰਹੀਆਂ ਹਨ। ਖੇਤਰੀ ਪਾਰਟੀਆਂ ('ਆਪ' ਸਮੇਤ) ਦਾ ਇੱਕ ਉਭਾਰ ਸੰਕੇਤ ਦੇ ਰਿਹਾ ਹੈ। ਜਿੱਥੇ ਬਿਹਾਰ ਵਿਧਾਨ ਸਭਾ ਦੇ ਚੋਣ ਨਤੀਜਿਆਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਕਾਂਗਰਸ ਲਈ ਸਦਾ ਵਾਸਤੇ ਰਸਤੇ ਬੰਦ ਹੋ ਜਾਣ ਦਾ ਐਲਾਨ ਕੀਤਾ ਹੈ, ਉਥੇ ਪੰਜਾਬ ਵਿੱਚ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮੁਕਾਬਲੇ ਵਿੱਚ ਜਿੱਤਣ ਦੀ ਆਸ ਕਈ ਪਾਰਟੀਆਂ ਲਈ ਖੁੱਲ੍ਹ ਗਈ ਹੈ। ਬਸ਼ਰਤੇ ਕਿ ਭਾਰਤੀ ਚੋਣ ਕਮਿਸ਼ਨ ਦਾ ਨਸ਼ਤਰ ਪੰਜਾਬ ਦੀਆਂ ਚੋਣ ਸੂਚੀਆਂ ਨੂੰ ਵੀ ਸਪੈਸ਼ਲ ਇੰਟੈਂਸਿਵ ਰਵੀਜ਼ਨ ਰਾਹੀਂ ਦੁਬਾਰਾ ਨਾ ਡੰਗ ਦੇਵੇ।

ਤਰਨਤਾਰਨ ਦੀ ਜ਼ਿਮਨੀ ਚੋਣ ਜਿੱਤਣ ਵਾਲੀ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ 42,652 ਵੋਟਾਂ ਮਿਲੀਆਂ ਹਨ ਅਤੇ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ 30,558 ਵੋਟਾਂ ਹਾਸਲ ਕਰਕੇ ਦੂਜੇ ਸਥਾਨ 'ਤੇ ਰਹੇ ਹਨ; ਜਦਕਿ ਪੰਥਕ ਧਿਰਾਂ ਦੇ ਉਮੀਦਵਾਰ ਮਨਦੀਪ ਸਿੰਘ ਨੂੰ 19,620 ਵੋਟਾਂ ਮਿਲੀਆਂ ਹਨ। ਦੋਨੋਂ ਵੱਡੀਆਂ ਕੌਮੀ ਪਾਰਟੀਆਂ- ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਕ੍ਰਮਵਾਰ 15,078 ਅਤੇ 6239 ਵੋਟਾਂ ਹਾਸਲ ਕਰਕੇ ਚੌਥੇ ਤੇ ਪੰਜਵੇਂ ਸਥਾਨ 'ਤੇ ਰਹੀਆਂ ਹਨ ਅਤੇ ਆਪਣੀਆਂ ਜ਼ਮਾਨਤਾਂ ਵੀ ਨਹੀਂ ਬਚਾ ਸਕੀਆਂ।

ਇਸ ਚੋਣ ਦੇ ਨਤੀਜੇ ਤੋਂ ਪਹਿਲਾਂ ਆਮ ਲੋਕ ਰਾਏ ਅਤੇ ਰਾਜਨੀਤਿਕ ਵਿਸ਼ਲੇਸ਼ਣ ਵੀ ਮੁੱਖ ਟੱਕਰ ਪੰਥਕ ਉਮੀਦਵਾਰ ਮਨਦੀਪ ਸਿੰਘ ਅਤੇ ਆਮ ਆਦਮੀ ਪਾਰਟੀ ਵਿਚਕਾਰ ਦੇਖ ਰਹੇ ਸਨ, ਪਰ ਨਤੀਜੇ ਨੇ ਸਾਬਤ ਕੀਤਾ ਕਿ 2 ਦਸੰਬਰ ਦੇ ਹੁਕਮਨਾਮੇ ਤੋਂ ਬਾਅਦ ਰੈਡੀਕਲ ਸਿੱਖ ਸਟਰੀਮ ਦੇ ਤ੍ਰਿਸਕਾਰ ਦਾ ਸਾਹਮਣਾ ਕਰਨ ਵਾਲਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਪੁਰਾਣਾ ਅਕਾਲੀ ਦਲ ਇੱਕ ਵਾਰ ਫਿਰ ਆਪਣੇ ਆਪ ਨੂੰ ਉਭਾਰਨ ਵਿੱਚ ਕਾਮਯਾਬ ਹੋ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਇਸ ਤੋਂ ਵੱਖ ਹੋਇਆ ਅਕਾਲੀ ਦਲ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਆਪਣੇ ਸਿਆਸੀ ਨਕਸ਼ ਧੁੰਦਲੇ ਹੁੰਦੇ ਵੇਖ ਰਿਹਾ ਹੈ। ਇਹ ਨਤੀਜਾ ਇਸ ਪਾਸੇ ਵੱਲ ਵੀ ਸੰਕੇਤ ਕਰਦਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨਵੇਂ ਅਕਾਲੀ ਦਲ ਦੀ ਸੀਨੀਅਰ ਅਤੇ ਨਵੀਂ ਲੀਡਰਸ਼ਿੱਪ ਨੂੰ ਸੰਗਠਨਾਤਮਕ ਤੇ ਵਿਚਾਰਧਾਰਕ ਰੂਪ ਵਿੱਚ ਕਿਸੇ ਦਿਸ਼ਾ ਵਿੱਚ ਤੋਰਨ ਵਿੱਚ ਹਾਲ ਦੀ ਘੜੀ ਨਾਕਾਮ ਰਹਿ ਰਹੇ ਹਨ। ਇਹ ਠੀਕ ਹੈ ਕਿ ਕਿਸੇ ਪਾਰਟੀ ਦੀ ਉਸਾਰੀ ਅਤੇ ਇਸ ਨੂੰ ਪਰਪੱਕਤਾ ਤੱਕ ਪ੍ਰਵਾਨ ਚਾੜ੍ਹਨ ਲਈ ਦਹਾਕਿਆਂ ਤੋਂ ਲੈ ਕੇ ਸਦੀਆਂ ਲੱਗ ਜਾਂਦੀਆਂ ਹਨ; ਪਰ ਨਵੀਂ ਸਿਆਸੀ ਪਾਰਟੀ ਲਈ ਆਪਣੇ ਸ਼ੁਰੂਆਤੀ ਕਦਮ, ਵਿਚਾਰਧਾਰਕ ਸਾਫਗੋਈ ਅਤੇ ਅਪਣਾਈ ਜਾਣ ਵਾਲੀ ਸਿਆਸੀ ਦਿਸ਼ਾ ਬਹੁਤ ਕੁਝ ਤੈਅ ਕਰ ਸਕਦੇ ਹਨ। ਜੇ ਨਵੀਂ ਅਕਾਲੀ ਪਾਰਟੀ ਦੀ ਉਸਾਰੀ ਨੂੰ ਅਸੀਂ ਇਸ ਨਜ਼ਰ ਨਾਲ ਵੇਖੀਏ ਤਾਂ ਪਤਾ ਲੱਗੇਗਾ ਕਿ ਅਕਾਲੀ ਸਿਆਸਤ ਦੇ ਪੁਨਰਉਥਾਨ ਨੂੰ ਸਮਰਪਿਤ ਅਕਾਲੀ ਦਲ ਨੇ ਆਪਣੇ ਮੁੱਢ ਵਿੱਚ ਹੀ ਕੁਝ ਗੰਭੀਰ ਗਲਤੀਆਂ ਕੀਤੀਆਂ, ਜਿਨ੍ਹਾਂ ਨੇ ਇਸ ਪਾਰਟੀ ਦੀ ਭਰੋਸੇਯੋਗਤਾ ਨੂੰ ਦਾਅ 'ਤੇ ਲਗਾ ਦਿੱਤਾ। ਇਸ ਨੁਕਤੇ ਤੋਂ ਸਭ ਤੋਂ ਪਹਿਲੀ ਗਲਤੀ ਤਾਂ ਗਿਆਨੀ ਹਰਪ੍ਰੀਤ ਸਿੰਘ ਦਾ ਨਵੀਂ ਪਾਰਟੀ ਦਾ ਪ੍ਰਧਾਨ ਚੁਣੇ ਜਾਣਾ


ਹਰਮੀਤ ਸਿੰਘ ਸੰਧੂ


ਸੁਖਬੀਰ ਸਿੰਘ ਬਾਦਲ


ਗਿਆਨੀ ਹਰਪ੍ਰੀਤ ਸਿੰਘ

ਹੀ ਸੀ। ਯਾਦ ਰਹੇ, ਗਿਆਨੀ ਹਰਪ੍ਰੀਤ ਸਿੰਘ ਪਿਛਲੇ ਸਾਲ ਦੋ ਦਸੰਬਰ ਨੂੰ ਅਕਾਲ ਤਖਤ ਸਾਹਿਬ ਤੋਂ ਸਮੂਹਿਕ ਅਕਾਲੀ ਲੀਡਰਸ਼ਿੱਪ ਨੂੰ ਤਨਖਾਹ ਲਾਉਣ ਵਿੱਚ ਵੀ ਸ਼ਾਮਲ ਸਨ। ਇਸ ਹੁਕਮਨਾਮੇ ਦੀ ਸੁਚੱਜਤਾ ਅਤੇ ਨਿਰਪੱਖਤਾ ਦੀ ਸਾਰੀ ਦੁਨੀਆਂ ਵਿੱਚ, ਇੱਥੋਂ ਤੱਕ ਕਿ ਗੈਰ-ਸਿੱਖ ਤਬਕਿਆਂ ਵਿੱਚ ਹੀ ਪ੍ਰਸ਼ੰਸਾ ਹੋਈ ਸੀ। ਇਸ ਹੁਕਮਨਾਮੇ ਨੂੰ ਤਿਆਰ ਅਤੇ ਜਾਰੀ ਕਰਨ ਵਾਲੇ ਦੋ ਜਥੇਦਾਰਾਂ ਵਿੱਚ ਗਿਆਨੀ ਹਰਪ੍ਰੀਤ ਸਿੰਘ ਅਤੇ ਗਿਆਨੀ ਰਘਬੀਰ ਸਿੰਘ ਨੂੰ ਆਮ ਸਿੱਖਾਂ ਦੀ ਨਜ਼ਰ ਵਿੱਚ ਨਿਰਪੱਖ ਦਿਸਣਾ ਤੇ ਸੱਚਮੁੱਚ ਨਿਰਪੱਖ ਰਹਿਣਾ ਬਹੁਤ ਜ਼ਰੂਰੀ ਸੀ; ਪਰ ਜਦੋਂ ਨਵੇਂ ਅਕਾਲੀ ਦਲ ਦੇ ਆਗੂਆਂ ਵੱਲੋਂ ਆਪਣੀ ਨਵੀਂ ਬਣੀ ਪਾਰਟੀ ਦੀ ਲੀਡਰਸ਼ਿੱਪ ਗਿਆਨੀ ਹਰਪ੍ਰੀਤ ਸਿੰਘ ਨੂੰ ਹੀ ਸੰਭਾਲ ਦਿੱਤੀ ਗਈ ਤਾਂ ਸਿੱਖ ਅਵਾਮ ਵਿੱਚ ਇਹ ਸੰਕੇਤ ਜਾਣ ਲੱਗੇ ਕਿ ਜਥੇਦਾਰਾਂ ਵੱਲੋਂ ਅਕਾਲੀ ਦਲ (ਬਾਦਲ) ਖਾਸ ਕਰਕੇ ਇਸ ਦੇ ਲੀਡਰ ਸੁਖਬੀਰ ਸਿੰਘ ਬਾਦਲ ਪ੍ਰਤੀ ਪੱਖਪਾਤੀ ਰਵੱਈਆ ਅਪਨਾਇਆ ਗਿਆ ਹੈ। ਇਸ ਸਾਰੀ ਕਵਾਇਦ ਨੂੰ ਬਾਦਲ ਧੜੇ ਦੀ ਲੀਡਰਸ਼ਿਪ ਨੂੰ ਨੁਕਸਾਨ ਪਹੁੰਚਾਉਣ ਦੇ ਸੰਦਰਭ ਵਿੱਚ ਵੇਖਿਆ ਜਾਣ ਲੱਗਾ। ਇਸ ਕਿਸਮ ਦੇ ਦੋਸ਼ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਵੱਲੋਂ ਇਸ ਤੋਂ ਪਹਿਲਾਂ ਲਗਾਏ ਵੀ ਜਾ ਰਹੇ ਸਨ। ਗਿਆਨੀ ਹਰਪ੍ਰੀਤ ਸਿੰਘ ਦੇ ਪ੍ਰਧਾਨ ਬਣਨ ਨਾਲ ਵਿਰੋਧੀਆਂ ਦੇ ਇਸ ਹੱਲੇ ਨੂੰ ਵਾਜਬ ਆਧਾਰ ਮਿਲਣ ਲੱਗਾ। ਗਿਆਨੀ ਹਰਪ੍ਰੀਤ ਸਿੰਘ ਭਾਵੇਂ ਧਰਮ ਅਧਿਐਨ ਵਿੱਚ ਉੱਚ ਸਿੱਖਿਆ ਪ੍ਰਾਪਤ ਹਨ ਅਤੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਉਨ੍ਹਾਂ ਦਾ ਸਮਾਂ ਬਹੁਤੇ ਵਿਵਾਦਾਂ ਤੋਂ ਦੂਰ ਰਿਹਾ ਹੈ, ਪਰ ਇੱਕ ਪਾਰਟੀ ਦੀ ਸਿਆਸੀ ਅਗਵਾਈ ਦੇ ਮੁੱਢਲੇ ਦੌਰ ਵਿੱਚ ਉਨ੍ਹਾਂ ਦੀ ਸਿਆਸੀ ਸਰਗਰਮੀ ਅਤੇ ਸਿਆਸੀ ਨੈਰੇਟਿਵ ਬੁਣਨ ਦੀ ਅਸਮਰਥਾ ਵੀ ਸਾਹਮਣੇ ਆਉਣ ਲੱਗੀ ਹੈ।

ਮਾਸ ਮੀਡੀਆ ਸਮੇਤ ਸਾਰਾ ਇਲੈਕਟਰੌਨਿਕ ਮੀਡੀਆ, ਸੋਸ਼ਲ ਮੀਡੀਆ ਕਿਸੇ ਸਿਆਸੀ ਪਾਰਟੀ ਲਈ ਜੰਗ ਦੇ ਮੈਦਾਨ ਵਾਂਗ ਹੈ। ਹੋਰ ਕੁਝ ਵੀ ਨਾ ਹੋਵੇ ਤਾਂ ਤੁਹਾਡੀ ਇੱਥੇ (ਮੀਡੀਆ ਵਿੱਚ) ਤਕਰੀਬਨ ਹਰ ਰੋਜ਼ ਹਾਜ਼ਰੀ ਲਗਦੀ ਰਹਿਣੀ ਬੇਹੱਦ ਜ਼ਰੂਰੀ ਹੁੰਦੀ ਹੈ। ਇਸ ਮਕਸਦ ਲਈ ਗਿਆਨੀ ਹਰਪ੍ਰੀਤ ਸਿੰਘ ਨੂੰ ਆਪਣੀ ਨਿੱਜੀ ਨਿਗਰਾਨੀ ਹੇਠ ਇੱਕ ਅਜਿਹੀ ਟੀਮ ਦਾ ਗਠਨ ਕਰਨਾ ਬਹੁਤ ਜ਼ਰੂਰੀ ਸੀ, ਜਿਹੜੀ ਪਾਰਟੀ ਉਸਾਰੀ ਦੇ ਬੇਹੱਦ ਮੁਸ਼ਕਲ ਪਹਿਲੇ ਪੜਾਅ ਵਿੱਚ ਮੀਡੀਆ ਵਿੱਚ ਵੱਖ-ਵੱਖ ਮਸਲਿਆਂ 'ਤੇ ਚੱਲਣ ਵਾਲੀ ਬਹਿਸ ਵਿੱਚ ਆਪਣੇ ਸਿਆਸੀ ਬਿਆਨੀਏ ਨੂੰ ਬੁਣ ਸਕਦੀ ਅਤੇ ਅਕਾਲੀ ਦਲ (ਬਾਦਲ) ਦੇ ਮੁਕਾਬਲੇ ਇਸ ਦੀ ਵਿਲੱਖਣਤਾ ਨੂੰ ਪ੍ਰਗਟ ਕਰ ਸਕਦੀ; ਪਰ ਇਸ ਪੱਖੋਂ ਵੀ ਨਵੇਂ ਅਕਾਲੀ ਦਲ ਵਾਲੇ ਅਸਫਲ ਰਹੇ।

ਅਸਲ ਵਿੱਚ ਇੱਕ ਸਿਆਸੀ ਪਾਰਟੀ ਦੀ ਅਗਵਾਈ ਮੂਲ ਰੂਪ ਵਿੱਚ ਕਿਸੇ ਸਿਆਸੀ ਆਗੂ ਨੂੰ ਹੀ ਦਿੱਤੀ ਜਾਣੀ ਚਾਹੀਦੀ ਹੈ। ਸਿਆਸੀ ਸਿਆਣਪ ਪੱਖੋਂ ਇਕਬਾਲ ਸਿੰਘ ਝੂੰਦਾਂ ਇਸ ਕਿਸਮ ਦੀ ਸਮਰੱਥਾ ਰੱਖਦੇ ਹਨ। ਸਿਆਸੀ ਸੂਝ-ਬੂਝ, ਠਰੰਮਾ ਅਤੇ ਸਾਧਨਾਂ ਦੀ ਦ੍ਰਿਸ਼ਟੀ ਤੋਂ ਰੱਖੜਾ ਪਰਿਵਾਰ ਅਤੇ ਮਨਪ੍ਰੀਤ ਸਿੰਘ ਇਆਲੀ ਨੂੰ ਵੀ ਸੀਨੀਅਰ ਲੀਡਰਸ਼ਿੱਪ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸੁੱਚਾ ਸਿੰਘ ਛੋਟੇਪੁਰ ਸਮੇਤ ਇਸ ਲੀਡਰਸ਼ਿੱਪ 'ਤੇ ਸਮੂਹਿਕ ਤੌਰ 'ਤੇ ਰੋਜ਼-ਬ-ਰੋਜ਼ ਸਿਆਸੀ ਬਿਆਨੀਆ ਬੁਣਨ ਅਤੇ ਮੀਡੀਆ ਜੰਗ ਵਿੱਚ ਮੀਰੀ ਹੋਣ ਦੀ ਸਮੂਹਿਕ ਜ਼ਿੰਮੇਵਾਰੀ ਪਾਈ ਜਾ ਸਕਦੀ ਸੀ। ਗਿਆਨੀ ਹਰਪ੍ਰੀਤ ਸਿੰਘ ਨੂੰ ਪਾਰਟੀ ਦੇ ਸਰਪ੍ਰਸਤ/ਸਰਬਰਾਹ ਤਾਂ ਬਣਾਇਆ ਜਾ ਸਕਦਾ ਸੀ, ਮੁੱਖ ਆਗੂ ਬਣਾ ਲੈਣਾ ਇੱਕ ਵੱਡੀ ਗਲਤੀ ਹੀ ਕਹੀ ਜਾਵੇਗੀ। ਉਸ ਹਾਲਤ ਵਿੱਚ ਜਦੋਂ ਤੁਹਾਡਾ ਵਿਰੋਧੀ ਆਗੂ ਆਪਣੀ ਤਨਖਾਹ ਪੂਰੀ ਕਰਨ ਸਮੇਂ ਜਾਨਲੇਵਾ ਹਮਲੇ ਦੀ ਮਾਰ ਹੇਠ ਆ ਗਿਆ ਹੋਵੇ, ਜਥੇਦਾਰਾਂ ਦੇ ਪੱਖਪਾਤ ਦੇ ਦੋਸ਼ ਨੂੰ ਆਪਣੇ ਕਰਮੀਂ ਸਾਬਤਾ ਕਰਨਾ ਕੋਈ ਛੋਟੀ ਗਲਤੀ ਨਹੀਂ ਹੈ। ਇਹ ਆਪਣੇ ਵਿਰੋਧੀ ਦੇ ਮੂੰਹ ਵਿੱਚ ਵਾਜਬ ਤਰਕ ਪਾ ਦੇਣ ਵਾਲੀ ਘਟਨਾ ਹੈ। ਇਸ ਤੋਂ ਇਲਾਵਾ ਸੁਖਬੀਰ ਸਿੰਘ ਬਾਦਲ ਦੀ ਲਗਾਤਾਰ ਸਿਆਸੀ ਸਰਗਰਮੀ, ਹੜ੍ਹਾਂ ਦੇ ਦੌਰ ਵਿੱਚ ਲੋਕਾਂ ਨਾਲ ਖੜ੍ਹੇ ਨਜ਼ਰ ਆਉਣਾ ਆਦਿ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੂੰ ਸੰਭਲਣ ਦਾ ਮੌਕਾ ਦੇ ਗਿਆ। ਇਸ ਦੇ ਮੁਕਾਬਲੇ ਨਵੇਂ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਸਮੂਹਿਕ ਰੂਪ ਵਿੱਚ ਲਗਪਗ ਨਾਦਾਰਦ ਨਜ਼ਰ ਆਈ। ਇੱਕ ਮਨਪ੍ਰੀਤ ਸਿੰਘ ਇਆਲੀ ਹੀ ਸਨ, ਜਿਹੜੇ ਹੜ੍ਹ ਪੀੜਤਾਂ ਨੂੰ ਰਾਹਤ ਪਹੁੰਚਾਉਣ ਦੇ ਮਾਮਲੇ ਵਿੱਚ ਵਿਰੋਧੀਆਂ ਨਾਲ ਬਰ ਮੇਚਦੇ ਨਜ਼ਰ ਆਏ।

ਜਿੱਥੋਂ ਤੱਕ ਅਕਾਲੀ ਦਲ (ਵਾਰਸ ਪੰਜਾਬ ਦੇ) ਦਾ ਸਵਾਲ ਹੈ, ਇਸ ਦੀ ਲੀਡਰਸ਼ਿਪ ਭਾਵੇਂ ਜੇਲ੍ਹ ਵਿੱਚ ਬੈਠੀ ਹੈ, ਪਰ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਪਾਰਟੀ ਦਾ ਸਾਰਾ ਕਾਰੋਬਾਰ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵੱਲੋਂ ਸਾਂਭ ਲੈਣ ਨੇ ਇਸ ਦੀ ਲੀਡਰਸ਼ਿਪ ਨੂੰ ਇੱਕ ਤਰ੍ਹਾਂ ਨਾਲ ਦਾਗੀ ਕੀਤਾ। ਵਿਰੋਧੀ ਇਹ ਦਲੀਲ ਦੇਣ ਲੱਗੇ ਕਿ ਇਹ ਲੋਕ ਬਾਦਲ ਪਰਿਵਾਰ 'ਤੇ ਤਾਂ ਪਰਿਵਾਰਵਾਦ ਦਾ ਦੋਸ਼ ਲਾ ਰਹੇ ਹਨ, ਪਰ ਮੌਕਾ ਮਿਲਣ 'ਤੇ ਆਪ ਵੀ ਉਹੋ ਕੁਝ ਕਰ ਰਹੇ ਹਨ। ਸ਼ਾਇਦ ਇਹ ਵੀ ਇੱਕ ਕਾਰਨ ਹੈ ਕਿ ਲੋਕ ਸਭਾ ਚੋਣਾਂ ਵਾਲਾ ਜਲਵਾ ਤਰਨਤਾਰਨ ਦੀ ਜ਼ਿਮਨੀ ਚੋਣ ਵਿੱਚ ਵੇਖਣ ਨੂੰ ਨਹੀਂ ਮਿਲਿਆ। ਸਭ ਤੋਂ ਵੱਡੀ ਗੱਲ ਇਹ ਕਿ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਇਸ ਪਾਰਟੀ ਨੇ ਪਿੰਡ ਪੱਧਰ ਤੱਕ ਬਾਕਾਇਦਾ ਪਾਰਟੀ ਢਾਂਚਾ ਉਸਾਰਨ ਦਾ ਯਤਨ ਨਹੀਂ ਕੀਤਾ। ਭਾਵਨਾਵਾਂ ਦਾ ਵੇਗ ਇੱਕ ਅੱਧ ਵਾਰ ਤੁਹਾਡੀ ਬੇੜੀ ਬੰਨੇ ਲਾ ਸਕਦਾ ਹੈ, ਪਰ ਲੰਮੇ ਦਾਅ ਤੋਂ ਸਿਆਸੀ ਸੰਗਠਨਾਤਮਕਤਾ ਦੇ ਮੂਲ-ਚੂਲ ਅਸੂਲ ਹੀ ਕੰਮ ਆਉਂਦੇ ਹਨ। ਜਿੱਥੋਂ ਤੱਕ ਕਾਂਗਰਸ ਦਾ ਸਵਾਲ ਹੈ, ਇਸ ਦੇ ਪ੍ਰਧਾਨ ਨੇ ਪੁੱਠੇ ਸਿੱਧੇ ਬਿਆਨ ਦੇ ਕੇ ਆਪਣੀਆਂ ਬੇੜੀਆਂ ਵਿੱਚ ਖੁਦ ਹੀ ਵੱਟੇ ਪਾਏ। ਦੂਜੇ ਪਾਸੇ ਭਾਜਪਾ ਇਸ ਚੋਣ ਦੌਰਾਨ ਪੇਂਡੂ ਪੰਜਾਬ ਦੇ ਗੈਰ-ਜੱਟ ਤਬਕਿਆਂ ਵਿੱਚ ਸੰਨ੍ਹ ਲਾਉਣ ਵਿੱਚ ਅਸਫਲ ਰਹੀ।


HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।


Punjabi Parwaz LLC - DBA Punjabi Parwaz
Address:
827 E. Kings Row, Unit# 7, Palatine, IL 60074
Managed by:
Anureet Kaur & Kuljeet Singh
Punjab Incharge:
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



ਪੰਜਾਬੀ ਪਰਵਾਜ਼ ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਪਾਕਿਸਤਾਨ 'ਚ ਜੱਜਾਂ ਨੂੰ ਨੱਥ ਪਾਉਣ ਦੀ ਕਵਾਇਦ!

## *ਸਰਕਾਰ ਵੱਲੋਂ 27ਵੀਂ ਸੰਵਿਧਾਨਕ ਸੋਧ ਪਿੱਛੋਂ ਕਾਨੂੰਨ ਪਾਸ *ਜੱਜ ਦੀ ਟਿੱਪਣੀ ਕਿ ਬਦਲਾਅ ਸੰਵਿਧਾਨ 'ਤੇ 'ਗੰਭੀਰ ਹਮਲਾ'

**ਪੰਜਾਬੀ ਪਰਵਾਜ਼ ਬਿਊਰੋ**

1947 ਦੀ ਵੰਡ ਤੋਂ ਬਾਅਦ ਖਾਸ ਕਰਕੇ ਪਾਕਿਸਤਾਨ ਦੀ ਫੌਜ ਰਾਸ਼ਟਰੀ ਜੀਵਨ ਵਿੱਚ ਸਭ ਤੋਂ ਸ਼ਕਤੀਸ਼ਾਲੀ ਸੰਸਥਾ ਰਹੀ ਹੈ। ਚਾਰ ਤਖਤਾਪਲਟ ਅਤੇ ਦਹਾਕਿਆਂ ਦੇ ਸਿੱਧੇ ਤੇ ਅਸਿੱਧੇ ਫੌਜੀ ਸ਼ਾਸਨ ਨੇ ਇਸ ਪ੍ਰਭਾਵ ਨੂੰ ਮਜ਼ਬੂਤ ਕੀਤਾ ਹੈ। ਫੌਜ ਮੁਖੀ ਲੰਬੇ ਸਮੇਂ ਤੋਂ ਦੇਸ਼ ਦੀ ਸਭ ਤੋਂ ਸ਼ਕਤੀਸ਼ਾਲੀ ਸ਼ਖਸੀਅਤ ਰਹੇ ਹਨ- ਭਾਵ ਉਨ੍ਹਾਂ ਦੇਸ਼ ਉਪਰ ਰਾਜ ਕੀਤਾ ਹੈ; ਤੇ ਫੌਜ ਅਜੇ ਵੀ ਪਰਦੇ ਪਿੱਛੇ ਕਾਫ਼ੀ ਪ੍ਰਭਾਵ ਪਾ ਰਹੀ ਹੈ। ਉਂਜ ਇਹ ਰਾਜਨੀਤਿਕ ਜਾਂ ਸੰਵਿਧਾਨਕ ਮਾਮਲਿਆਂ ਵਿੱਚ ਦਖਲ ਦੇਣ ਤੋਂ ਜ਼ੋਰਦਾਰ ਇਨਕਾਰ ਕਰਦੀ ਹੈ।

ਹਾਲ ਹੀ ਵਿੱਚ ਪਾਕਿਸਤਾਨ ਸਰਕਾਰ ਵੱਲੋਂ 27ਵੀਂ ਸੰਵਿਧਾਨਕ ਸੋਧ ਪਿੱਛੋਂ ਕਾਨੂੰਨ ਬਣਾਇਆ ਗਿਆ ਹੈ; ਪਰ ਇਹ ਕਾਨੂੰਨ ਬਣ ਜਾਣ ਦੇ ਵਿਰੋਧ ਵਿੱਚ ਕੁਝ ਘੰਟਿਆਂ ਬਾਅਦ ਹੀ ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਦੋ ਜੱਜਾਂ ਨੇ ਅਸਤੀਫਾ ਦੇ ਦਿੱਤਾ ਹੈ। ਇੱਕ ਜੱਜ ਦੀ ਟਿੱਪਣੀ ਸੀ ਕਿ ਤਾਜ਼ਾ ਬਦਲਾਅ ਸੰਵਿਧਾਨ 'ਤੇ 'ਗੰਭੀਰ ਹਮਲਾ' ਹੈ। ਇਹ ਸੋਧਾਂ ਸ਼ਕਤੀਸ਼ਾਲੀ ਫੌਜ ਦੇ ਢਾਂਚੇ ਵਿੱਚ ਬਦਲਾਅ ਕਰਦੀਆਂ ਹਨ, ਜਿਸ ਨਾਲ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਸਈਦ ਅਸੀਮ ਮੁਨੀਰ ਨੂੰ ਰੱਖਿਆ ਬਲਾਂ ਦਾ ਮੁਖੀ ਬਣਾਇਆ ਗਿਆ ਹੈ। ਮਤਲਬ ਫੌਜ ਤੋਂ ਇਲਾਵਾ ਜਲ ਸੈਨਾ ਅਤੇ ਹਵਾਈ ਸੈਨਾ ਵੀ ਹੁਣ ਜਨਰਲ ਮੁਨੀਰ ਦੀ ਕਮਾਨ ਹੇਠ ਆ ਗਈਆਂ ਹਨ।

ਚੇਤੇ ਰਹੇ, ਜਨਰਲ ਮੁਨੀਰ ਨਵੰਬਰ 2022 ਵਿੱਚ ਫੌਜ ਮੁਖੀ ਬਣੇ ਸਨ ਅਤੇ 20 ਮਈ ਨੂੰ ਪੰਜ-ਤਾਰਾ ਰੈਂਕ ਵਿੱਚ ਤਰੱਕੀ ਦਿੱਤੀ ਗਈ ਸੀ। ਇਹ ਜ਼ਿਕਰ ਵੀ ਕੁਥਾਂ ਨਹੀਂ ਕਿ 1960 ਦੇ ਦਹਾਕੇ ਵਿੱਚ ਫੀਲਡ ਮਾਰਸ਼ਲ ਅਯੂਬ ਖਾਨ ਤੋਂ ਬਾਅਦ ਜਨਰਲ ਮੁਨੀਰ ਸਿਰਫ਼ ਦੂਜੇ ਪਾਕਿਸਤਾਨੀ ਫੌਜੀ ਅਧਿਕਾਰੀ ਹਨ, ਜਿਨ੍ਹਾਂ ਨੂੰ ਪੰਜ-ਤਾਰਾ ਅਹੁਦਾ ਮਿਲਿਆ ਹੈ। ਹੋਰ ਕਿਸੇ ਵੀ ਫੌਜੀ ਸ਼ਾਖਾ, ਜਿਵੇਂ ਕਿ ਹਵਾਈ ਸੈਨਾ ਜਾਂ ਜਲ ਸੈਨਾ ਵਿੱਚ ਪੰਜ-ਤਾਰਾ ਅਧਿਕਾਰੀ ਨਹੀਂ ਹੈ। ਇਹ ਨਵਾਂ ਕਾਨੂੰਨ ਚੇਅਰਮੈਨ ਜੁਆਇੰਟ ਚੀਫ਼ਸ ਆਫ਼ ਸਟਾਫ਼ ਕਮੇਟੀ ਦੇ ਅਹੁਦੇ ਨੂੰ ਵੀ ਖਤਮ ਕਰ ਦਿੰਦਾ ਹੈ। ਇਸ ਸਮੇਂ ਇਹ ਅਹੁਦਾ ਚਾਰ-ਸਿਤਾਰਾ ਜਨਰਲ ਸਾਹਿਰ ਸ਼ਮਸ਼ਾਦ ਕੋਲ ਹੈ, ਜੋ 27 ਨਵੰਬਰ ਨੂੰ ਸੇਵਾਮੁਕਤ ਹੋਣ ਵਾਲੇ ਹਨ।

27ਵੀਂ ਸੰਵਿਧਾਨਕ ਸੋਧ ਇੱਕ ਸੰਘੀ ਸੰਵਿਧਾਨਕ ਅਦਾਲਤ (ਐਫ.ਸੀ.ਸੀ.) ਵੀ ਸਥਾਪਤ ਕਰਦੀ ਹੈ, ਜੋ ਸੁਪਰੀਮ ਕੋਰਟ ਦੀ ਬਜਾਏ ਪਾਕਿਸਤਾਨ ਦੇ ਸੰਵਿਧਾਨ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ ਅਤੇ ਫੈਸਲਾ ਕਰੇਗੀ। ਆਲੋਚਕਾਂ ਦਾ ਕਹਿਣਾ ਹੈ ਕਿ ਐਫ.ਸੀ.ਸੀ. ਦੇ ਜੱਜਾਂ ਦੀ ਨਿਯੁਕਤੀ ਸਰਕਾਰ ਦੁਆਰਾ ਕੀਤੇ ਜਾਣ ਵਾਲਾ ਕਦਮ ਨਿਆਂਪਾਲਿਕਾ ਦੀਆਂ ਸ਼ਕਤੀਆਂ ਨੂੰ ਘਟਾ ਦੇਵੇਗਾ। ਦੂਜੇ ਪਾਸੇ ਪਾਕਿਸਤਾਨ ਸਰਕਾਰ ਅਨੁਸਾਰ ਐਫ.ਸੀ.ਸੀ. ਨਿਆਂਪਾਲਿਕਾ ਦੇ ਬੋਝ ਨੂੰ ਘਟਾਉਣ ਅਤੇ ਜਨਤਾ ਨੂੰ ਜਲਦੀ ਨਿਆਂ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ।

ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਵੱਲੋਂ ਕਾਨੂੰਨ ਵਿੱਚ ਸੋਧ 'ਤੇ ਦਸਤਖਤ ਕਰਨ ਤੋਂ ਕੁਝ ਘੰਟਿਆਂ ਬਾਅਦ ਸੁਪਰੀਮ ਕੋਰਟ ਦੇ ਦੋ ਜੱਜਾਂ- ਜਸਟਿਸ ਅਤਹਰ ਮੀਨੱਲਾਹ ਅਤੇ ਜਸਟਿਸ ਮਨਸੂਰ ਅਲੀ ਸ਼ਾਹ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ। ਜਸਟਿਸ ਸ਼ਾਹ ਨੇ ਰਾਸ਼ਟਰਪਤੀ ਨੂੰ ਸੰਬੋਧਿਤ ਆਪਣੇ ਅਸਤੀਫ਼ਾ ਪੱਤਰ ਵਿੱਚ ਲਿਖਿਆ, "ਸਤਾਈਵੀਂ ਸੰਵਿਧਾਨਕ ਸੋਧ ਪਾਕਿਸਤਾਨ ਦੇ ਸੰਵਿਧਾਨ 'ਤੇ ਇੱਕ ਗੰਭੀਰ ਹਮਲਾ ਹੈ।...ਇਹ ਵਰਤਾਰਾ ਪਾਕਿਸਤਾਨ ਦੀ ਸੁਪਰੀਮ ਕੋਰਟ ਨੂੰ ਭੰਗ ਕਰਦਾ ਹੈ, ਨਿਆਂਪਾਲਿਕਾ ਨੂੰ ਕਾਰਜਕਾਰੀ ਨਿਯੰਤਰਣ ਦੇ ਅਧੀਨ ਕਰਦਾ ਹੈ ਅਤੇ ਸਾਡੇ ਸੰਵਿਧਾਨਕ ਲੋਕਤੰਤਰ ਦੇ ਦਿਲ 'ਤੇ ਹਮਲਾ ਕਰਦਾ ਹੈ, ਜਿਸ ਨਾਲ ਨਿਆਂ ਹੋਰ ਦੂਰ, ਵਧੇਰੇ ਨਾਜ਼ੁਕ ਤੇ ਸ਼ਕਤੀ ਲਈ ਵਧੇਰੇ ਕਮਜ਼ੋਰ ਹੋ ਜਾਂਦਾ ਹੈ।"



ਜਸਟਿਸ ਅਤਹਰ ਮੀਨੱਲਾਹ ਅਤੇ ਜਸਟਿਸ ਮਨਸੂਰ ਅਲੀ ਸ਼ਾਹ

ਸੁਪਰੀਮ ਕੋਰਟ ਦੇ ਜੱਜ ਨੇ ਕਿਹਾ ਕਿ ਇਸ ਅਹੁਦੇ 'ਤੇ ਬਣੇ ਰਹਿਣ ਨਾਲ ਨਾ ਸਿਰਫ਼ 'ਸੰਵਿਧਾਨਕ ਗਲਤੀ ਵਿੱਚ ਚੁੱਪ ਸਹਿਮਤੀ' ਹੋਵੇਗੀ, ਸਗੋਂ ਇਸ ਦਾ ਅਰਥ ਇੱਕ ਅਜਿਹੀ ਅਦਾਲਤ ਵਿੱਚ ਬੈਠਣਾ ਵੀ ਹੋਵੇਗਾ, ਜਿਸਦੀ ਸੰਵਿਧਾਨਕ ਆਵਾਜ਼ 'ਮੂਕ ਕਰ ਦਿੱਤੀ ਗਈ ਹੈ।' ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ 26ਵੀਂ ਸੰਵਿਧਾਨਕ ਸੋਧ ਵਿੱਚ ਸੰਵਿਧਾਨਕ ਸਵਾਲਾਂ ਦੀ ਜਾਂਚ ਕਰਨ ਅਤੇ ਜਵਾਬ ਦੇਣ ਦਾ ਅਧਿਕਾਰ ਖੇਤਰ ਬਰਕਰਾਰ ਰੱਖਿਆ ਸੀ, ਪਰ ਮੌਜੂਦਾ ਸੋਧ ਨੇ ਇਸ ਅਦਾਲਤ ਨੂੰ ਉਸ ਬੁਨਿਆਦੀ ਅਤੇ ਮਹੱਤਵਪੂਰਨ ਅਧਿਕਾਰ ਖੇਤਰ ਤੋਂ ਵਾਂਝਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੰਨੀ ਛੋਟੀ ਤੇ ਘਟੀ ਹੋਈ ਅਦਾਲਤ ਵਿੱਚ ਸੇਵਾ ਨਿਭਾਉਂਦੇ ਹੋਏ, ਮੈਂ ਸੰਵਿਧਾਨ ਦੀ ਰੱਖਿਆ ਨਹੀਂ ਕਰ ਸਕਦਾ ਅਤੇ ਨਾ ਹੀ ਮੈਂ ਉਸ ਸੋਧ ਦੀ ਨਿਆਂਇਕ ਤੌਰ 'ਤੇ ਜਾਂਚ ਕਰ ਸਕਦਾ ਹਾਂ, ਜਿਸਨੇ ਇਸਨੂੰ ਵਿਗਾੜ ਦਿੱਤਾ ਹੈ।

ਜਸਟਿਸ ਮੀਨੱਲਾਹ ਨੇ ਆਪਣੇ ਅਸਤੀਫ਼ਾ ਪੱਤਰ ਵਿੱਚ ਕਿਹਾ ਹੈ ਕਿ 27ਵੀਂ ਸੰਵਿਧਾਨਕ ਸੋਧ ਪਾਸ ਹੋਣ ਤੋਂ ਪਹਿਲਾਂ ਉਸਨੇ "ਪ੍ਰਸਤਾਵਿਤ ਤਬਦੀਲੀਆਂ ਅਤੇ ਪਾਕਿਸਤਾਨ ਦੀ ਸੰਵਿਧਾਨਕ ਵਿਵਸਥਾ ਲਈ ਉਨ੍ਹਾਂ ਦੇ ਕੀ ਅਰਥ ਹੋਣਗੇ" ਬਾਰੇ ਆਪਣੀਆਂ ਚਿੰਤਾਵਾਂ ਪ੍ਰਗਟ ਕਰਨ ਲਈ ਮੁੱਖ ਜੱਜ ਨੂੰ ਲਿਖਿਆ ਸੀ, ਜਿਸ ਵਿੱਚ ਇਹ ਕਿਹਾ ਗਿਆ ਸੀ, "ਮੈਨੂੰ ਉਸ ਪੱਤਰ ਦੀ ਵਿਸਤ੍ਰਿਤ ਸਮੱਗਰੀ ਨੂੰ ਦੁਬਾਰਾ ਪੇਸ਼ ਕਰਨ ਦੀ ਜ਼ਰੂਰਤ ਨਹੀਂ ਹੈ, ਪਰ ਇਹ ਕਹਿਣਾ ਕਾਫ਼ੀ ਹੈ ਕਿ ਚੋਣਵੀਂ ਚੁੱਪ ਅਤੇ ਅਕਿਰਿਆਸ਼ੀਲਤਾ ਦੇ ਕੈਨਵਸ ਦੇ ਵਿਰੁੱਧ, ਉਹ ਹੁਣ ਡਰ ਗਏ ਹਨ।" ਉਨ੍ਹਾਂ ਹੋਰ ਕਿਹਾ, "ਉਹ ਸੰਵਿਧਾਨ ਜਿਸ ਨੂੰ ਮੈਂ ਬਰਕਰਾਰ ਰੱਖਣ ਅਤੇ ਬਚਾਅ ਕਰਨ ਦੀ ਸਹੁੰ ਖਾਧੀ ਸੀ, ਹੁਣ ਨਹੀਂ ਹੈ।"

ਇਸੇ ਦੌਰਾਨ ਲਾਹੌਰ-ਆਧਾਰਤ ਸੰਵਿਧਾਨਕ ਵਕੀਲ ਰਿਦਾ ਹੁਸੈਨ ਨੇ ਖ਼ਬਰ ਏਜੰਸੀ 'ਅਲ ਜਜ਼ੀਰਾ' ਨੂੰ ਦੱਸਿਆ ਕਿ "ਲੋਕਤੰਤਰ ਉੱਥੇ ਨਹੀਂ ਬਚਦਾ, ਜਿੱਥੇ ਸਜ਼ਾ ਤੋਂ ਛੋਟ ਨੂੰ ਸੰਵਿਧਾਨਕ ਅਧਿਕਾਰ ਬਣਾਇਆ ਜਾਂਦਾ ਹੈ।...ਇਹ ਇੱਕ ਗੈਰ-ਚੁਣੇ ਹੋਏ ਫੌਜੀ ਅਧਿਕਾਰੀ ਨੂੰ ਸੁਰੱਖਿਆ ਅਤੇ ਸ਼ਕਤੀਆਂ ਪ੍ਰਦਾਨ ਕਰਦਾ ਹੈ, ਜੋ ਦੇਸ਼ ਵਿੱਚ ਕਿਸੇ ਵੀ ਲੋਕਤੰਤਰੀ ਤੌਰ 'ਤੇ ਚੁਣੇ ਹੋਏ ਨੇਤਾ ਕੋਲ ਨਹੀਂ ਹਨ।"

ਇਹ ਵੀ ਜ਼ਿਕਰਯੋਗ ਹੈ ਕਿ ਨਵੇਂ ਸੰਸ਼ੋਧਨ ਤਹਿਤ ਰਾਸ਼ਟਰਪਤੀ, ਸਬੰਧਤ ਜੱਜ ਦੀ ਸਹਿਮਤੀ ਤੋਂ ਬਿਨਾ ਜੇ.ਸੀ.ਪੀ. ਦੀ ਸਿਫ਼ਾਰਸ਼ 'ਤੇ ਜੱਜ ਦਾ ਤਬਾਦਲਾ ਕਰ ਸਕਣਗੇ। ਜੇਕਰ ਕੋਈ ਜੱਜ ਆਪਣੇ ਤਬਾਦਲੇ ਤੋਂ ਇਨਕਾਰ ਕਰਦਾ ਹੈ, ਤਾਂ ਉਸਨੂੰ ਜੇ.ਸੀ.ਪੀ. ਦੇ ਸਾਹਮਣੇ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਤਾਂ ਦਿੱਤਾ ਜਾਵੇਗਾ, ਪਰ ਜੇ ਸੰਸਥਾ ਕਾਰਨਾਂ ਨੂੰ ਅਵੈਧ ਪਾਉਂਦੀ ਹੈ, ਤਾਂ ਜੱਜ ਨੂੰ ਸੇਵਾਮੁਕਤ ਹੋਣਾ ਪਵੇਗਾ। ਇਸ ਸੋਧ ਦਾ ਮਤਲਬ ਹੈ ਕਿ ਜੱਜਾਂ ਨੂੰ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਹੋਰ ਅਧਿਕਾਰ ਖੇਤਰਾਂ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ, ਜਦੋਂ ਕਿ ਇਨਕਾਰ ਕਰਨ ਨਾਲ ਸੁਪਰੀਮ ਜੁਡੀਸ਼ੀਅਲ ਕੌਂਸਲ ਦੇ ਸਾਹਮਣੇ ਕਾਰਵਾਈ ਹੋ ਸਕਦੀ ਹੈ।

# ਮਾਰਸ਼ਲ ਲਾਅ ਤੇ ਖ਼ਲਕਤ ਦੇ ਰੌਲ਼ੇ

**ਮੁਹੰਮਦ ਹਨੀਫ਼**
**ਸੀਨੀਅਰ ਪੱਤਰਕਾਰ ਤੇ ਲੇਖਕ**

ਕਦੇ-ਕਦੇ ਅਸੀਂ ਇਹ ਗੱਲ ਭੁੱਲ ਜਾਂਦੇ ਹਾਂ ਕਿ ਪਾਕਿਸਤਾਨ ਇੱਕ ਜਮਹੂਰੀ ਮੁਲਕ ਹੈ। ਇਹ ਜਮਹੂਰੀਅਤ ਭਾਵੇਂ ਡੰਡੇ ਦੇ ਜ਼ੋਰ ਉੱਤੇ ਚੱਲਦੀ ਹੋਵੇ, ਪਰ ਹੈ ਤੇ ਜਮਹੂਰੀਅਤ। ਇਲੈਕਸ਼ਨ ਹੁੰਦੇ ਹਨ, ਵੋਟਾਂ ਪੈਂਦੀਆਂ ਹਨ, ਅਸੈਂਬਲੀਆਂ ਮੌਜੂਦ ਹਨ, ਅਦਾਲਤਾਂ ਮੌਜੂਦ ਹਨ ਅਤੇ ਹਰ ਤਰ੍ਹਾਂ ਦਾ ਕਾਨੂੰਨ ਮੌਜੂਦ ਹੈ। ਇਸ ਜਮਹੂਰੀਅਤ ਨੂੰ ਡਰ ਬਸ ਹਮੇਸ਼ਾ ਇਹ ਰਹਿੰਦਾ ਸੀ ਕਿ ਕਿਸੇ ਦਿਨ ਖ਼ਲਕਤ ਦੇ ਰੌਲੇ ਤੋਂ ਤੰਗ ਆ ਕੇ ਦਿਲਾਵਰ ਜਨਰਲ ਮਾਰਸ਼ਲ ਲਾਅ ਨਾ ਲਗਾ ਦੇਵੇ।

ਹੁਣ ਸਰਕਾਰ ਨੇ ਆਇਨ (ਕਾਨੂੰਨ) ਵਿੱਚ ਇੱਕ ਤਰਮੀਮ ਕੀਤੀ ਹੈ। 27ਵੀਂ ਤਰਮੀਮ ਉਸ ਦਾ ਨਾਮ ਹੈ ਅਤੇ ਇਸ ਤਰਮੀਮ ਵਿੱਚ ਜੱਜਾਂ ਨੂੰ ਨੱਥ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਹੜੇ ਸੂਬਿਆਂ ਨੂੰ ਫੰਡ ਮਿਲਦੇ ਸਨ, ਉਹ ਇਧਰ-ਉਧਰ ਵੰਡੇ ਗਏ ਹਨ; ਪਰ ਅਸਲ ਕੰਮ ਜਿਹੜਾ ਕੀਤਾ ਗਿਆ ਹੈ, ਜਿਵੇਂ ਲੋਕ ਕਹਿੰਦੇ ਹਨ ਕਿ ਅਸਲ ਕੰਮ ਜਿਹੜਾ ਪਾਇਆ ਗਿਆ ਹੈ, ਉਹ ਹੈ ਕਿ ਮਾਰਸ਼ਲ ਲਾਅ ਦੇ ਜਿਸ ਡੰਡੇ ਤੋਂ ਅਸੀਂ ਡਰਦੇ ਰਹਿੰਦੇ ਸੀ, ਉਸ ਨੂੰ ਪਾਲਿਸ਼ ਕਰ ਕੇ ਉਸ ਉੱਤੇ ਸੰਵਿਧਾਨ ਦਾ ਕਵਰ ਚੜ੍ਹਾ ਦਿੱਤਾ ਗਿਆ ਹੈ। ਜੇ ਕੋਈ ਰੋਇਆ ਜਾਂ ਕੁਰਲਾਇਆ ਤਾਂ ਉਸ ਨੂੰ ਹੁਣ ਅਸੀਂ ਸਾਡਾ ਨਵਾਂ ਆਇਨ ਵਿਖਾ ਦਿਆ ਕਰਾਂਗੇ।

ਪਹਿਲਾਂ ਵਿਚਾਰੀ ਸਾਡੀ ਜਮਹੂਰੀਅਤ ਇਸ ਉਮੀਦ ਵਿੱਚ ਜਿਉਂਦੀ ਰਹਿੰਦੀ ਸੀ ਕਿ ਇੱਕ ਦਿਨ ਕੋਈ ਜਨਰਲ ਵਰਦੀ ਉਤਾਰੇਗਾ ਤੇ ਫਿਰ ਜਾਨ ਛੁੱਟੇਗੀ ਤੇ ਸ਼ਾਇਦ ਉਸ ਤੋਂ ਬਾਅਦ ਆਉਣ ਵਾਲਾ ਸ਼ਾਇਦ ਸਾਡੇ ਉੱਤੇ ਕੋਈ ਰਹਿਮ ਕਰੇ। ਹੁਣ ਸਾਡੇ ਕੋਲ ਫੀਲਡ ਮਾਰਸ਼ਲ ਸਾਬ੍ਹ ਹਨ, ਜਿਨ੍ਹਾਂ ਦਾ ਅਹੁਦਾ ਤਾਹਯਾਤ ਹੈ- ਭਾਵ ਸਾਰੀ ਉਮਰ ਰਹੇਗਾ ਅਤੇ ਵਰਦੀ ਵੀ ਉਹ ਮਰਦੇ ਦਮ ਤੱਕ ਪਾਉਣਗੇ।

ਹੁਣ ਨਾਲ ਆਇਨ ਵਿੱਚ ਇਹ ਵੀ ਲਿਖ ਦਿੱਤਾ ਗਿਆ ਹੈ ਕਿ ਭਾਵੇਂ ਉਨ੍ਹਾਂ ਦਾ ਜੁਰਮ ਹੋਵੇ, ਉਨ੍ਹਾਂ ਨੂੰ ਇਮਿਊਨਿਟੀ ਹਾਸਲ ਹੋਵੇਗੀ। ਮਤਲਬ ਜੋ ਮਰਜ਼ੀ ਕਰਨ, ਜਿਹੜਾ ਵੀ ਕਾਨੂੰਨ ਤੋੜਨ, ਚੋਰੀ, ਡਾਕਾ, ਕਤਲ, ਵਿਆਹ ਉੱਤੇ ਹਵਾਈ ਫਾਇਰਿੰਗ- ਕੋਈ ਵੀ ਕਾਨੂੰਨ ਉਨ੍ਹਾਂ ਨੂੰ ਹੱਥ ਨਹੀਂ ਲਗਾ ਸਕਦਾ। ਇਹੀ ਇਮਿਊਨਿਟੀ ਸਾਡੇ ਸਦਰ ਸਾਬ੍ਹ ਨੂੰ ਵੀ ਮਿਲੀ ਹੈ। ਉਨ੍ਹਾਂ ਉੱਤੇ ਪਹਿਲਾਂ ਵੀ ਕੇਸ ਰਹਿ ਚੁੱਕੇ ਹਨ ਅਤੇ ਇੰਨੇ ਸਾਲ ਉਹ ਜੇਲ੍ਹ ਵਿੱਚ ਗੁਜ਼ਾਰ ਚੁੱਕੇ ਹਨ। ਹਾਲਾਂਕਿ ਕੇਸ ਉਨ੍ਹਾਂ ਉੱਤੇ ਕੋਈ ਸਾਬਤ ਨਹੀਂ ਹੋਇਆ। ਉਹ ਇਸ ਇਮਿਊਨਿਟੀ ਦਾ ਮਜ਼ਾ ਕੋਈ ਤਿੰਨ-ਸਾਢੇ ਤਿੰਨ ਸਾਲ ਤੱਕ ਹੀ ਲੈ ਸਕਣਗੇ। ਪਰ ਫੀਲਡ ਮਾਰਸ਼ਲ ਸਾਬ੍ਹ ਜਦੋਂ ਤੱਕ ਜਿਉਂਦੇ ਹਨ, ਅੱਲ੍ਹਾ ਉਨ੍ਹਾਂ ਨੂੰ ਲੰਬੀ ਹਯਾਤੀ ਦੇਵੇ, ਉਨ੍ਹਾਂ ਨੂੰ ਸੱਤੇ ਖ਼ੂਨ ਮੁਆਫ਼ ਹਨ।

ਵਜ਼ੀਰ-ਏ-ਆਜ਼ਮ ਸਾਬ੍ਹ ਵੀ ਇਮਿਊਨਿਟੀ ਲੈ ਸਕਦੇ ਹਨ, ਪਰ ਉਨ੍ਹਾਂ ਨੇ ਕੌਮ ਉੱਤੇ ਅਹਿਸਾਨ ਕੀਤਾ ਹੈ ਤੇ ਨਹੀਂ ਲਈ। ਸ਼ਾਇਦ ਉਨ੍ਹਾਂ ਨੂੰ ਪਤਾ ਸੀ ਕਿ ਜਦੋਂ ਇਹ ਡੰਡਾ ਚੱਲਣਾ ਹੈ ਤਾਂ ਇਹ ਇਮਿਊਨਿਟੀ ਵਾਲਾ ਕਾਨੂੰਨ ਕਿਸੇ ਨਹੀਂ ਪੁੱਛਣਾ। ਆਮ ਤੌਰ ਉੱਤੇ ਬੰਦਾ ਪਹਿਲਾਂ ਗੁਨਾਹ ਕਰਦਾ ਹੈ ਤੇ ਫਿਰ ਮੁਆਫ਼ੀ ਮੰਗਦਾ ਹੈ। ਕਾਨੂੰਨ ਵਿੱਚ ਵੀ ਗੁੰਜਾਇਸ਼ਾਂ ਮੌਜੂਦ ਹਨ। ਸਜ਼ਾ-ਏ-ਮੌਤ ਵਾਲੇ ਦੀ ਵੀ ਜਾਨ ਬਖ਼ਸ਼ੀ ਜਾਂਦੀ ਹੈ; ਪਰ ਜਿਹੜਾ ਬੰਦਾ ਇਹ ਕਹੇ "ਮੈਂ ਕੋਈ ਗੁਨਾਹ ਨਹੀਂ ਕੀਤਾ, ਮੈਨੂੰ ਲਿਖ ਕੇ ਦਿਓ- ਕਾਨੂੰਨ ਵਿੱਚ ਲਿਖ ਕੇ ਦਿਓ, ਆਇਨ ਵਿੱਚ ਲਿਖ ਕੇ ਦਿਓ ਕਿ ਮੈਂ ਜੋ ਵੀ ਕਰਾਂਗਾ, ਮੇਰੀ ਮੁਆਫ਼ੀ ਪੱਕੀ ਹੈ", ਉਸ ਬੰਦੇ ਦੀ ਨੀਤ ਤੋਂ ਥੋੜ੍ਹਾ ਜਿਹਾ ਡਰ ਤਾਂ ਲੱਗਦਾ ਹੈ ਕਿ ਇਹ ਬੰਦਾ ਸਾਡੇ ਨਾਲ ਪਤਾ ਨਹੀਂ ਕੀ ਕਰੇਗਾ! ਜਨਰਲ ਅਤੇ ਫੀਲਡ ਮਾਰਸ਼ਲ ਆਪਣੀ ਡਿਊਟੀ ਕਰਦੇ ਆਏ ਹਨ ਤੇ ਕਰਦੇ ਰਹਿਣਗੇ। ਜਿਹੜੇ ਕੰਮ ਨਹੀਂ ਕਰਦੇ, ਉਹ ਵੀ ਉਹ ਕਰਦੇ ਰਹਿਣਗੇ।

ਪਰ ਜਿਸ ਜਜ਼ਬੇ ਨਾਲ ਸਾਡੇ ਸਿਆਸਤਦਾਨਾਂ ਨੇ ਤਕਰੀਰਾਂ ਕੀਤੀਆਂ ਹਨ; ਜਿਸ ਕਾਹਲੀ ਨਾਲ ਇਹ ਤਰਮੀਮ ਪਾਸ ਕੀਤੀ ਹੈ, ਲੋਕਾਂ ਦੇ ਵੋਟਾਂ ਨੂੰ ਜਿਸ ਤਰ੍ਹਾਂ ਟਕੇ-ਟੋਕਰੀ ਵੇਚਿਆ ਹੈ; ਜਮਹੂਰੀਅਤ ਦੀ ਜਿਸ ਟਾਹਣੀ ਉੱਤੇ ਆਲ੍ਹਣਾ ਬਣਾ ਕੇ ਉਹ ਬੈਠੇ ਸਨ, ਜਿਵੇਂ ਉਸ ਨੂੰ ਵੱਢ ਮਾਰਿਆ ਹੈ ਕਿ ਇਸ ਤਰ੍ਹਾਂ ਦੀ ਗੱਲ ਕੋਈ ਗ਼ਾਲਿਬ ਹੀ ਸਮਝਾ ਸਕਦਾ ਹੈ।

ਜਜ਼ਬਾ ਏ ਇਖ਼ਤਿਆਰ-ਏ-ਸ਼ੌਕ ਦੇਖਾ ਚਾਹੀਏ
ਸੀਨਾ ਹੈ ਸ਼ਮਸੀਰ ਦੇ ਬਾਹਿਰ ਹੈ ਦਮ ਸ਼ਮਸੀਰ ਦਾ।

ਤੇ ਜਿਨ੍ਹਾਂ ਲੋਕਾਂ ਦੇ ਨਾਮ ਉੱਤੇ ਇਹ ਕੰਮ ਹੋਇਆ ਹੈ, ਜਾਨਾਂ ਬਖ਼ਸ਼ੀਆਂ ਗਈਆਂ ਹਨ ਤੇ ਜਾਨਾਂ ਬਖ਼ਸ਼ਵਾਈਆਂ ਗਈਆਂ ਹਨ, ਉਹ ਵੀ ਹੱਥ ਬੰਨ੍ਹ ਕੇ ਹੁਣ ਇਹੀ ਕਹਿੰਦੇ ਹੋਣਗੇ ਕਿ ਕਦੇ ਸਾਡੀ ਵੀ ਜਾਨ ਬਖ਼ਸ਼ ਦਿਆ ਕਰੋ!

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ

ਸਫਾ ਇੱਕ ਦੀ ਬਾਕੀ...

ਨੂੰ ਬੁਰੀ ਤਰ੍ਹਾਂ ਲੁੱਟ ਲਿਆ ਗਿਆ। ਲੁਟੇਰੇ ਨਿੱਕਾ ਨਿੱਕਾ ਸਮਾਨ ਵੀ ਚੁੱਕ ਕੇ ਲੈ ਗਏ ਸਨ। ਬੀਤੇ ਸਾਲ ਜੁਲਾਈ-ਅਗਸਤ ਮਹੀਨੇ ਵਿੱਚ ਅੰਤ੍ਰਿਮ ਸਰਕਾਰ ਨੇ ਸੱਤਾ ਸੰਭਾਲੀ ਸੀ। ਇਸੇ ਵਰ੍ਹੇ ਨਵੰਬਰ ਮਹੀਨੇ ਵਿੱਚ ਇੰਟਰਨੈਸ਼ਨਲ ਕਰਾਈਮ ਟ੍ਰਿਬਿਊਨਲ ਵੱਲੋਂ ਹਸੀਨਾ ਅਤੇ ਉਨ੍ਹਾਂ ਦੇ 45 ਹੋਰ ਸਾਥੀਆਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਸਨ। ਟ੍ਰਿਬਿਊਨਲ ਵੱਲੋਂ ਦਸੰਬਰ 2024 ਤੱਕ ਇਸ ਕੇਸ ਦੀ ਪੜਤਾਲ ਮੁਕੰਮਲ ਕਰਨ ਦੇ ਹੁਕਮ ਦਿੱਤੇ ਗਏ। ਫਰਵਰੀ 2025 ਵਿੱਚ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਸਾਹਮਣੇ ਆਇਆ ਕਿ ਤਕਰੀਬਨ 1400 ਲੋਕ ਬੰਗਲਾਦੇਸ਼ ਵਿੱਚ ਸ਼ੇਖ ਹਸੀਨਾ ਵਿਰੁੱਧ ਹੋਏ ਪ੍ਰਦਰਸ਼ਨਾਂ ਵਿੱਚ ਮਾਰੇ ਗਏ ਸਨ। ਇਸ ਰਿਪੋਰਟ ਵਿੱਚ ਇਹ ਤੱਥ ਵੀ ਸਾਹਮਣੇ ਆਇਆ ਕਿ ਇਨ੍ਹਾਂ ਵਿੱਚੋਂ ਬਹੁਤੇ ਸੁਰੱਖਿਆ ਦਸਤਿਆਂ ਦੀ ਗੋਲੀ ਨਾਲ ਮਾਰੇ ਗਏ ਸਨ ਅਤੇ ਪ੍ਰਦਰਸ਼ਨਾਂ ਨੂੰ ਹਿੰਸਾਤਮਕ ਢੰਗ ਨਾਲ ਦਬਾਉਣਾ ਇੱਕ ਬਾਕਾਇਦਾ ਸਰਕਾਰੀ ਨੀਤੀ ਸੀ।

ਯਾਦ ਰਹੇ, ਇਹ ਮੁਕੱਦਮਾ ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਦੋ ਸਾਥੀਆਂ ਦੀ ਗੈਰ-ਮੌਜੂਦਗੀ ਵਿੱਚ ਚੱਲਿਆ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਮੋਸ਼ੀਜ਼ੁਮਾਨ ਨੂੰ ਉਨ੍ਹਾਂ ਦਾ ਅਮਿਕਸ ਕਿਊਰੀ ਨਿਯੁਕਤ ਕੀਤਾ ਗਿਆ। ਇਸੇ ਸਾਲ ਜੁਲਾਈ ਮਹੀਨੇ ਵਿੱਚ ਸ਼ੇਖ ਹਸੀਨਾ ਦੀ ਗੈਰ-ਹਾਜ਼ਰੀ ਵਿੱਚ ਚੱਲੇ ਮੁਕੱਦਮੇ ਵਿੱਚ ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਗ੍ਰਹਿ ਮੰਤਰੀ ਰਹੇ ਅਸਾਦੁਲ ਜ਼ਮਾਨ ਖਾਨ ਅਤੇ ਪੁਲਿਸ ਮੁਖੀ ਚੌਧਰੀ ਅਬਦੁੱਲਾ ਅਲ ਮਾਮੂ ਖਿਲਾਫ ਦੋਸ਼ ਆਇਦ ਕੀਤੇ ਗਏ ਸਨ। ਇਸ ਤਰ੍ਹਾਂ ਲੰਘੀ 17 ਨਵੰਬਰ ਨੂੰ ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਗ੍ਰਹਿ ਮੰਤਰੀ ਅਬਦੁਜ਼ ਜ਼ਮਾਨ ਖਾਨ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਜਦਕਿ ਪੁਲਿਸ ਮੁਖੀ ਮਾਮੂ ਨੂੰ ਸਰਕਾਰੀ ਗਵਾਹ ਬਣ ਜਾਣ ਦੇ ਇਵਜ਼ ਵਿੱਚ 5 ਸਾਲ ਦੀ ਸਜ਼ਾ ਸੁਣਾਈ ਗਈ ਹੈ।

ਜ਼ਿਕਰਯੋਗ ਹੈ ਕਿ ਸ਼ੇਖ ਹਸੀਨਾ ਦਾ ਜਨਮ 1947 ਵਿੱਚ ਬੰਗਲਾ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸ਼ੇਖ ਮੁਜੀਬ-ਉਲ-ਰਹਿਮਾਨ ਦੇ ਘਰ ਹੋਇਆ। ਉਹ ਉਨ੍ਹਾਂ ਦੇ ਪੰਜ ਬੱਚਿਆਂ ਵਿੱਚੋਂ ਸਭ ਤੋਂ ਵੱਡੀ ਹੈ। ਉਸ ਨੇ 1973 ਵਿੱਚ ਢਾਕਾ ਯੂਨੀਵਰਸਿਟੀ ਤੋਂ ਬੰਗਾਲੀ ਸਾਹਿਤ ਵਿੱਚ ਡਿਗਰੀ ਪ੍ਰਾਪਤ ਕੀਤੀ। ਬਾਅਦ ਵਿੱਚ ਉਹ ਆਪਣੇ ਪਿਤਾ ਅਤੇ ਉਨ੍ਹਾਂ ਦੇ ਵਿਦਿਆਰਥੀ ਚੇਲਿਆਂ ਵਿਚਕਾਰ ਸੱਤਾ ਵਿੱਚ ਹੱਥ ਵਟਾਉਂਦੀ ਰਹੀ। ਇੱਥੇ ਹੀ ਉਸ ਨੇ ਆਪਣਾ ਰਾਜਨੀਤਿਕ ਤਜਰਬਾ ਹਸਲ ਕੀਤਾ। ਫੌਜ ਵੱਲੋਂ ਤਖਤਾਪਲਟ ਹੋਣ ਅਤੇ ਆਪਣੇ ਪਿਤਾ ਦੇ ਮਾਰੇ ਜਾਣ ਤੋਂ ਬਾਅਦ ਉਹ ਭਾਰਤ ਵਿੱਚ ਜਲਾਵਤਨ ਹੋ ਗਈ ਸੀ। 1981 ਵਿੱਚ ਮੁੜ ਬੰਗਲਾਦੇਸ਼ ਪਰਤੀ ਅਤੇ ਅਵਾਮੀ ਲੀਗ ਪਾਰਟੀ ਦੀ ਮੁਖੀ ਚੁਣ ਲਈ ਗਈ। ਉਸ ਨੇ ਆਪਣੀ ਰਾਜਨੀਤਿਕ ਵਿਰੋਧੀ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੀ ਮੁਖੀ ਖਾਲਿਦਾ ਜੀਆ ਨਾਲ ਮਿਲ ਕੇ ਫੌਜੀ ਸੱਤਾ ਖਿਲਾਫ ਜਮਹੂਰੀਅਤ ਦੀ ਬਹਾਲੀ ਲਈ ਸੰਘਰਸ਼ ਸ਼ੁਰੂ ਕੀਤਾ ਤੇ 1990 ਵਿੱਚ ਹੁਸੈਨ ਮੁਹੰਮਦ ਇਰਸ਼ਾਦ ਦੀ ਸਰਕਾਰ ਦਾ ਤਖਤਾਪਲਟ ਦਿੱਤਾ। ਪਰ ਦੋਹਾਂ ਔਰਤ ਆਗੂਆਂ ਵਿਚਕਾਰ ਇਸ ਤੋਂ ਬਾਅਦ ਗੱਠਜੋੜ ਕਾਇਮ ਨਾ ਰਹਿ ਸਕਿਆ ਅਤੇ ਹਸੀਨਾ 1996 ਵਿੱਚ ਸੱਤਾ ਵਿੱਚ ਆਈ। ਪੰਜ ਸਾਲ ਰਾਜ ਕਰਨ ਤੋਂ ਬਾਅਦ ਉਹ 2009 ਵਿੱਚ ਮੁੜ ਸੱਤਾ ਵਿੱਚ ਆਈ ਅਤੇ ਜੁਲਾਈ 2024 ਤੱਕ ਉਸ ਦੀ ਪਾਰਟੀ ਦਾ ਰਾਜ ਕਾਇਮ ਰਿਹਾ। ਉਸ ਦੀ ਦੂਜੀ ਟਰਮ ਵਿੱਚ ਵੱਡੇ ਪ੍ਰਦਰਸ਼ਨ ਹੋਏ। ਉਸ ਦਾ ਹਕੂਮਤ ਕਰਨ ਦਾ ਰੰਗ-ਢੰਗ ਵੀ ਬਦਲਦਾ ਗਿਆ ਸੀ।

ਇਸ ਮਾਮਲੇ ਵਿੱਚ ਉਹ ਆਪਮੱਤੀ (ਆਟੋਕਰੇਟਿਕ) ਹੁੰਦੀ ਗਈ। ਇਸ ਤਾਨਾਸ਼ਾਹ ਰਵੱਈਏ ਅਤੇ ਪ੍ਰਦਰਸ਼ਨਕਾਰੀਆਂ ਖਿਲਾਫ ਕੀਤੇ ਜ਼ੁਲਮਾਂ ਕਾਰਨ ਵਿਦਿਆਰਥੀ ਸੰਘਰਸ਼ ਨੇ ਪਿਛਲੇ ਸਾਲ ਉਸ ਨੂੰ ਗੱਦੀਓਂ ਲਾਹ ਮਾਰਿਆ ਅਤੇ ਦੇਸਬਦਰ ਹੋਣ ਲਈ ਮਜਬੂਰ ਕਰ ਦਿੱਤਾ। ਉਂਝ ਕਿਹਾ ਇਹ ਵੀ ਜਾ ਰਿਹਾ ਹੈ ਕਿ ਹਸੀਨਾ ਦੇ ਦੌਰ ਵਿੱਚ ਬੰਗਲਾਦੇਸ਼ ਵਿੱਚ ਚੀਨ ਦੀ ਦਖਲਅੰਦਾਜ਼ੀ ਅਤੇ ਪ੍ਰਭਾਵ ਵਧਦਾ ਜਾ ਰਿਹਾ ਸੀ। ਇਸ ਨੂੰ ਰੋਕਣ ਲਈ ਅਮਰੀਕਾ ਅਤੇ ਹੋਰ ਪੱਛਮੀ ਤਾਕਤਾਂ ਨੇ ਪ੍ਰਦਰਸ਼ਨਕਾਰੀਆਂ ਅਤੇ ਨਵੇਂ ਹਾਕਮਾਂ ਦੀ ਮੱਦਦ ਕੀਤੀ।

ਖੁੱਲ੍ਹਦੇ ਰਹੱਸ

# ਅਸੀਂ ਸਭ ਕੌਣ ਹਾਂ ਤੇ ਕਿੱਥੋਂ ਆਏ ਹਾਂ?

**ਸੁਪ੍ਰੀਤ ਸੈਣੀ**
**ਆਈ.ਆਈ.ਟੀ. ਬੰਬਈ 'ਚ ਪ੍ਰੋਫੈਸਰ**

ਅਸੀਂ ਸਭ ਕੌਣ ਹਾਂ ਅਤੇ ਕਿੱਥੋਂ ਆਏ ਹਾਂ? ਇਹ ਇੱਕ ਬਹੁਤ ਮਹੱਤਵਪੂਰਨ ਸਵਾਲ ਹੈ। ਇਹ ਨਾ ਸਿਰਫ਼ ਡੀ.ਐਨ.ਏ. ਨੂੰ ਸਮਝ ਕੇ ਮੈਡੀਕਲ ਖੇਤਰ ਵਿੱਚ ਤਰੱਕੀ ਲਿਆਉਣ ਲਈ ਜ਼ਰੂਰੀ ਹੈ, ਸਗੋਂ ਆਪਣੇ ਭੂਤਕਾਲ ਅਤੇ ਵੱਖਰੇਪਣ ਨੂੰ ਜਾਣਨ ਲਈ ਵੀ ਲਾਜ਼ਮੀ ਹੈ। ਪਰ ਕੀ ਅਸੀਂ ਅਸਲ ਵਿੱਚ ਇਹ ਜਾਣ ਪਾ ਰਹੇ ਹਾਂ ਕਿ ਇਨਸਾਨੀ ਜਾਤੀ ਕਿੱਥੋਂ ਆਈ?

2012 ਵਿੱਚ ਜਿਮ ਹੋਲਟ ਨੇ ਇੱਕ ਕਿਤਾਬ ਲਿਖੀ, 'ਇਹ ਦੁਨੀਆਂ ਕਿਉਂ ਹੈ?' ਇਸ ਕਿਤਾਬ ਜ਼ਰੀਏ ਹੋਲਟ ਦਾ ਇਹ ਸਵਾਲ ਬਹੁਤ ਦਿਲਚਸਪ ਹੈ, ਕਿਉਂਕਿ ਉਹ ਨਹੀਂ ਪੁੱਛ ਰਹੇ ਕਿ ਇਹ ਦੁਨੀਆਂ ਕਿਵੇਂ ਬਣੀ, ਸਗੋਂ ਪੁੱਛ ਰਹੇ ਹਨ ਕਿ ਕਿਉਂ ਬਣੀ? ਹੋਲਟ ਦੇ ਵਿਚਾਰ ਵਿੱਚ ਇਸ ਸਵਾਲ ਦਾ ਜਵਾਬ ਤਿੰਨ ਖੇਤਰਾਂ ਦੇ ਲੋਕਾਂ ਕੋਲ ਹੋ ਸਕਦਾ ਹੈ- ਦਰਸ਼ਨ ਸ਼ਾਸਤਰ, ਭੌਤਿਕ ਵਿਗਿਆਨ ਅਤੇ ਧਾਰਮਿਕ ਅਧਿਐਨ। ਆਪਣੇ ਸਵਾਲ ਦਾ ਜਵਾਬ ਲੱਭਣ ਲਈ ਹੋਲਟ ਦੁਨੀਆਂ ਭਰ ਦੇ ਇਨ੍ਹਾਂ ਖੇਤਰਾਂ ਦੇ ਮੁੱਖ ਵਿਦਵਾਨਾਂ ਨਾਲ ਗੱਲਬਾਤ ਕਰਦੇ ਹਨ ਅਤੇ ਉਨ੍ਹਾਂ ਦੇ ਵਿਚਾਰ ਸਾਡੇ ਅੱਗੇ ਰੱਖਦੇ ਹਨ।

ਮੇਰੇ ਵਿਚਾਰ ਵਿੱਚ ਹੋਲਟ ਦਾ ਸਵਾਲ ਅਤੇ ਉਨ੍ਹਾਂ ਦੀ ਕਿਤਾਬ ਬਹੁਤ ਦਿਲਚਸਪ ਹੈ। ਕੁਝ ਸਾਲ ਪਹਿਲਾਂ ਇੱਕ ਦਿਨ ਕੰਮ ਕਰਦਿਆਂ ਮੈਂ ਆਪਣੇ ਇੱਕ ਸੀਨੀਅਰ ਸਹਿਯੋਗੀ ਨਾਲ ਚਾਹ ਪੀਣ ਗਿਆ। ਗੱਲਾਂ-ਗੱਲਾਂ ਵਿੱਚ ਅਸੀਂ ਚਰਚਾ ਕਰਨ ਲੱਗ ਪਏ ਕਿ ਸਿੱਖਿਆ ਵਿੱਚ ਕਿਸ ਤਰ੍ਹਾਂ ਦੀ ਖੋਜ ਹੋਣੀ ਚਾਹੀਦੀ ਹੈ। ਮੇਰੇ ਸਹਿਯੋਗੀ ਦਾ ਵਿਚਾਰ ਸੀ ਕਿ ਅਸੀਂ ਉਨ੍ਹਾਂ ਸਵਾਲਾਂ 'ਤੇ ਕੰਮ ਕਰੀਏ, ਜਿਨ੍ਹਾਂ ਦਾ ਕੋਈ ਨਿਰਧਾਰਿਤ ਜਵਾਬ ਹੋਵੇ। ਉਨ੍ਹਾਂ ਨੂੰ ਲੱਗਦਾ ਸੀ ਕਿ ਜੇਕਰ ਸਵਾਲ ਦਾ ਜਵਾਬ ਹੀ ਨਾ ਹੋਵੇ, ਤਾਂ ਉਸ 'ਤੇ ਕੰਮ ਕਰਨ ਦਾ ਕੀ ਲਾਭ?

ਮੇਰਾ ਹਮੇਸ਼ਾ ਇਹ ਵਿਚਾਰ ਰਿਹਾ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਅਸੀਂ ਉਹ ਸਵਾਲ ਪੁੱਛੀਏ, ਜਿਨ੍ਹਾਂ ਨੂੰ ਪੁੱਛਣ ਦਾ ਕੋਈ ਹੌਸਲਾ ਨਾ ਰੱਖਦਾ ਹੋਵੇ। ਜਵਾਬ ਤੱਕ ਪਹੁੰਚਣ ਤੋਂ ਵੱਧ ਜ਼ਰੂਰੀ ਸਾਡੀ ਸੋਚ ਹੈ, ਜੋ ਜਵਾਬ ਵੱਲ ਲੈ ਜਾਂਦੀ ਹੈ। ਖੈਰ! ਮੈਨੂੰ ਚੰਗਾ ਲੱਗਾ ਕਿ ਨਾਲ਼ ਦੇ ਕਮਰੇ ਵਿੱਚ ਸਾਲਾਂਬੱਧੀ ਇਕੱਠੇ ਰਹਿਣ 'ਤੇ ਵੀ ਸਾਡੀ ਸੋਚ ਕਿੰਨੀ ਵੱਖਰੀ ਸੀ।

ਹੋਲਟ ਵੱਲੋਂ ਪੁੱਛੇ ਸਵਾਲ ਦਾ ਇੱਕ ਛੋਟਾ ਰੂਪ 2022 ਦੇ ਨੋਬਲ ਜੇਤੂ ਸਵਾਂਤੇ ਪਾਬੋ ਨੇ ਪੁੱਛਿਆ ਕਿ ਇਨਸਾਨੀ ਜਾਤੀ ਕਿੱਥੋਂ ਆਈ? ਜਿਵੇਂ ਹੋਲਟ ਬ੍ਰਹਿਮੰਡ ਦੀ ਰਚਨਾ ਦਾ ਕਾਰਨ ਪੁੱਛ ਰਹੇ ਹਨ, ਉਨ੍ਹਾਂ ਵਾਂਗੂੰ ਪਾਬੋ ਇਨਸਾਨੀ ਜਾਤੀ ਬਾਰੇ ਇੱਕ ਸਵਾਲ ਨਾਲ ਜੂਝਦੇ ਰਹੇ ਹਨ। ਜਦੋਂ 1859 ਵਿੱਚ ਚਾਰਲਸ ਡਾਰਵਿਨ ਦੀ ਕਿਤਾਬ 'ਓਰੀਜਿਨ ਆਫ਼ ਸਪੀਸ਼ੀਜ਼' ਛਪੀ, ਤਾਂ ਜਾਤੀਆਂ ਦਾ ਆਉਣਾ 'ਰਹੱਸਾਂ ਦਾ ਰਹੱਸ' ਸੀ। ਦਿਲਚਸਪ ਗੱਲ ਇਹ ਹੈ ਕਿ 150 ਸਾਲ ਤੋਂ ਵੱਧ ਬੀਤ ਜਾਣ 'ਤੇ ਵੀ ਅੱਜ ਤੱਕ ਅਸੀਂ ਨਹੀਂ ਜਾਣਦੇ ਕਿ ਨਵੀਆਂ ਜਾਤੀਆਂ ਕਿਵੇਂ ਆਉਂਦੀਆਂ ਹਨ! ਮੇਰੀ ਲੈਬ ਵਿੱਚ ਅਸੀਂ ਇਸੇ ਸਵਾਲ 'ਤੇ ਕੰਮ ਕਰਦੇ ਹਾਂ ਅਤੇ ਯੀਸਟ ਨਾਲ ਖੋਜ ਕਰ ਕੇ ਜਾਤੀਆਂ ਬਣਨ ਦਾ ਰਹੱਸ ਸਮਝਣਾ ਚਾਹੁੰਦੇ ਹਾਂ।



ਪਾਬੋ ਦੇ ਕੰਮ ਕਰ ਕੇ ਅਸੀਂ ਆਪਣੇ ਭੂਤਕਾਲ ਬਾਰੇ ਬਹੁਤ ਕੁਝ ਜਾਣ ਸਕੇ ਹਾਂ। 1829 ਵਿੱਚ ਪਾਬੋ ਦੇ ਕੰਮ ਤੋਂ ਬਹੁਤ ਪਹਿਲਾਂ ਯੂਰਪ ਵਿੱਚ ਇੱਕ ਖੋਪੜੀ ਮਿਲੀ। ਬਹੁਤ ਵਿਵਾਦ ਤੋਂ ਬਾਅਦ ਪਤਾ ਲੱਗਾ ਕਿ ਇਹ ਖੋਪੜੀ ਇੱਕ ਵੱਖਰੀ ਜਾਤੀ ਨਿਐਂਡਰਥਾਲ ਦੀ ਹੈ। ਨਿਐਂਡਰਥਾਲ ਦੇ ਅਵਸ਼ੇਸ਼ ਯੂਰਪ ਅਤੇ ਏਸ਼ੀਆ ਵਿੱਚ ਮਿਲੇ ਅਤੇ ਇਹ ਮੰਨ ਲਿਆ ਗਿਆ ਕਿ ਲਗਭਗ 40,000 ਸਾਲ ਪਹਿਲਾਂ ਨਿਐਂਡਰਥਾਲ ਦੁਨੀਆਂ ਤੋਂ ਗਾਇਬ ਹੋ ਗਏ।

ਇਹ ਕਿਉਂ ਹੋਇਆ? ਇਹ ਅੱਜ ਵੀ ਪੂਰੀ ਤਰ੍ਹਾਂ ਨਹੀਂ ਦੱਸਿਆ ਜਾ ਸਕਦਾ, ਪਰ ਵਿਗਿਆਨੀਆਂ ਨੇ ਬਹੁਤ ਕਾਰਨ ਦਿੱਤੇ ਹਨ। ਕਿਉਂਕਿ ਨਿਐਂਡਰਥਾਲ 40,000 ਸਾਲ ਪਹਿਲਾਂ ਲੁਪਤ ਹੋ ਗਏ, ਇਸ ਲਈ ਉਨ੍ਹਾਂ ਦੇ ਸਾਰੇ ਅਵਸ਼ੇਸ਼ ਬਹੁਤ ਪੁਰਾਣੇ ਹਨ। ਇਨ੍ਹਾਂ ਪੁਰਾਣੇ ਅਵਸ਼ੇਸ਼ਾਂ ਤੋਂ ਡੀ.ਐਨ.ਏ. ਕੱਢਣਾ ਅਤੇ ਉਸ ਨੂੰ ਅੱਜ ਦੇ ਇਨਸਾਨਾਂ (ਹੋਮੋ ਸੈਪੀਐਂਸ) ਨਾਲ ਤੁਲਨਾ ਕਰਨਾ ਬਹੁਤ ਔਖੀ ਚੁਣੌਤੀ ਸੀ।

2010 ਵਿੱਚ 'ਸਾਇੰਸ' ਜਰਨਲ ਵਿੱਚ ਛਪੇ ਇੱਕ ਲੇਖ ਵਿੱਚ ਪਾਬੋ ਦੀ ਅਗਵਾਈ ਵਿੱਚ ਵਿਗਿਆਨੀਆਂ ਨੇ ਇਹ ਕਰ ਦਿਖਾਇਆ। ਉਨ੍ਹਾਂ ਨੇ ਦੱਸਿਆ ਕਿ ਅਫ਼ਰੀਕਾ ਦੇ ਬਾਹਰ ਵਾਲੇ ਇਨਸਾਨਾਂ ਵਿੱਚ ਨਿਐਂਡਰਥਾਲ ਦਾ ਡੀ.ਐਨ.ਏ. ਹੈ; ਬਹੁਤ ਘੱਟ, ਪਰ ਪੱਕਾ ਹੈ। ਉਨ੍ਹਾਂ ਦੇ ਨਤੀਜਿਆਂ ਨੇ ਦੱਸਿਆ ਕਿ ਯੂਰਪ ਵਿੱਚ ਰਹਿਣ ਵਾਲੇ ਅੱਜ ਦੇ ਲੋਕਾਂ ਵਿੱਚ ਵੀ ਇੱਕ ਤੋਂ ਦੋ ਫ਼ੀਸਦੀ ਡੀ.ਐਨ.ਏ. ਨਿਐਂਡਰਥਾਲ ਦਾ ਹੈ। ਇਹ ਨਾ ਸਿਰਫ਼ ਔਖੀ ਖੋਜ ਸੀ, ਸਗੋਂ ਇਨਸਾਨਾਂ ਦੇ ਅੱਜ ਵਾਲੇ ਰੂਪ ਵਿੱਚ ਆਉਣ ਦੀ ਕਹਾਣੀ ਵੱਲ ਇੱਕ ਬੇਸ਼ਕੀਮਤੀ ਕਦਮ ਸੀ।

2008 ਵਿੱਚ ਸਾਈਬੀਰੀਆ ਵਿੱਚ ਡੈਨੀਸੋਵਾ ਨਾਮੀਂ ਇੱਕ ਗੁਫ਼ਾ ਵਿੱਚ ਇੱਕ ਪਿੰਜਰ ਮਿਲਿਆ। ਜਾਂਚ ਤੋਂ ਪਤਾ ਲੱਗਾ ਕਿ ਇਹ ਇੱਕ ਨਵਾਂ ਗਰੁੱਪ ਸੀ; ਜਿਸ ਨੂੰ ਡੈਨੀਸੋਵਾਨਸ ਨਾਮ ਦਿੱਤਾ ਗਿਆ। ਪਾਬੋ ਅਤੇ ਉਨ੍ਹਾਂ ਦੀ ਟੀਮ ਨੇ ਉਸ ਤੋਂ ਬਾਅਦ ਦੇ ਸਾਲਾਂ ਵਿੱਚ ਦੱਸਿਆ ਕਿ ਅੱਜ ਦੇ ਕੁਝ ਗਰੁੱਪਾਂ ਵਿੱਚ 6 ਫ਼ੀਸਦੀ ਡੀ.ਐਨ.ਏ. ਡੈਨੀਸੋਵਾਨਸ ਦਾ ਹੈ। ਡੈਨੀਸੋਵਾਨਸ ਡੀ.ਐਨ.ਏ. ਦੇ ਇਹ ਅਵਸ਼ੇਸ਼ ਅੱਜ ਦੇ ਪੂਰਬੀ ਏਸ਼ੀਆ ਵਿੱਚ ਰਹਿਣ ਵਾਲੇ ਲੋਕਾਂ ਵਿੱਚ ਮਿਲ ਸਕਦੇ ਹਨ।

### ਹੋਰ ਇੱਕ ਦਿਲਚਸਪ ਤੱਥ

2024 ਵਿੱਚ ਪ੍ਰਿੰਸਟਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇੱਕ ਨਵੀਂ ਖੋਜ ਵਿੱਚ ਪਤਾ ਲਗਾਇਆ ਕਿ ਨਿਐਂਡਰਥਾਲਾਂ ਵਿੱਚ ਵੀ ਆਧੁਨਿਕ ਇਨਸਾਨਾਂ ਦਾ ਡੀ.ਐਨ.ਏ. ਸੀ। ਕਰੋਸ਼ੀਆ ਦੇ ਵਿੰਡੀਜਾ ਨਿਐਂਡਰਥਾਲ ਵਿੱਚ ਲਗਭਗ 2.5 ਫ਼ੀਸਦੀ ਆਧੁਨਿਕ ਇਨਸਾਨੀ ਡੀ.ਐਨ.ਏ. ਮਿਲਿਆ, ਜੋ ਦੱਸਦਾ ਹੈ ਕਿ ਇੰਟਰਬ੍ਰੀਡਿੰਗ (ਅੰਦਰੂਨੀ ਜੁੜਤ) ਦੋਵਾਂ ਪਾਸੋਂ ਹੋਈ ਸੀ। ਇਹ ਇੱਕ ਨਵੀਂ ਤਾਰੀਖ ਨਿਰਧਾਰਤ ਕਰਦਾ ਹੈ, ਜਦੋਂ ਹੋਮੋ ਸੈਪੀਐਂਸ ਅਤੇ ਨਿਐਂਡਰਥਾਲ ਇਕੱਠੇ ਰਹੇ ਤੇ ਬੱਚੇ ਪੈਦਾ ਕੀਤੇ। ਇਸ ਨਾਲ ਸਾਡੀ ਕਹਾਣੀ ਵਧੇਰੇ ਦਿਲਚਸਪ ਹੋ ਗਈ ਹੈ। ਅਸੀਂ ਨਾ ਸਿਰਫ਼ ਉਨ੍ਹਾਂ ਨੂੰ ਜੋੜਿਆ, ਸਗੋਂ ਉਹ ਵੀ ਸਾਡੇ ਨਾਲ ਜੁੜੇ।

ਹਜ਼ਾਰਾਂ ਸਦੀਆਂ ਪੁਰਾਣੇ ਡੀ.ਐਨ.ਏ. ਅਵਸ਼ੇਸ਼ਾਂ ਤੋਂ ਕੋਈ ਸਿੱਟਾ ਕੱਢਣਾ ਪਾਬੋ ਦੇ ਕੰਮ ਤੋਂ ਪਹਿਲਾਂ ਅਸੰਭਵ ਸੀ। ਉਨ੍ਹਾਂ ਨੇ ਕਈ ਦਹਾਕੇ ਇਨ੍ਹਾਂ ਪ੍ਰਣਾਲੀਆਂ ਨੂੰ ਵਿਕਸਿਤ ਕਰਨ ਵਿੱਚ ਲਗਾਏ; ਜਿਨ੍ਹਾਂ ਨਾਲ ਅੱਜ ਅਸੀਂ ਆਪਣੇ ਭੂਤਕਾਲ ਬਾਰੇ ਜਾਣਦੇ ਹਾਂ।

ਪਾਬੋ ਦੇ ਕੰਮ ਨਾਲ ਇਹ ਵੀ ਪਤਾ ਲੱਗਦਾ ਹੈ ਕਿ ਵੱਖਰਾ ਅਤੇ ਇੱਕੋ ਜਿਹਾ ਹੋਣਾ ਕੀ ਹੁੰਦਾ ਹੈ। ਜਿਨ੍ਹਾਂ ਨੂੰ ਅਸੀਂ ਵੱਖਰੀ ਜਾਤੀ ਸਮਝਦੇ ਸੀ, ਅਸਲ ਵਿੱਚ ਉਨ੍ਹਾਂ ਦਾ ਡੀ.ਐਨ.ਏ. ਅੱਜ ਵੀ ਸਾਡੇ ਅੰਦਰ ਹੈ। ਜੋ ਜਾਤੀਆਂ ਅਸੀਂ ਆਪਣੇ ਤੋਂ ਵੱਖਰੀਆਂ ਮੰਨਦੇ ਹਾਂ (ਜਿਵੇਂ ਚਿੰਪੈਂਜ਼ੀ), ਉਨ੍ਹਾਂ ਦਾ ਡੀ.ਐਨ.ਏ. ਸਾਡੇ ਨਾਲ 99 ਫ਼ੀਸਦੀ ਮਿਲਦਾ ਹੈ। ਪਾਬੋ ਦੀਆਂ ਇਨ੍ਹਾਂ ਖੋਜਾਂ ਵਿੱਚ ਅਸੀਂ ਕੌਣ ਹਾਂ ਅਤੇ ਆਪਣੀ ਤੇ ਹੋਰ ਜਾਤੀਆਂ ਨਾਲ ਸਾਡਾ ਕੀ ਰਿਸ਼ਤਾ ਹੈ? ਇਹ ਸਵਾਲ ਸਾਡੇ ਅੱਗੇ ਖੜ੍ਹੇ ਹੋ ਜਾਂਦੇ ਹਨ।

### ਇੱਕ ਹੋਰ ਨਵਾਂ ਤੱਥ


2025 ਵਿੱਚ ਬ੍ਰਾਊਨ ਯੂਨੀਵਰਸਿਟੀ ਦੀ ਖੋਜ ਨੇ ਪਤਾ ਲਗਾਇਆ ਕਿ ਡੈਨੀਸੋਵਾਨ ਡੀ.ਐਨ.ਏ. ਵਿੱਚ ਇੱਕ ਜੀਨ ਹੈ, ਜੋ ਉੱਚੀਆਂ ਉਚਾਈਆਂ 'ਤੇ ਜੀਵਨ ਲਈ ਮਦਦ ਕਰਦਾ ਹੈ। ਇਹ ਜੀਨ ਨਿਐਂਡਰਥਾਲਾਂ ਰਾਹੀਂ ਆਧੁਨਿਕ ਇਨਸਾਨਾਂ ਤੱਕ ਪਹੁੰਚਿਆ, ਜਿਸ ਨਾਲ ਪਹਿਲੇ ਅਮਰੀਕੀ ਲੋਕ ਨਵੀਆਂ ਥਾਵਾਂ 'ਤੇ ਵੱਸ ਸਕੇ। ਇਹ ਦੱਸਦਾ ਹੈ ਕਿ ਪੁਰਾਣੀਆਂ ਜਾਤੀਆਂ ਨੇ ਨਾ ਸਿਰਫ਼ ਸਾਡੇ ਵਿੱਚ ਡੀ.ਐਨ.ਏ. ਛੱਡਿਆ, ਸਗੋਂ ਸਾਨੂੰ ਨਵੇਂ ਵਾਤਾਵਰਣਾਂ ਵਿੱਚ ਬਚਣ ਵਿੱਚ ਵੀ ਮਦਦ ਕੀਤੀ। ਇਸ ਨਾਲ ਅਸੀਂ ਵੇਖ ਸਕਦੇ ਹਾਂ ਕਿ ਸਾਡੀ ਵਿਭਿੰਨਤਾ ਕਿਵੇਂ ਸਾਡੀ ਤਾਕਤ ਬਣੀ।

ਇਨ੍ਹਾਂ ਖੋਜਾਂ ਨਾਲ ਸਾਡਾ ਅਤੀਤ ਵਧੇਰੇ ਰੰਗੀਨ ਹੋ ਗਿਆ ਹੈ। ਅਸੀਂ ਹੁਣ ਸਿਰਫ਼ ਇੱਕ ਜਾਤੀ ਨਹੀਂ, ਸਗੋਂ ਕਈ ਪੁਰਾਣੀਆਂ ਜਾਤੀਆਂ ਦੇ ਮਿਸ਼ਰਣ ਹਾਂ। ਇਹ ਸਮਝ ਸਾਡੇ ਭਵਿੱਖ ਨੂੰ ਵੀ ਬਦਲ ਸਕਦੀ ਹੈ, ਕਿਉਂਕਿ ਜੇਕਰ ਅਸੀਂ ਆਪਣੇ ਰਿਸ਼ਤੇ ਜਾਣਦੇ ਹਾਂ ਤਾਂ ਹੋਰ ਜੀਵਾਂ ਨਾਲ ਵੀ ਬਿਹਤਰ ਵਿਹਾਰ ਕਰਾਂਗੇ। ਪਾਬੋ ਵਰਗੇ ਵਿਗਿਆਨੀਆਂ ਨੇ ਸਾਨੂੰ ਇਹ ਤਾਕਤ ਦਿੱਤੀ ਹੈ ਕਿ ਅਸੀਂ ਆਪਣੇ ਰਹੱਸ ਖੋਲ੍ਹੀਏ ਅਤੇ ਅੱਗੇ ਵਧੀਏ।

---

ਸੱਚੋ-ਸੱਚ

# ਜ਼ਿੰਦਗੀ ਦੀਆਂ ਨੀਂਹਾਂ 'ਤੇ ਅਦਿੱਖ ਹਮਲਾ



**ਵਿਜੈ ਗਰਗ, ਮਲੋਟ**
**ਸੇਵਾਮੁਕਤ ਪ੍ਰਿੰਸੀਪਲ**

ਮਨੁੱਖ ਅਕਸਰ ਇਹ ਮੰਨਦੇ ਹਨ ਕਿ ਸਾਡੀ ਜ਼ਿੰਦਗੀ ਲਈ ਸਭ ਤੋਂ ਵੱਡੇ ਖ਼ਤਰੇ ਬਾਹਰੀ ਹਨ, ਜਿਵੇਂ ਕਿ ਸੜਕ ਹਾਦਸੇ, ਮਨੁੱਖਾਂ ਜਾਂ ਜਾਨਵਰਾਂ ਦੁਆਰਾ ਹਮਲੇ, ਜਾਂ ਲਾਗ ਅਤੇ ਗੰਭੀਰ ਬਿਮਾਰੀਆਂ। ਹਾਲਾਂਕਿ ਨਵੀਂ ਖੋਜ ਸੁਝਾਅ ਦਿੰਦੀ ਹੈ ਕਿ ਸਾਡੇ ਉੱਤੇ ਸਭ ਤੋਂ ਵੱਧ ਨਿਰੰਤਰ ਅਤੇ ਡੂੰਘਾ ਹਮਲਾ ਸਾਡੇ ਸਰੀਰ ਦੇ ਅੰਦਰ ਹੁੰਦਾ ਹੈ, ਸਾਡੇ ਸੈੱਲਾਂ ਦੇ ਅੰਦਰ ਮੌਜੂਦ ਡੀ.ਐਨ.ਏ. ਦੇ ਵਿਰੁੱਧ। ਇਹ ਹਮਲਾ ਅਦਿੱਖ ਹੈ, ਪਰ ਇਸਦੇ ਨਤੀਜੇ ਬਹੁਤ ਗੰਭੀਰ ਹੋ ਸਕਦੇ ਹਨ। ਡੀ.ਐਨ.ਏ. ਸਾਡੇ ਸਰੀਰ ਦਾ ਸਭ ਤੋਂ ਬੁਨਿਆਦੀ ਤੇ ਜ਼ਰੂਰੀ ਢਾਂਚਾ ਹੈ ਅਤੇ ਇਸਨੂੰ ਜੀਵਨ ਦੀ 'ਨਿਰਦੇਸ਼ ਪੁਸਤਕ' ਕਿਹਾ ਜਾ ਸਕਦਾ ਹੈ; ਕਿਉਂਕਿ ਇਹ ਸਾਡੇ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਨ ਦਾ ਮਾਰਗਦਰਸ਼ਨ ਕਰਦਾ ਹੈ।

ਦਰਅਸਲ ਡੀ.ਐਨ.ਏ. ਵਿੱਚ ਸਾਡੇ ਸਰੀਰ ਦੀ ਬਣਤਰ, ਦਿੱਖ, ਵਿਹਾਰ ਅਤੇ ਮੈਟਾਬੋਲਿਜ਼ਮ ਸ਼ਾਮਲ ਹਨ; ਤੇ ਸਿਹਤ ਨਾਲ ਸਬੰਧਤ ਸਾਰੀ ਜਾਣਕਾਰੀ ਸੁਰੱਖਿਅਤ ਹੈ। ਹਰੇਕ ਸੈੱਲ ਦੇ ਮੂਲ ਵਿੱਚ ਸਥਿਤ ਡੀ.ਐਨ.ਏ. ਇਹ ਨਿਰਧਾਰਤ ਕਰਦਾ ਹੈ ਕਿ ਕਿਹੜਾ ਸੈੱਲ ਕੀ ਕੰਮ ਕਰੇਗਾ ਅਤੇ ਸਰੀਰ ਦੇ ਹਰੇਕ ਹਿੱਸੇ ਦਾ ਵਿਕਾਸ ਕਿਵੇਂ ਹੋਵੇਗਾ। ਜੇਕਰ ਡੀ.ਐਨ.ਏ. ਖਰਾਬ ਹੋ ਜਾਂਦਾ ਹੈ, ਤਾਂ ਸਰੀਰ ਦੇ ਸੈੱਲ ਗਲਤ ਢੰਗ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ, ਜਿਸ ਨਾਲ ਕਈ ਤਰ੍ਹਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਹੁੰਦੀਆਂ ਵੀ ਹਨ। ਇਹ ਅਗਲੀ ਪੀੜ੍ਹੀ ਨੂੰ ਵੀ ਦਿੱਤਾ ਜਾਂਦਾ ਹੈ। ਸਾਡੇ ਸਰੀਰ ਦੀ ਕੁਦਰਤੀ ਰੱਖਿਆ ਵਿਧੀ ਸੂਰਜ ਦੀ ਰੌਸ਼ਨੀ ਦੇ ਸੰਪਰਕ ਵਿੱਚ ਆਉਣ ਨਾਲ ਹੋਣ ਵਾਲੇ ਜ਼ਿਆਦਾਤਰ ਨੁਕਸਾਨ ਦੀ ਮੁਰੰਮਤ ਕਰਦੀ ਹੈ, ਪਰ ਜਦੋਂ ਹਮਲੇ ਜਾਰੀ ਰਹਿੰਦੇ ਹਨ, ਤਾਂ ਇਹ ਵਿਧੀ ਵੀ ਆਪਣੀ ਪ੍ਰਭਾਵਸ਼ੀਲਤਾ ਗੁਆਉਣਾ ਸ਼ੁਰੂ ਕਰ ਦਿੰਦੀ ਹੈ।

ਅਧਿਐਨਾਂ ਅਨੁਸਾਰ ਸਾਡੇ ਡੀ.ਐਨ.ਏ. 'ਤੇ ਸਭ ਤੋਂ ਮਹੱਤਵਪੂਰਨ ਹਮਲਾ ਸੂਰਜ ਦੀਆਂ ਅਲਟਰਾਵਾਇਲਟ ਕਿਰਨਾਂ ਤੋਂ ਹੁੰਦਾ ਹੈ। ਇਹ ਕਿਰਨਾਂ ਚਮੜੀ ਦੇ ਸੈੱਲਾਂ ਵਿੱਚ ਦਾਖਲ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਜੈਨੇਟਿਕ ਪਦਾਰਥ, ਡੀ.ਐਨ.ਏ. ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਜੇਕਰ ਇਲਾਜ ਨਾ ਕੀਤਾ ਜਾਵੇ, ਤਾਂ ਇਹ ਨੁਕਸਾਨ ਚਮੜੀ ਦੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਇਲਾਵਾ ਐਕਸ-ਰੇ ਅਤੇ ਸੀ.ਟੀ. ਸਕੈਨ ਵਰਗੇ ਡਾਕਟਰੀ ਡਾਇਗਨੌਸਟਿਕ ਪ੍ਰਣਾਲੀਆਂ ਤੋਂ ਰੇਡੀਏਸ਼ਨ ਵੀ ਡੀ.ਐਨ.ਏ. ਨੂੰ ਪ੍ਰਭਾਵਿਤ ਕਰ ਸਕਦਾ ਹੈ। ਹਾਲਾਂਕਿ ਇਨ੍ਹਾਂ ਦੀ ਵਰਤੋਂ ਸਿਰਫ ਡਾਕਟਰੀ ਉਦੇਸ਼ਾਂ ਲਈ ਕੀਤੀ ਜਾਂਦੀ ਹੈ, ਪਰ ਵਾਰ-ਵਾਰ ਸੰਪਰਕ ਡੀ.ਐਨ.ਏ. ਦੇ ਨੁਕਸਾਨ ਦੇ ਜੋਖਮ ਨੂੰ ਕਾਫ਼ੀ ਵਧਾਉਂਦਾ ਹੈ।

ਕੀ ਸਾਡੇ ਸਰੀਰ ਦੀਆਂ ਕੁਦਰਤੀ ਰੱਖਿਆ ਵਿਧੀਆਂ ਅਜਿਹੇ ਨੁਕਸਾਨ ਦੀ ਮੁਰੰਮਤ ਕਰ ਸਕਦੀਆਂ ਹਨ? ਇਹ ਨੁਕਸਾਨ ਦੀ ਹੱਦ 'ਤੇ ਨਿਰਭਰ ਕਰਦਾ ਹੈ, ਭਾਵ ਕੀ ਸਾਡੀ ਇਮਿਊਨ ਸਿਸਟਮ ਇਸਨੂੰ ਠੀਕ ਕਰਨ ਦੇ ਸਮਰੱਥ ਹੈ। ਪ੍ਰਦੂਸ਼ਿਤ ਹਵਾ ਸਾਡੇ ਡੀ.ਐਨ.ਏ. ਦਾ ਇੱਕ ਵੱਡਾ ਦੁਸ਼ਮਣ ਵੀ ਹੈ। ਵਾਯੂਮੰਡਲ ਵਿੱਚ ਮੌਜੂਦ ਧੂੰਆਂ, ਹਾਨੀਕਾਰਕ ਰਸਾਇਣ ਅਤੇ ਭਾਰੀ ਧਾਤਾਂ ਸਰੀਰ ਵਿੱਚ ਦਾਖਲ ਹੋ ਕੇ ਫ੍ਰੀ ਰੈਡੀਕਲ ਬਣਾਉਂਦੀਆਂ ਹਨ। ਇਹ ਫ੍ਰੀ ਰੈਡੀਕਲ ਸੈੱਲਾਂ ਦੀ ਸਥਿਰਤਾ ਵਿੱਚ ਰੁਕਾਵਟ ਪਾਉਂਦੇ ਹਨ ਅਤੇ ਡੀ.ਐਨ.ਏ. ਦੀ ਸੰਰਚਨਾਤਮਕ ਬਣਤਰ ਨੂੰ ਵਿਗਾੜਦੇ ਹਨ। ਇਸੇ ਕਰਕੇ ਪ੍ਰਦੂਸ਼ਣ ਨਾਲ ਸਬੰਧਤ ਬਿਮਾਰੀਆਂ ਦੁਨੀਆ ਭਰ ਵਿੱਚ ਤੇਜ਼ੀ ਨਾਲ ਫੈਲ ਰਹੀਆਂ ਹਨ। ਖ਼ੁਰਾਕ ਸਾਡੇ ਡੀ.ਐਨ.ਏ. ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਬਹੁਤ ਜ਼ਿਆਦਾ ਤੇਲਯੁਕਤ, ਪ੍ਰੋਸੈਸਡ, ਪੈਕ ਕੀਤੇ ਜਾਂ ਮਿਲਾਵਟੀ ਭੋਜਨ ਸਰੀਰ ਵਿੱਚ ਪ੍ਰਤੀਕਿਰਿਆਸ਼ੀਲ ਰਸਾਇਣ ਪੈਦਾ ਕਰਦੇ ਹਨ, ਜੋ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਡੀ.ਐਨ.ਏ. ਦੀ ਰੱਖਿਆ ਨੂੰ ਕਮਜ਼ੋਰ ਕਰਦੇ ਹਨ। ਅਜਿਹੇ ਭੋਜਨਾਂ ਦਾ ਲੰਬੇ ਸਮੇਂ ਤੱਕ ਸੇਵਨ ਕੈਂਸਰ ਦਾ ਕਾਰਨ ਬਣ ਸਕਦਾ ਹੈ। ਪੁਰਾਣੀਆਂ ਬਿਮਾਰੀਆਂ ਦਾ ਖ਼ਤਰਾ ਵੀ ਵੱਧ ਜਾਂਦਾ ਹੈ।



ਕੁਝ ਵਾਇਰਸ ਸਿੱਧੇ ਡੀ.ਐਨ.ਏ. 'ਤੇ ਵੀ ਹਮਲਾ ਕਰਦੇ ਹਨ। ਮਿਸਾਲ ਵਜੋਂ ਐਚ.ਪੀ.ਵੀ. ਵਾਇਰਸ ਸਰਵਾਈਕਲ ਕੈਂਸਰ ਦਾ ਮੁੱਖ ਕਾਰਨ ਹੈ, ਜਦੋਂ ਕਿ ਹੈਪੇਟਾਈਟਸ ਬੀ ਵਾਇਰਸ ਜਿਗਰ ਦੇ ਕੈਂਸਰ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਤਣਾਅ ਅਤੇ ਨੀਂਦ ਦੀ ਘਾਟ ਵੀ ਡੀ.ਐਨ.ਏ. ਲਈ ਨੁਕਸਾਨਦੇਹ ਮੰਨੀ ਜਾਂਦੀ ਹੈ। ਤਣਾਅ ਦੌਰਾਨ ਪੈਦਾ ਹੋਣ ਵਾਲੇ ਹਾਰਮੋਨ ਸੈੱਲਾਂ ਦੀ ਆਪਣੇ ਆਪ ਨੂੰ ਠੀਕ ਕਰਨ ਦੀ ਸਮਰੱਥਾ ਨੂੰ ਵਿਗਾੜ ਸਕਦੇ ਹਨ। ਇਸੇ ਤਰ੍ਹਾਂ ਨੀਂਦ ਦੀ ਘਾਟ ਸਰੀਰ ਦੇ ਕੁਦਰਤੀ ਮੁਰੰਮਤ ਅਤੇ ਸੁਰੱਖਿਆ ਵਿਧੀਆਂ ਨੂੰ ਵਿਗਾੜ ਸਕਦੀ ਹੈ। ਸਮੋਕਿੰਗ (ਕਿਸੇ ਵੀ ਤਰ੍ਹਾਂ ਦੀ) ਅਤੇ ਸ਼ਰਾਬ ਦਾ ਸੇਵਨ ਵੀ ਅਜਿਹੇ ਕਾਰਕ ਹਨ, ਜੋ ਸਿੱਧੇ ਤੌਰ 'ਤੇ ਡੀ.ਐਨ.ਏ. ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਜਿਸ ਨਾਲ ਕੈਂਸਰ ਸਮੇਤ ਗੰਭੀਰ ਬਿਮਾਰੀਆਂ ਦਾ ਖ਼ਤਰਾ ਕਾਫ਼ੀ ਵਧ ਜਾਂਦਾ ਹੈ।

ਖੋਜ ਸੁਝਾਅ ਦਿੰਦੀ ਹੈ ਕਿ ਡੀ.ਐਨ.ਏ. 'ਤੇ ਇਹ ਵਾਰ-ਵਾਰ, ਅਦਿੱਖ ਹਮਲਿਆਂ ਦੇ ਗੰਭੀਰ ਨਤੀਜੇ ਹੋ ਸਕਦੇ ਹਨ। ਸਭ ਤੋਂ ਆਮ ਕਾਰਨ ਕੈਂਸਰ ਹੈ, ਜਿਸ ਵਿੱਚ ਚਮੜੀ, ਜਿਗਰ, ਫੇਫੜੇ ਜਾਂ ਸਰਵਾਈਕਲ ਕੈਂਸਰ ਸਮੇਤ ਸਾਰੇ ਪ੍ਰਕਾਰ ਦੇ ਕੈਂਸਰ ਸ਼ਾਮਲ ਹਨ। ਡੀ.ਐਨ.ਏ. ਨੁਕਸਾਨ ਦਿਲ ਦੀ ਬਿਮਾਰੀ ਦੇ ਜੋਖਮ ਨੂੰ ਵੀ ਵਧਾਉਂਦਾ ਹੈ। ਦਿਮਾਗ ਦੀਆਂ ਬਿਮਾਰੀਆਂ ਜਿਵੇਂ ਕਿ ਅਲਜ਼ਾਈਮਰ ਅਤੇ ਪਾਰਕਿਨਸਨ ਨੂੰ ਵੀ ਇਸ ਨਾਲ ਜੋੜਿਆ ਗਿਆ ਹੈ। ਸਮੇਂ ਤੋਂ ਪਹਿਲਾਂ ਬੁਢਾਪਾ, ਵਾਲਾਂ ਦਾ ਝੜਨਾ, ਕਮਜ਼ੋਰੀ ਅਤੇ ਝੁਰੜੀਆਂ ਵੀ ਡੀ.ਐਨ.ਏ. ਨੁਕਸਾਨ ਦੇ ਸੰਕੇਤ ਹੋ ਸਕਦੇ ਹਨ। ਇਹ ਸਰੀਰ ਦੀ ਪ੍ਰਤੀਰੋਧਕ ਸ਼ਕਤੀ ਨੂੰ ਵੀ ਘਟਾ ਸਕਦਾ ਹੈ ਅਤੇ ਵਾਰ-ਵਾਰ ਇਨਫੈਕਸ਼ਨਾਂ ਦਾ ਕਾਰਨ ਬਣ ਸਕਦਾ ਹੈ। ਭਾਵੇਂ ਡੀ.ਐਨ.ਏ. 'ਤੇ ਇਨ੍ਹਾਂ ਅਦਿੱਖ ਹਮਲਿਆਂ ਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ, ਪਰ ਕੁਝ ਸਧਾਰਨ ਅਤੇ ਸੁਚੇਤ ਉਪਾਅ ਇਨ੍ਹਾਂ ਦੇ ਪ੍ਰਭਾਵ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੇ ਹਨ।

⇒ ਬਾਕੀ ਸਫਾ 11 ਉਤੇ ਪੜ੍ਹੋ

# ਇੱਕ ਫ਼ੋਨ ਕਾਲ ਜੋ ਹੋਸ਼ ਉੜਾ ਗਈ

**ਫਰਜ਼ ਦੀ ਪਹਿਚਾਣ**

**ਬਲਕਾਰ ਸਿੰਘ ਮਾਦਪੁਰ**
**ਫੋਨ: 945-267-6413**

***ਹਰ ਪੰਜਾਬੀ ਵਿੱਚ ਉਹ ਚੰਗਿਆੜੀ ਹੈ, ਜੋ ਇਤਿਹਾਸ ਬਣਾਉਂਦੀ ਆਈ ਹੈ। ਲੋੜ ਹੈ ਤਾਂ ਕੇਵਲ ਉਸਨੂੰ ਸੁਲਘਾਉਣ ਦੀ। ਤੁਹਾਡੀ ਇੱਕ ਛੋਟੀ ਜਿਹੀ ਕੋਸ਼ਿਸ਼ ਚਾਹੇ ਉਹ ਆਪਣੇ ਘਰ ਵਿੱਚ ਪੰਜਾਬੀ ਬੋਲਣ ਦੀ ਹੋਵੇ ਜਾਂ ਪੰਜਾਬ ਯੂਨੀਵਰਸਿਟੀ ਦੇ ਸੰਘਰਸ਼ ਲਈ ਆਪਣਾ ਸਮਰਥਨ ਦੇਣ ਦੀ, ਕੱਲ੍ਹ ਲਈ ਬਹੁਤ ਵੱਡਾ ਫ਼ਰਕ ਲਿਆ ਸਕਦੀ ਹੈ।***

ਮੈਂ ਆਪਣੇ ਇੱਕ ਬਹੁਤ ਹੀ ਪਿਆਰੇ ਨੇੜਲੇ ਮਿੱਤਰ ਨੂੰ ਅਮਰੀਕਾ ਤੋਂ ਫ਼ੋਨ ਕੀਤਾ। ਮੇਰਾ ਮਕਸਦ ਇਹ ਪਤਾ ਲਗਾਉਣਾ ਸੀ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਜੋ ਸੰਘਰਸ਼ ਚੱਲ ਰਿਹਾ ਹੈ, ਉਸ ਬਾਰੇ ਸਾਡੇ ਇਲਾਕੇ ਦੇ ਲੋਕਾਂ ਵਿੱਚ ਕਿੰਨੀ ਕੁ ਜਾਗਰੂਕਤਾ ਹੈ। ਅੱਗੋਂ ਜਵਾਬ ਆਇਆ, "ਉਹ ਐਥੇ ਤਾਂ ਸਾਰੇ ਸਿਰਫ਼ ਹਾਈ ਸਕੂਲ ਤੱਕ ਹੀ ਗਏ ਐ, ਉਨ੍ਹਾਂ ਦਾ ਯੂਨੀਵਰਸਿਟੀ ਨਾਲ ਕੋਈ ਲੈਣਾ-ਦੇਣਾ ਨਹੀਂ।" ਇਹ ਗੱਲ ਸੁਣ ਕੇ ਮੇਰਾ ਦਿਲ ਕੰਬ ਗਿਆ। ਮੈਨੂੰ ਅਹਿਸਾਸ ਹੋਇਆ ਕਿ ਅਸੀਂ ਆਪਣੀ ਸੋਚ ਤੇ ਫਰਜ਼ ਦੀ ਪਹਿਚਾਣ ਦਾ ਦਰਜਾ ਕਿੰਨਾ ਘੱਟ ਰੱਖਿਆ ਹੋਇਆ ਹੈ। ਇਹ ਵੀ ਸੋਚਿਆ ਕਿ ਯੂਨੀਵਰਸਿਟੀ ਵਿੱਚ ਕੇਂਦਰੀਕਰਨ ਦਾ ਜੋ ਮਸਲਾ ਹੈ, ਅਜੇ ਭਾਵੇਂ ਸਾਨੂੰ ਸਪਸ਼ਟ ਨਹੀਂ ਦਿੱਸ ਰਿਹਾ, ਪਰ ਆਉਣ ਵਾਲੇ ਸਮੇਂ ਵਿੱਚ ਇਸ ਦੇ ਭਿਆਨਕ ਨਤੀਜੇ ਨਿਕਲ ਸਕਦੇ ਹਨ।

**ਬੱਚਿਆਂ ਦੇ ਮੂੰਹੋਂ ਬੇਗਾਨੀ ਬੋਲੀ:** ਫ਼ੋਨ 'ਤੇ ਗੱਲ ਕਰਦੇ-ਕਰਦੇ, ਮੇਰੇ ਉਸ ਮਿੱਤਰ ਦੀਆਂ ਦੋ ਪਿਆਰੀਆਂ ਬੱਚੀਆਂ ਵੀ ਗੱਲ ਵਿੱਚ ਸ਼ਾਮਲ ਹੋ ਗਈਆਂ। ਛੋਟੀ ਬੱਚੀ, ਜਿਸ ਦੀ ਉਮਰ ਲਗਭਗ ਤਿੰਨ ਕੁ ਸਾਲ ਹੈ, ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਮੈਨੂੰ ਦੱਸ ਰਹੀ ਸੀ ਕਿ ਉਸਨੇ ਹੁਣ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੇ ਮਸਤੀਆਂ ਭਰੇ ਢੰਗ ਨਾਲ ਅੰਗਰੇਜ਼ੀ ਵਿੱਚ ਕੁਝ ਗਿਣਤੀ ਸੁਣਾਉਣੀ ਸ਼ੁਰੂ ਕੀਤੀ। ਉਹ ਗਿਣਤੀ ਨੂੰ ਅੰਗਰੇਜ਼ੀ 'ਚ ਬੜੀ ਸਫ਼ਾਈ ਨਾਲ ਗਿਣਨ ਲੱਗ ਪਈ। ਫ਼ਿਰ ਗੱਲਾਂ ਕਰਦਿਆਂ-ਕਰਦਿਆਂ ਅੱਖਰਾਂ ਦੀ ਵੀ ਚਰਚਾ ਹੋਈ, ਤੇ ਉਸਨੇ A B C ਆਦਿ ਅੰਗਰੇਜ਼ੀ ਅੱਖਰ ਵੀ ਮੈਨੂੰ ਬਰਾਬਰ ਸੁਣਾ ਦਿੱਤੇ। ਇਹ ਸਭ ਮੈਨੂੰ ਚੰਗਾ ਤਾਂ ਲੱਗਿਆ ਕਿ ਬੱਚੀ ਚੰਗਾ ਸਿੱਖ ਰਹੀ ਹੈ, ਪਰ ਮੇਰੇ ਮਨ ਵਿੱਚ ਇੱਕ ਸਵਾਲ ਪੈਦਾ ਹੋ ਗਿਆ ਕਿ ਇਨ੍ਹਾਂ ਪਿਆਰੀਆਂ ਬੱਚਿਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਵਿੱਚ ਵੀ ਕੁਝ ਆਉਂਦਾ ਹੈ? ਕੀ ਉਹ ਪੰਜਾਬੀ ਵਿੱਚ ਗਿਣਤੀ ਜਾਂ ਕੋਈ ਕਵਿਤਾ ਜਾਣਦੇ ਹਨ?


ਇਹ ਸੋਚਦੇ ਹੋਏ ਮੈਂ ਬੜੇ ਪਿਆਰ ਨਾਲ ਉਨ੍ਹਾਂ ਨੂੰ ਕਿਹਾ, "ਤੁਸੀਂ ਪੰਜਾਬੀ ਵਿੱਚ ਕੋਈ ਕਵਿਤਾ ਜਾਂ ਫਿਰ ਗਿਣਤੀ ਸੁਣਾ ਸਕਦੇ ਹੋ?" ਮੈਨੂੰ ਉਮੀਦ ਸੀ ਕਿ ਸ਼ਾਇਦ ਉਹ ਪੰਜਾਬੀ ਵਿਚਲੇ ਅੱਖਰਾਂ ਜਾਂ ਬਾਲ-ਕਹਾਣੀ ਵਾਲੀ ਕਵਿਤਾ ਸੁਣਾਉਣਗੇ। ਵੱਡੀ ਬੱਚੀ (ਜਿਸਦੀ ਉਮਰ ਲਗਭਗ ਸੱਤ-ਅੱਠ ਸਾਲ ਹੈ) ਦੇ ਉਤਸ਼ਾਹਿਤ ਕਰਨ 'ਤੇ ਛੋਟੀ ਇੱਕ ਕਵਿਤਾ ਗਾਉਣ ਲੱਗ ਪਈ।

**ਮਾਂ-ਬੋਲੀ ਤੋਂ ਵਿਛੜਦੀ ਪੀੜ੍ਹੀ:** ਛੋਟੀ ਬੱਚੀ ਨੇ ਕਵਿਤਾ ਦੀਆਂ ਸ਼ੁਰੂਆਤੀ ਪੰਕਤੀਆਂ ਬਹੁਤ ਚਾਉ ਨਾਲ ਗਾਉਣੀਆਂ ਸ਼ੁਰੂ ਕੀਤੀਆਂ:

"ਅਕੜ ਬਕੜ ਬੰਬੇ ਬੋ, ਅੱਸੀ ਨੱਬੇ ਪੂਰੇ ਸੌ...।"

ਇਹ ਸੁਣ ਕੇ ਮੈਨੂੰ ਆਪਣੇ ਬਚਪਨ ਦੀ ਪੰਜਾਬੀ ਕਵਿਤਾ ਯਾਦ ਆ ਗਈ। ਮੈਂ ਮਨ ਹੀ ਮਨ ਅਗਲੀ ਲਾਈਨ ਦੀ ਉਮੀਦ ਕਰਨ ਲੱਗਾ: "ਸੌ ਗਲੋਟਾ ਤਿੱਤਰ ਮੋਟਾ, ਚਲ ਮਦਾਰੀ ਪੈਸਾ ਖੋਟਾ"... ਪਰ ਅਚਾਨਕ ਉਸ ਬੱਚੀ ਨੇ ਅਗਲੀ ਲਾਈਨ ਕੁਝ ਹੋਰ ਹੀ ਸੁਣਾ ਦਿੱਤੀ: "ਸੌ ਮੇ ਲਗਾ ਧਾਗਾ, ਚੋਰ ਨਿਕਲ ਕੇ ਭਾਗਾ।"

ਇਹ ਸੁਣਦਿਆਂ ਮੇਰੇ ਚਿਹਰੇ ਦੇ ਹੋਸ਼ ਉਡ ਗਏ ਅਤੇ ਜਿਵੇਂ ਮੈਂ ਕੁਝ ਸਮੇਂ ਲਈ ਕਿਤੇ ਖੋ ਗਿਆ ਹੋਵਾਂ। ਜਦੋਂ ਕਿ ਉਹ ਬੱਚੀ ਕਵਿਤਾ ਪੂਰੀ ਕਰਦੀ ਰਹੀ, ਮੇਰਾ ਦਿਮਾਗ ਤਾਂ ਸੁੰਨ ਹੋਇਆ ਪਿਆ ਸੀ। ਮੈਂ ਸੋਚ ਵਿੱਚ ਪੈ ਗਿਆ ਕਿ ਇਹ ਕੀ ਹੋ ਗਿਆ ਸਾਡੇ ਬੱਚਿਆਂ ਨਾਲ। ਜਿਨ੍ਹਾਂ ਬੱਚਿਆਂ ਨੂੰ ਅਸੀਂ ਆਪਣੇ ਪਿੰਡਾਂ ਦੇ ਸਾਦੇ ਮਾਸੂਮ ਬੱਚੇ ਸਮਝਦੇ ਸਾਂ, ਉਹ ਦੋ-ਤਿੰਨ ਸਾਲ ਦੀ ਉਮਰ ਵਿੱਚ ਹੀ ਐਹੋ ਜਿਹੀਆਂ ਕਵਿਤਾਵਾਂ ਸਿੱਖ ਰਹੇ ਹਨ, ਜਿਨ੍ਹਾਂ ਵਿੱਚ ਪੰਜਾਬੀ ਦੀ ਥਾਂ ਹਿੰਦੀ ਜਾਂ ਅੰਗਰੇਜ਼ੀ ਨੇ ਲੈ ਲਈ ਹੈ। ਸਾਡੀ ਪੰਜਾਬੀ ਮਾਂ-ਬੋਲੀ ਦੀ ਕਿੰਨੀ ਬੇਕਦਰੀ ਹੋ ਰਹੀ ਹੈ, ਇਹ ਗੱਲ ਇਸ ਨਿੱਕੀ ਘਟਨਾ ਤੋਂ ਪਤਾ ਲੱਗ ਜਾਂਦੀ ਹੈ।



ਇਨ੍ਹਾਂ ਹਾਲਾਤਾਂ ਨੂੰ ਵੇਖਦਿਆਂ, ਤੁਸੀਂ ਅੰਦਾਜ਼ਾ ਲਾ ਸਕਦੇ ਹੋ ਕਿ ਅੱਜ ਕੱਲ੍ਹ ਅਸੀਂ ਆਪਣੇ ਬੱਚਿਆਂ ਨੂੰ ਉਚ ਦਰਜੇ ਦੀਆਂ ਵੱਡੀਆਂ ਡਿਗਰੀਆਂ ਲਈ ਜਿਨ੍ਹਾਂ ਸਕੂਲਾਂ ਵਿੱਚ ਭੇਜਦੇ ਹਾਂ, ਉਹੀ ਵਿਦਿਅਕ ਸਕੂਲ ਸਾਡੇ ਬੱਚਿਆਂ ਨੂੰ ਇਹੋ ਜਿਹੇ ਪੜ੍ਹੇ-ਲਿਖੇ ਗ਼ੁਲਾਮ ਬਣਾ ਰਹੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਦੀ ਆਪਣੀ ਮਾਂ ਬੋਲੀ ਦੀ ਕੋਈ ਕਦਰ ਨਹੀਂ ਰਹੇਗੀ। ਇਸ ਭਰੀ ਦੁਨੀਆ ਦੇ ਹਾਈ-ਟੈਕ ਸਿਸਟਮ ਦਾ ਹਿੱਸਾ ਬਣਦੇ-ਬਣਦੇ ਸਾਡੇ ਬੱਚੇ ਅਣਜਾਣੇ ਹੀ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਰਹੇ ਹਨ।

**ਵਜ੍ਹਾ ਦੀ ਖੋਜ: ਦੁਸ਼ਮਣ ਸੰਸਕਾਰ ਜਾਂ ਸਾਡੀ ਲਾਪਰਵਾਹੀ?**

ਮੈਂ ਆਪਣੀ ਉਤਸੁਕਤਾ ਰੋਕ ਨਾ ਸਕਿਆ ਅਤੇ ਉਸ ਮਿੱਤਰ ਨੂੰ ਪੁੱਛਿਆ ਕਿ "ਬੱਚੇ ਆਖ਼ਿਰ ਇਹ ਸਭ ਕਿੱਥੋਂ ਸਿੱਖ ਰਹੇ ਹਨ? ਕੀ ਇਹ ਟੈਲੀਵਿਜ਼ਨ ਜਾਂ ਇੰਟਰਨੈੱਟ ਤੋਂ ਸਿੱਖਦੇ ਹਨ ਜਾਂ ਫਿਰ ਸਕੂਲ ਵਿੱਚ ਇਨ੍ਹਾਂ ਨੂੰ ਇਹੋ ਜਿਹਾ ਪੜ੍ਹਾਇਆ ਜਾਂਦਾ ਹੈ?" ਇਸ 'ਤੇ ਉਸ ਨੇ ਦੱਸਿਆ ਕਿ ਛੋਟੀ ਬੱਚੀ ਨੂੰ ਇਹ ਕਵਿਤਾ ਉਸਦੀ ਵੱਡੀ ਭੈਣ ਨੇ ਸਿਖਾਈ ਸੀ, ਜੋ ਆਪ ਸੱਤ-ਅੱਠ ਸਾਲ ਦੀ ਹੈ। ਵੱਡੀ ਭੈਣ ਨੇ ਇਹ ਸਕੂਲ ਵਿੱਚ ਆਪਣੇ ਸਾਥੀਆਂ ਤੋਂ ਸਿੱਖਿਆ ਸੀ। ਫਿਰ ਮਿੱਤਰ ਨੇ ਦੱਸਿਆ ਕਿ ਸਕੂਲ ਵਿੱਚ ਪੰਜਾਬੀ ਦੀ ਥਾਂ ਹੋਰ ਭਾਸ਼ਾਵਾਂ ਨੂੰ ਜ਼ਿਆਦਾ ਮਹੱਤਵ ਮਿਲ ਰਿਹਾ ਹੈ, ਕਿਉਂਕਿ ਉਥੇ ਪੜ੍ਹਦੇ ਬਹੁਤੇ ਬੱਚੇ ਸ਼ਹਿਰੀ ਪਰਿਵਾਰਾਂ ਤੋਂ ਹਨ, ਜੋ ਹਿੰਦੀ ਬੋਲਣ ਵਿੱਚ ਹੀ ਆਪਣਾ ਮਾਣ ਮਹਿਸੂਸ ਕਰਦੇ ਨੇ। ਇਸ ਕਰਕੇ ਸਕੂਲ ਦੌਰਾਨ ਅਕਸਰ ਹਿੰਦੀ ਭਾਸ਼ਾ ਹੀ ਵਧੇਰੇ ਛਾ ਰਹੀ ਹੈ।

ਇਹ ਸੁਣ ਕੇ ਮੈਨੂੰ ਅੰਦਰੋਂ ਅੰਦਰ ਇਹ ਅਹਿਸਾਸ ਹੋਇਆ ਜਿਵੇਂ ਦੁਸ਼ਮਣ ਹੁਣ ਸਾਡੀ ਅਗਲੀ ਪੀੜ੍ਹੀ 'ਤੇ ਹੌ.ਲੀ ਹੌ.ਲੀ ਹਮਲਾ ਕਰ ਰਿਹਾ ਹੋਵੇ। ਜੇਕਰ ਸਾਡੀ ਅਗਲੀ ਪੀੜ੍ਹੀ ਨੂੰ ਪੰਜਾਬੀ ਬਾਰੇ ਜਾਣਕਾਰੀ ਹੀ ਨਹੀਂ ਹੋਵੇਗੀ, ਜੇ ਉਨ੍ਹਾਂ ਨੂੰ ਪੰਜਾਬੀ ਵਿੱਚ ਲਿਖੀਆਂ ਗੱਲਾਂ ਅਤੇ ਸੰਦੇਸ਼ ਸਮਝ ਹੀ ਨਹੀਂ ਆਉਣਗੇ, ਤਾਂ ਅਸੀਂ ਆਪਣੇ ਫਰਜ਼ ਨੂੰ ਭਲਾਂ ਕਿਵੇਂ ਪੂਰਾ ਕਰਾਂਗੇ? ਖ਼ਾਲੀ ਸ਼ਿਕਾਇਤਾਂ ਕਰਨ ਦਾ ਕੋਈ ਫਾਇਦਾ ਨਹੀਂ; ਸਾਨੂੰ ਆਪਣੇ ਆਪ ਨੂੰ ਹੀ ਝਾਤ ਮਾਰ ਕੇ ਦੇਖਣਾ ਪਵੇਗਾ ਕਿ ਅਸੀਂ ਕਿੱਥੇ ਖੜ੍ਹੇ ਹਾਂ।

ਮੈਂ ਕਿਸੇ ਵੱਲ ਉਂਗਲੀ ਉਠਾ ਕੇ ਇਹ ਨਹੀਂ ਕਹਿਣਾ ਚਾਹੁੰਦਾ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ; ਪਰ ਹੁਣ ਸਮਾਂ ਆ ਗਿਆ ਹੈ ਜਦੋਂ ਅਸੀਂ ਹਰ ਵਿਅਕਤੀ ਆਪਣੇ ਆਪ ਅੰਦਰ ਝਾਤ ਮਾਰ ਕੇ ਇਹ ਸੋਚੀਏ ਕਿ ਕੀ ਅਸੀਂ ਆਪਣੇ ਫਰਜ਼ ਦੀ ਪਹਿਚਾਣ ਕਰ ਰਹੇ ਹਾਂ ਜਾਂ ਨਹੀਂ! ਜੇ ਅਸੀਂ ਅੱਜ ਵੀ ਆਪਣਾ ਫਰਜ਼ ਨਾ ਸਮਝੇ ਅਤੇ ਆਪਣੀ ਜ਼ਿੰਮੇਵਾਰੀ ਨਾ ਨਿਭਾਈ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਅਸੀਂ ਬੁੱਢੇ ਹੋ ਕੇ ਆਪਣੀਆਂ ਹੀ ਅੱਖਾਂ ਦੇ ਸਾਹਮਣੇ ਆਪਣੀ ਮਾਂ-ਬੋਲੀ ਨੂੰ ਲੁੱਟਦੇ, ਮੁਕਦੇ ਵੇਖਾਂਗੇ। "ਕੀ ਤੂੰ ਸੋਚ ਸਕਦਾ ਹੈਂ ਕਿ ਉਸ ਵਕਤ ਅਸੀਂ ਆਪਣੇ ਆਪ ਨੂੰ ਮਾਫ਼ ਕਰ ਸਕਾਂਗੇ? ਕੀ ਅਸੀਂ ਉਹ ਦੁੱਖ ਸਹਿ ਸਕਾਂਗੇ ਜਦੋਂ ਸਾਡੀਆਂ ਹੀ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਮਾਂ ਬੋਲੀ ਨੂੰ ਭੁੱਲ ਜਾਣਗੀਆਂ?" ਇਸ ਤੋਂ ਪਹਿਲਾਂ ਕਿ ਓਹ ਦਿਨ ਆਵੇ, ਅੱਜ ਹਰ ਇੱਕ ਨੂੰ ਸੋਚਣ ਦੀ ਲੋੜ ਹੈ ਕਿ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਲਈ ਆਪਣੇ ਫਰਜ਼ ਨੂੰ ਕਿਹੋ ਜਿਹੇ ਤਰੀਕੇ ਨਾਲ ਨਿਭਾਉਣ ਦੀ ਲੋੜ ਹੈ।

ਸਾਡਾ ਇਤਿਹਾਸ ਹੈ ਕਿ ਪੰਜਾਬ ਤੇ ਪੰਜਾਬੀ ਸਾਡੀ ਪਹਿਚਾਣ ਦਾ ਕੇਂਦਰ ਹੈ; ਪਰ ਦੁੱਖ ਦੀ ਗੱਲ ਹੈ ਕਿ ਜਿਸ ਲਈ ਸਾਡੇ ਬਜ਼ੁਰਗਾਂ ਨੇ ਖ਼ੂਨ ਵਹਾਇਆ, ਅੱਜ ਅਸੀਂ ਆਪ ਹੀ ਉਸ ਤੋਂ ਦੂਰ ਹੋ ਰਹੇ ਹਾਂ। ਕਦੇ ਬਾਹਰੀ ਖਤਰੇ ਦੇ ਸਾਹਮਣੇ ਅਸੀਂ ਡਟ ਕੇ ਖੜ੍ਹੇ ਰਹੇ, ਹੁਣ ਜਦੋਂ ਖਤਰਾ ਅੰਦਰੋਂ ਉੱਠ ਰਿਹਾ ਹੈ, ਅਸੀਂ ਬੇਪਰਵਾਹੀ ਨਾਲ ਕਹਿ ਰਹੇ ਹਾਂ, "ਸਾਨੂੰ ਕੀ ਫ਼ਰਕ ਪੈਂਦਾ ਹੈ?"

ਹੁਣ ਸਾਡੇ ਲਈ ਇਹ ਸਭ ਤੋਂ ਜਰੂਰੀ ਸਮਾਂ ਹੈ ਕਿ ਅਸੀਂ ਆਪਣੇ ਬੱਚਿਆਂ ਅਤੇ ਆਪਣੀ ਮਾਂ-ਬੋਲੀ ਲਈ ਸਹੀ ਫ਼ੈਸਲਾ ਕਰੀਏ। ਬਾਹਰਲਿਆਂ ਨੂੰ ਦੋਸ਼ ਦੇਣ ਦੀ ਬਜਾਏ, ਸਾਨੂੰ ਆਪਣੇ ਜੀਵਨ ਨੂੰ ਘੋਖਣਾ ਤੇ ਬਦਲਣਾ ਹੋਵੇਗਾ। ਗੁਰਬਾਣੀ ਅਤੇ ਪੰਜਾਬੀਅਤ ਸਾਡੇ ਸਭ ਤੋਂ ਮਜਬੂਤ ਰਹਿਨੁਮਾ ਹਨ। ਜਦੋਂ ਤੱਕ ਬਦਲਾਓ ਸਾਡੇ ਹਰ ਇੱਕ ਦੇ ਅੰਦਰੋਂ ਨਹੀਂ ਉਭਰਦਾ, ਉਦੋਂ ਤੱਕ ਬਾਹਰਲੀਆਂ ਚੇਤਾਵਨੀਆਂ (ਤੇਰੀਆਂ ਤੇ ਮੇਰੀਆਂ ਗੱਲਾਂ) ਬੇਅਸਰ ਰਹਿਣਗੀਆਂ।

ਅੱਜ ਹਰ ਖੇਤਰੀ ਭਾਸ਼ਾ ਕੇਂਦਰ ਦੇ ਦਬਾਅ ਹੇਠ ਹੈ ਅਤੇ ਪੰਜਾਬੀ ਤੇ ਪੰਜਾਬੀਅਤ ਚਹੁੰ ਪਾਸਿਓਂ ਸਿਆਸੀ, ਸੰਸਕ੍ਰਿਤਿਕ ਅਤੇ ਪ੍ਰਸ਼ਾਸਕੀ ਹਮਲਿਆਂ ਦਾ ਸਾਹਮਣਾ ਕਰ ਰਹੀ ਹੈ। ਇਸ ਵੇਲੇ ਅਸੀਂ ਇਕੱਠੇ ਨਾ ਹੋਏ, ਤਾਂ ਫਿਰ ਕਦੋਂ? ਕੀ ਸਾਡਾ ਕੰਮ ਕੇਵਲ ਸੋਸ਼ਲ ਮੀਡੀਆ 'ਤੇ ਵਾਦ-ਵਿਵਾਦ ਕਰਨਾ ਰਹਿ ਗਿਆ ਹੈ? ਸਮਾਂ ਬੇਹਦ ਤੇਜ਼ੀ ਨਾਲ ਖਿਸਕ ਰਿਹਾ ਹੈ; ਜੇ ਅਸੀਂ ਖਾਲੀ ਬੈਠੇ ਰਹੇ, ਤਾਂ ਕੁਝ ਸਾਲਾਂ ਬਾਅਦ ਪਛਤਾਵੇ ਤੋਂ ਇਲਾਵਾ ਕੁਝ ਨਹੀਂ ਬਚੇਗਾ।

ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਸੰਘਰਸ਼ ਇਸ ਦਾ ਜ਼ਿੰਦਾ ਸਬੂਤ ਹੈ। ਉਹ ਆਪਣੇ ਹੱਕਾਂ ਅਤੇ ਯੂਨੀਵਰਸਿਟੀ ਦੀ ਖੁਦਮੁਖਤਿਆਰਤਾ ਲਈ ਦਿਨ-ਰਾਤ ਡਟੇ ਹੋਏ ਹਨ। ਇਹ ਮੁਹਿੰਮ ਸਿਰਫ਼ ਇੱਕ ਯੂਨੀਵਰਸਿਟੀ ਦੀ ਨਹੀਂ, ਪੂਰੇ ਪੰਜਾਬ ਦੀ ਮਾਣ-ਪਹਿਚਾਣ ਦੀ ਮੁਹਿੰਮ ਹੈ।

ਜੇ ਅਸੀਂ ਆਪਣੇ ਆਪ ਨੂੰ ਸੱਚਮੁੱਚ ਪੰਜਾਬੀ ਕਹਿਣਾ ਚਾਹੁੰਦੇ ਹਾਂ, ਤਾਂ ਇਸ ਸੰਘਰਸ਼ ਨਾਲ ਦਿਲੋਂ ਖੜ੍ਹਾ ਹੋਣਾ ਸਾਡੀ ਜ਼ਿੰਮੇਵਾਰੀ ਹੈ। ਸਾਡੇ ਵਿਦਿਆਰਥੀ, ਕਿਸਾਨ ਅਤੇ ਸੂਝਵਾਨ ਲੋਕ ਜ਼ਮੀਨੀ ਪੱਧਰ 'ਤੇ ਮੋਰਚੇ ਸੰਭਾਲ ਰਹੇ ਹਨ। ਸਵਾਲ ਇਹ ਹੈ ਕਿ ਕੀ ਮੈਂ ਆਪਣਾ ਹਿੱਸਾ ਪੂਰਾ ਕਰ ਰਿਹਾ ਹਾਂ?

**ਸੁਚੇਤ ਨਵੀਂ ਪੀੜ੍ਹੀ, ਸੁਚੇਤ ਅਸੀਂ ਤੇ ਤੁਸੀਂ:** ਅੰਤ ਵਿੱਚ, ਗੱਲ ਫਿਰ ਉੱਥੇ ਆ ਕੇ ਠਹਿਰਦੀ ਹੈ, ਜਿੱਥੇ ਇਹ ਕਹਾਣੀ ਸ਼ੁਰੂ ਹੋਈ ਸੀ- ਆਪਣੇ ਘਰਾਂ ਤੋਂ। ਸਾਨੂੰ ਹਰ ਇੱਕ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਆਪਣੇ ਬੱਚਿਆਂ ਨਾਲ ਰੋਜ਼ ਪਿਆਰ ਨਾਲ ਪੰਜਾਬੀ ਵਿੱਚ ਗੱਲਬਾਤ ਕਰੋ, ਉਨ੍ਹਾਂ ਨੂੰ ਪੰਜਾਬੀ ਕਹਾਣੀਆਂ ਸੁਣਾਓ, ਪੰਜਾਬੀ ਕਵਿਤਾਵਾ ਤੇ ਸ਼ਬਦ ਸੁਣਾਓ। ਜੇ ਅਸੀਂ ਆਪਣੇ ਘਰ ਵਿੱਚ ਹੀ ਪੰਜਾਬੀ ਦਾ ਮਾਹੌਲ ਬਣਾਵਾਂਗੇ ਤਾਂ ਬਾਹਰੀ ਦੁਸ਼ਮਣ ਦੀ ਚਾਲ ਕਦੇ ਕਾਮਯਾਬ ਨਹੀਂ ਹੋ ਸਕੇਗੀ।

**ਸੋਚੋ ਤੇ ਆਪਣੇ ਆਪ ਨੂੰ ਪੁੱਛੋ:** ਕੀ ਮੈਂ ਆਪਣੀ ਮਾਂ-ਬੋਲੀ ਲਈ ਆਪਣਾ ਫਰਜ਼ ਨਿਭਾਅ ਰਿਹਾ ਹਾਂ? ਕੀ ਮੈਂ ਆਪਣੇ ਬੱਚਿਆਂ ਅਤੇ ਆਉਣ ਵਾਲੀ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨ ਲਈ ਕੁਝ ਕਰ ਰਿਹਾ ਹਾਂ? ਜਾਂ ਮੇਰਾ ਸਮਾਂ ਸੋਸ਼ਲ ਮੀਡੀਆ, ਘਰੇਲੂ ਝਗੜਿਆਂ ਜਾਂ ਹੋਰ ਗੈਰ-ਜ਼ਰੂਰੀ ਗੱਲਾਂ ਵਿੱਚ ਬਰਬਾਦ ਹੋ ਰਿਹਾ ਹੈ? ਇਹ ਸਵਾਲ ਹਰ ਪੰਜਾਬੀ ਦੀ ਅੰਦਰੂਨੀ ਆਵਾਜ਼ ਬਣੇ।

ਹਰ ਪੰਜਾਬੀ ਵਿੱਚ ਉਹ ਚੰਗਿਆੜੀ ਹੈ, ਜੋ ਇਤਿਹਾਸ ਬਣਾਉਂਦੀ ਆਈ ਹੈ। ਲੋੜ ਹੈ ਤਾਂ ਕੇਵਲ ਉਸਨੂੰ ਸੁਲਘਾਉਣ ਦੀ। ਤੁਹਾਡੀ ਇੱਕ ਛੋਟੀ ਜਿਹੀ ਕੋਸ਼ਿਸ਼ ਚਾਹੇ ਉਹ ਆਪਣੇ ਘਰ ਵਿੱਚ ਪੰਜਾਬੀ ਬੋਲਣ ਦੀ ਹੋਵੇ ਜਾਂ ਪੰਜਾਬ ਯੂਨੀਵਰਸਿਟੀ ਦੇ ਸੰਘਰਸ਼ ਲਈ ਆਪਣਾ ਸਮਰਥਨ ਦੇਣ ਦੀ, ਕੱਲ੍ਹ ਲਈ ਬਹੁਤ ਵੱਡਾ ਫ਼ਰਕ ਲਿਆ ਸਕਦੀ ਹੈ। ਹੁਣ ਤੁਹਾਡੇ 'ਤੇ ਨਿਰਭਰ ਹੈ। ਆਪਣੀ ਅੰਦਰ ਦੀ ਆਵਾਜ਼ ਸੁਣੋ ਅਤੇ ਫ਼ੈਸਲਾ ਕਰੋ ਕਿ ਤੁਸੀਂ ਆਪਣੇ ਭਵਿੱਖ ਦੀਆਂ ਪੀੜ੍ਹੀਆਂ ਲਈ ਕੀ ਸੁਨੇਹਾ ਛੱਡਣਾ ਚਾਹੁੰਦੇ ਹੋ। ਆਪਣੀ ਮਾਂ-ਬੋਲੀ ਨੂੰ ਬਚਾਉਣ ਲਈ ਤੁਸੀਂ ਕਿਹੜਾ ਕਦਮ ਪੁੱਟਣਾ ਚਾਹੋਗੇ? ਆਓ ਸਾਰੇ ਮਿਲ ਕੇ ਇੱਕ ਦੂਜੇ ਲਈ ਪ੍ਰੇਰਨਾ ਦਾ ਸਰੋਤ ਬਣੀਏ ਅਤੇ ਪੰਜਾਬ ਤੇ ਪੰਜਾਬੀ ਲਈ ਆਪਣੇ ਫਰਜ਼ ਨੂੰ ਪਛਾਣਦਿਆਂ ਅੱਗੇ ਵਧੀਏ। ਇਹ ਸਾਡੀ ਜ਼ਿੰਮੇਵਾਰੀ ਵੀ ਹੈ ਤੇ ਭਵਿੱਖ ਦੇ ਲਈ ਆਸ ਵੀ।

# ਯੂਨੀਵਰਸਿਟੀ ਦੇ ਬਹਾਨੇ ਉਠਣ ਲੱਗੇ ਪੰਜਾਬ ਦੇ ਕੇਂਦਰੀ ਮੁੱਦੇ

**ਸਫਾ ਇੱਕ ਦੀ ਬਾਕੀ...**

ਸੈਨੇਟ ਦੀ ਬਹਾਲੀ ਲਈ ਵਿਦਿਆਰਥੀਆਂ ਦੇ ਸੰਘਰਸ਼ ਨੇ ਪੰਜਾਬ ਦੇ ਵਿਸਾਰ ਦਿੱਤੇ ਗਏ ਪਰ ਕੋਰ ਮਸਲਿਆਂ ਪ੍ਰਤੀ ਇੱਕ ਵਾਰ ਫਿਰ ਚੇਤਨਾ ਜਗਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਯੂਨੀਵਰਸਿਟੀ 'ਤੇ ਪੰਜਾਬ ਦੇ ਦਾਅਵੇ ਨਾਲ ਜੁੜ ਕੇ ਚੰਡੀਗੜ੍ਹ ਅਤੇ ਪੰਜਾਬ ਦੇ ਡੈਮਾਂ, ਪਾਣੀਆਂ ਅਤੇ ਹੋਰ ਸੋਮਿਆਂ 'ਤੇ ਆਪਣੇ ਦਾਅਵੇ ਬਾਰੇ ਵੀ ਗੱਲ ਤੁਰਨ ਲੱਗੀ ਹੈ। ਇਹ ਇਸ ਵਿਦਿਆਰਥੀ ਸੰਘਰਸ਼ ਦਾ ਬਹੁਤ ਹੀ ਮਹੱਤਵਪੂਰਨ ਪੱਖ ਹੈ।

ਯਾਦ ਰਹੇ, 1966 ਵਿੱਚ ਪੰਜਾਬ-ਹਰਿਆਣਾ ਦੀ ਵੰਡ ਵੇਲੇ ਪੰਜਾਬ ਪੁਨਰਗਠਨ ਐਕਟ ਵਿੱਚ ਚੰਡੀਗੜ੍ਹ ਨੂੰ ਆਰਜੀ ਤੌਰ 'ਤੇ ਹਰਿਆਣੇ ਨਾਲ ਸਾਂਝੀ ਰਾਜਧਾਨੀ ਬਣਾਇਆ ਗਿਆ ਸੀ। 10 ਸਾਲ ਬਾਅਦ ਹਰਿਆਣਾ ਨੂੰ ਵੱਖਰੀ ਰਾਜਧਾਨੀ ਬਣਾਉਣ ਲਈ ਕੇਂਦਰ ਨੇ ਹਮਾਇਤ ਦੇਣੀ ਸੀ। ਇਸ ਦੇ ਬਾਵਜੂਦ ਇਹ ਮਸਲਾ ਹੁਣ ਤੱਕ ਲਮਕਦਾ ਆ ਰਿਹਾ ਹੈ। ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਵੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਦਾ ਫੈਸਲਾ ਹੋਇਆ ਸੀ, ਪਰ ਇਸ ਤੋਂ ਵੀ ਬਾਅਦ ਵਿੱਚ ਕੇਂਦਰ ਸਰਕਾਰ ਮੁੱਕਰ ਗਈ ਸੀ। ਹੁਣ ਇਸ ਸ਼ਹਿਰ ਦੇ ਅੰਦਰ ਅਤੇ ਆਸ-ਪਾਸ ਪੰਜਾਬ ਤੋਂ ਬਾਹਰੋਂ ਵੱਸੋਂ ਲਿਆ ਕੇ ਵਸਾਉਣ 'ਤੇ ਜ਼ੋਰ ਲੱਗਾ ਹੋਇਆ ਹੈ ਤਾਂ ਕਿ ਇਸ ਸ਼ਹਿਰ ਨੂੰ ਆਬਾਦੀ ਦੇ ਆਧਾਰ 'ਤੇ ਪੰਜਾਬ ਤੋਂ ਅਲੱਗ ਕੀਤਾ ਜਾ ਸਕੇ।

ਅਕਾਲੀਆਂ ਵੱਲੋਂ ਸੱਤਾ ਵਿੱਚ ਆਉਣ ਤੋਂ ਬਾਅਦ ਅਤੇ ਕਾਂਗਰਸ ਤੇ ਭਾਜਪਾ ਜਿਹੀਆਂ ਪਾਰਟੀਆਂ ਵੱਲੋਂ ਸੱਤਾ ਦੇ ਅੰਦਰ ਅਤੇ ਬਾਹਰ ਦੋਹਾਂ ਥਾਵਾਂ 'ਤੇ ਪੰਜਾਬ ਦੇ ਮੁੱਦਿਆਂ/ ਮਸਲਿਆਂ ਨੂੰ ਹਮੇਸ਼ਾ ਅਣਗੌਲਿਆ ਕੀਤਾ ਗਿਆ। ਸਾਡੇ ਰਾਜਨੀਤਿਕ ਲੋਕਾਂ ਵੱਲੋਂ ਪੰਜਾਬ ਦੇ ਅਵਾਮ ਨਾਲ ਇੱਕ ਕਿਸਮ ਦੀ ਇਹ ਗੱਦਾਰੀ ਹੀ ਕਹੀ ਜਾਵੇਗੀ। ਵਿਦਿਆਰਥੀ ਸੰਘਰਸ਼ ਦੇ ਬਹਾਨੇ ਜਦੋਂ ਇਹ ਮਸਲੇ ਨਵੇਂ ਸਿਰੇ ਤੋਂ ਉਭਰਨ ਲੱਗੇ ਹਨ ਤਾਂ ਇਨ੍ਹਾਂ ਮਸਲਿਆਂ ਬਾਰੇ ਬੜੀ ਜੁਗਤ ਨਾਲ ਗੱਲ ਅੱਗੇ ਤੋਰਨ ਦੀ ਲੋੜ ਹੈ। ਪੰਜਾਬ ਦੇ ਪਾਣੀਆਂ, ਹੈਡਵਰਕਸਾਂ, ਡੈਮਾਂ, ਪੰਜਾਬੀ ਬੋਲਦੇ ਇਲਾਕਿਆਂ, ਪੰਜਾਬ ਦੀਆਂ ਪਬਲਿਕ ਯੂਨੀਵਰਸਿਟੀਆਂ ਅਤੇ ਹੋਰ ਖੋਜ ਕਰਨ ਤੇ ਗਿਆਨ ਦਾ ਉਤਪਾਦਨ ਕਰਨ ਵਾਲੀਆਂ ਸੰਸਥਾਵਾਂ ਉੱਤੇ ਪੰਜਾਬ ਨੂੰ ਆਪਣਾ ਦਾਅਵਾ ਨਾ ਸਿਰਫ ਕਾਇਮ ਰੱਖਣਾ ਚਾਹੀਦਾ ਹੈ, ਸਗੋਂ ਅੱਗੇ ਵਧਾਉਣਾ ਚਾਹੀਦਾ ਹੈ; ਯੂਨੀਵਰਸਿਟੀਆਂ ਉੱਤੇ ਤਾਂ ਖਾਸ ਕਰਕੇ। ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ 'ਤੇ ਹਿੰਦੂਤਵੀਆਂ ਦੇ ਪਿੱਠੂ ਬੁੱਧੀਜੀਵੀਆਂ ਨੇ ਕਬਜਾ ਕੀਤਾ ਹੋਇਆ ਹੈ। ਜਲੰਧਰ ਵਿੱਚ ਮੌਜੂਦ ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ ਤਾਂ ਇਨ੍ਹਾਂ ਨੇ ਨਾਮ ਵੀ ਬਦਲ ਦਿੱਤਾ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਵੀ ਆਰ.ਐਸ.ਐਸ. ਸ਼ਰਨ 'ਚ ਤੁਰਿਆ-ਫਿਰਦਾ ਵੇਖਿਆ ਗਿਆ। ਇਸ ਤੋਂ ਇਲਾਵਾ ਜਿਹੜੀਆਂ ਯੂਨੀਵਰਸਿਟੀਆਂ ਜਾਂ ਐਜੂਕੇਸ਼ਨ ਸੰਸਥਾਵਾਂ ਸੰਤ ਬਾਬਿਆਂ ਵੱਲੋਂ ਵੀ ਚਲਾਈਆਂ ਜਾ ਰਹੀਆਂ ਹਨ, ਉਨ੍ਹਾਂ ਦੀਆਂ ਮੁੱਖ ਵਿੱਤੀ, ਮੈਨੇਜਮੈਂਟ ਅਤੇ ਫਾਈਨੈਂਸ਼ੀਅਲ ਪੋਸਟਾਂ 'ਤੇ ਵੀ ਹਿੰਦੂਤਵੀਆਂ ਦਾ ਕਬਜ਼ਾ ਹੈ। ਤਕਰੀਬਨ ਪੰਜਾਬ ਦੀਆਂ ਸਾਰੀਆਂ ਮੁੱਖ ਸੰਸਥਾਵਾਂ ਵਿੱਚ ਕੱਟੜ ਹਿੰਦੂਤਵੀਆਂ ਦਾ ਗਲਬਾ ਬਣਿਆ ਹੋਇਆ ਹੈ। ਪੰਜਾਬ ਯੂਨੀਵਰਸਿਟੀ 'ਤੇ ਇਨ੍ਹਾਂ ਵੱਲੋਂ ਮੁਕੰਮਲ ਕਬਜ਼ੇ ਦੀ ਕੋਸ਼ਿਸ਼ ਤੇਜ਼ੀ ਨਾਲ ਬੁਣੇ ਜਾ ਰਹੇ ਇਸੇ ਜਾਲ ਦਾ ਸਿੱਟਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੀ ਇਸ ਗਲਬੇ ਤੋਂ ਮੁਕਤ ਨਹੀਂ। ਇੱਥੇ ਕੰਮ ਕਰਦੇ ਖੱਬੇ ਪੱਖੀ ਅਤੇ ਸਿੱਖ ਬੁੱਧੀਜੀਵੀ ਵੀ ਹਿੰਦੂਤਵੀ ਹਥਿਆਰ ਦੇ ਹੱਥੇ ਬਣੇ ਹੋਏ ਹਨ। ਹਿੰਦੂਤਵ ਦਾ ਦਿਓ ਜਿਵੇਂ ਸਾਡੀਆਂ ਸਾਰੀਆਂ ਸੰਸਥਾਵਾਂ ਨੂੰ ਨਿਗਲ ਰਿਹਾ ਹੈ, ਇਸ ਤੋਂ ਬਚਾਅ ਲਈ ਇੱਕ ਵੱਡੇ ਅਤੇ ਨਿੱਗਰ ਸੰਘਰਸ਼ ਦੀ ਲੋੜ ਹੈ। ਇਸ ਮਕਸਦ ਲਈ ਆਪਣੀ ਚੇਤਨਾ ਦੇ ਨਾਲ ਆਰਥਕ ਸਥਿਤੀਆਂ ਨੂੰ ਵੀ ਮਜਬੂਤ ਰੱਖਣ ਦੀ ਲੋੜ ਹੈ। ਸਾਡੇ ਵਿਰੋਧੀ ਸਾਨੂੰ ਆਰਥਕ ਤੌਰ 'ਤੇ ਹੱਥਲ ਬਣਾਉਣ 'ਤੇ ਤੁਲੇ ਹੋਏ ਹਨ। ਕਿਸੇ ਵੀ ਰਾਜ ਵਿਵਸਥਾ ਵਿੱਚ ਯੂਨੀਵਰਸਿਟੀਆਂ ਦਾ ਮਹੱਤਵ ਤਦ ਹੀ ਕਾਇਮ ਰੱਖਿਆ ਜਾ ਸਕਦਾ ਹੈ, ਜੇ ਇਨ੍ਹਾਂ ਨੂੰ ਰਾਜਨੀਤਿਕ ਦਖਲਅੰਦਾਜ਼ੀ ਜਾਂ ਵਿਚਾਰਧਾਰਕ ਧੌਂਸ ਤੋਂ ਮੁਕਤ ਰੱਖਿਆ ਜਾਵੇ। ਅੱਜ ਦੇ ਯੁੱਗ ਵਿੱਚ ਤਾਂ ਯੂਨੀਵਰਸਿਟੀਆਂ ਅਤੇ ਹੋਰ ਖੋਜ ਸੰਸਥਾਵਾਂ ਦਾ ਮਹੱਤਵ ਹੋਰ ਵੀ ਵਧ ਗਿਆ ਹੈ, ਕਿਉਂਕਿ ਇੱਥੇ ਨਵੇਂ ਗਿਆਨ ਦੀ ਸਿਰਜਣਾ ਹੁੰਦੀ ਹੈ। ਨਵੇਂ ਗਿਆਨ ਦੀ ਸਿਰਜਣਾ ਲਈ ਸਿਰਜਕ ਦੀ ਮਾਨਸਿਕ ਆਜ਼ਾਦੀ ਬਹੁਤ ਮਾਇਨੇ ਰੱਖਦੀ ਹੈ। ਜੇ ਸਟੇਟ ਜਾਂ ਕੋਈ ਖਾਸ ਵਿਚਾਰਧਾਰਾ ਅਪਣਾਈ ਧਿਰ ਯੂਨੀਵਰੀਸਟੀਆਂ ਦੇ ਕੰਮ-ਕਾਜ ਵਿੱਚ ਦਖਲ ਦੇਵਗੀ ਤਾਂ ਗਿਆਨ ਦੀ ਪੈਦਾਵਾਰ ਲਈ ਸਹੀ ਮਾਨਸਿਕ ਅਤੇ ਸੱਭਿਆਚਾਰਕ ਮਾਹੌਲ ਨਹੀਂ ਬਣ ਸਕਦਾ। ਵਿਕਸਤ ਮੁਲਕ ਇਸੇ ਕਰਕੇ ਵਿਕਸਤ ਹਨ ਕਿ ਉਨ੍ਹਾਂ ਦੀ ਯੂਨੀਵਰਸਿਟੀਆਂ ਖੁਦਮੁਖਤਾਰ ਅਤੇ ਵਿਕਸਤ ਹਨ। ਸਰਕਾਰਾਂ ਵੱਲੋਂ ਵੱਡੀਆਂ ਗਰਾਂਟਾਂ ਦਿੱਤੇ ਜਾਣ ਦੇ ਬਾਵਜੂਦ ਵਿਕਸਤ ਮੁਲਕਾਂ ਦੇ ਹਾਕਮ ਯੂਨੀਵਰਸਿਟੀਆਂ ਦੇ ਕਰਜ ਵਿਹਾਰ ਵਿੱਚ ਕੋਈ ਦਖਲ ਨਹੀਂ ਦਿੰਦੇ। (ਹੁਣ ਟਰੰਪ ਨੇ ਜ਼ਰੂਰ ਯੂਨੀਵਰਸਟੀਆਂ ਦੀ ਖੁਦਮੁਖਤਾਰੀ 'ਤੇ ਹਮਲਾ ਸ਼ੁਰੂ ਕੀਤਾ ਹੈ) ਯੂਨੀਵਰਸਿਟੀ ਕਿਸੇ ਵੀ ਸਟੇਟ ਵਿੱਚ ਇੱਕ ਮੁਕੰਮਲ ਆਟੋਨੌਮਸ ਸਪੇਸ ਹੋਣੀ ਚਾਹੀਦੀ ਹੈ। ਤਦ ਹੀ ਇਹ ਆਪਣਾ ਰੋਲ ਅਦਾ ਕਰ ਸਕੇਗੀ।

ਪੰਜਾਬ ਦਾ ਹਾਲ ਇਹ ਹੈ ਕਿ ਪੰਜਾਬ ਸਰਕਾਰ ਖੇਤੀਬਾੜੀ ਯੂਨੀਵਰਸਿਟੀ ਤਜਰਬੇ ਕਰਨ ਵਾਲੀ ਜ਼ਮੀਨ ਨੂੰ ਵੇਚਣ ਲਈ ਕਾਹਲੀ ਹੋਈ ਫਿਰਦੀ ਹੈ। ਇਹ ਜ਼ਮੀਨ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੀ ਲੈਬਾਰਟਰੀ ਹੈ। ਇੱਕ ਯੂਨੀਵਰਸਟੀ ਦੀ ਲੈਬਾਰਟਰੀ ਨੂੰ ਵੇਚ ਕੇ ਇੱਥੋਂ ਤੁਸੀ ਕੀ ਭਾਲਦੇ ਹੋ? ਪੰਜਾਬ ਦਾ ਵੱਡਾ ਸਿਆਸੀ ਲਾਣਾ ਹਲਕਿਆ ਫਿਰਦਾ ਹੈ। ਇਨ੍ਹਾਂ ਤੋਂ ਵਿਸ਼ੇਸ਼ ਤੌਰ 'ਤੇ ਬਚਣ ਦੀ ਲੋੜ ਹੈ।

# ਉਜੜਿਆ ਪਿੰਡ, ਸਾਂਝੇ ਸਰੋਤਾਂ ਤੇ ਆਮ ਲੋਕਾਂ ਦੀ ਤ੍ਰਾਸਦੀ

## 'ਦਿ ਡੇਜ਼ਰਟਡ ਵਿਲੇਜ' ਕਵਿਤਾ ਅਤੇ 'ਦਿ ਟ੍ਰੈਜੇਡੀ ਆਫ਼ ਕਾਮਨਜ਼' ਲੇਖ ਦੀ ਅੱਜ ਦੇ ਪੰਜਾਬ ਨਾਲ ਸਾਰਥਕਤਾ

**ਸੱਚੋ-ਸੱਚ**

**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**



*ਇਹ ਦੋ ਕਹਾਣੀਆਂ, "ਦਿ ਡੇਜ਼ਰਟਡ ਵਿਲੇਜ" (ਉਜੜਿਆ ਪਿੰਡ) ਅਤੇ "ਦਿ ਟ੍ਰੈਜੇਡੀ ਆਫ਼ ਕਾਮਨਜ਼" (ਸਾਂਝੇ ਸਰੋਤਾਂ ਦੀ ਆਪੋਧਾਪ ਲੁੱਟ ਅਤੇ ਆਮ ਲੋਕਾਂ ਦੀ ਤ੍ਰਾਸਦੀ) ਇੰਗਲੈਂਡ ਵਿੱਚ ਦੋ ਵੱਖ-ਵੱਖ ਸਮਿਆਂ 'ਤੇ ਵਾਪਰੀਆਂ। ਇਹ ਲਿਖਤ, ਇਨ੍ਹਾਂ ਦੋਹਾਂ ਦੇ ਇਤਿਹਾਸਕ ਪਿਛੋਕੜ, ਸਮਾਜਿਕ ਤੇ ਆਰਥਿਕ ਪ੍ਰਭਾਵ, ਅਤੇ ਭਵਿੱਖ ਲਈ ਸਬਕਾਂ ਦੇ ਪ੍ਰਤੀਬਿੰਬਤ ਸ਼ੈਲੀਆਂ ਦੇ ਆਧਾਰ 'ਤੇ ਲਿਖੀ ਗਈ ਹੈ। ਇਹ ਦੋਵੇਂ ਕਹਾਣੀਆਂ ਅੱਜ ਦੇ ਪੰਜਾਬ ਨਾਲ ਕਿਵੇਂ ਸਬੰਧਤ ਹਨ, ਇਸ ਬਾਰੇ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਮਨੁੱਖੀ ਇਤਿਹਾਸ ਦੌਰਾਨ ਹਮੇਸ਼ਾ ਹੀ ਸਮਾਜ, ਵਿਅਕਤੀਗਤ ਲਾਭ ਅਤੇ ਸਮੂਹਿਕ ਭਲਾਈ ਵਿਚਕਾਰ ਤਣਾਅ ਰਿਹਾ ਹੈ। ਇਸ ਸੰਘਰਸ਼ ਨੂੰ ਦੋ ਡੂੰਘੇ ਸੰਕਲਪਾਂ ਵਿੱਚ ਦਿਲ ਖਿੱਚਵੇਂ ਢੰਗ ਨਾਲ ਦਰਸਾਇਆ ਗਿਆ ਹੈ। ਇਹ ਲੇਖ ਲੰਮਾ ਹੋਣ ਕਾਰਨ ਦੋ ਕਿਸ਼ਤਾਂ ਵਿੱਚ ਛਾਪਿਆ ਜਾ ਰਿਹਾ ਹੈ। ਪੇਸ਼ ਹੈ, ਪਹਿਲੀ ਕਿਸ਼ਤ...*

ਗੈਰੇਟ ਹਾਰਡਿਨ ਦਾ ਲੇਖ "ਦਿ ਟ੍ਰੈਜੇਡੀ ਆਫ਼ ਕਾਮਨਜ਼" ਨਿਜੀ ਲਾਭ ਲਈ ਸਾਂਝੇ ਸਰੋਤਾਂ ਦੀ ਜ਼ਿਆਦਾ ਵਰਤੋਂ ਨੂੰ ਦਰਸਾਉਂਦਾ ਹੈ ਅਤੇ ਓਲੀਵਰ ਗੋਲਡਸਮਿਥ ਦੀ ਕਵਿਤਾ "ਦਿ ਡੈਜ਼ਰਟਡ ਵਿਲੇਜ" (ਉਜੜਿਆ ਪਿੰਡ) ਲਾਲਚ, ਖੇਤੀ ਜ਼ਮੀਨ ਘੇਰਨ ਦੀ ਲਹਿਰ ਅਤੇ ਆਰਥਿਕ ਤਬਦੀਲੀ ਦੇ ਮੱਦੇਨਜ਼ਰ ਪੇਂਡੂ ਭਾਈਚਾਰਿਆਂ ਦੇ ਪਤਨ 'ਤੇ ਦੁੱਖ ਪ੍ਰਗਟ ਕਰਦੀ ਹੈ। ਦੋਵੇਂ ਰਚਨਾਵਾਂ ਵੱਖ-ਵੱਖ ਸੰਦਰਭਾਂ ਤੋਂ ਇੱਕ ਨੈਤਿਕ ਅਤੇ ਇਤਿਹਾਸਕ ਚੇਤਾਵਨੀ ਸਾਂਝੀ ਕਰਦੀਆਂ ਹਨ ਕਿ ਜਦੋਂ ਸਵੈ-ਹਿੱਤ ਹਾਵੀ ਹੁੰਦੇ ਹਨ, ਤਾਂ ਕੁਦਰਤ ਅਤੇ ਭਾਈਚਾਰਾ- ਦੋਵੇਂ ਹੀ ਖਤਮ ਹੋ ਜਾਂਦੇ ਹਨ।


### 1. "ਦਿ ਟ੍ਰੈਜੇਡੀ ਆਫ਼ ਕਾਮਨਜ਼" ਦਾ ਇਤਿਹਾਸਕ ਪਿਛੋਕੜ

"ਦਿ ਟ੍ਰੈਜੇਡੀ ਆਫ਼ ਕਾਮਨਜ਼" (ਭਾਵ ਆਮ/ਸਾਂਝੇ ਸਰੋਤਾਂ ਦੀ ਦੁਰਵਰਤੋਂ ਦੀ ਤ੍ਰਾਸਦੀ) ਦੇ ਪਿੱਛੇ ਦੀ ਧਾਰਨਾ ਪਹਿਲੀ ਵਾਰ 18ਵੀਂ ਸਦੀ ਦੇ ਇੰਗਲੈਂਡ ਦੇ ਇੱਕ ਅੰਗਰੇਜ਼ੀ ਨੈਤਿਕ ਦਾਰਸ਼ਨਿਕ (English Moral Philosopher) 'ਵਿਲੀਅਮ ਪੈਲੇ' ਦੁਆਰਾ ਵੇਖੀ ਗਈ ਸੀ। ਉਸਨੇ ਆਪਣੀ 1785 ਵਿੱਚ ਛਪੀ ਕਿਤਾਬ "The Principles Of Moral and Political Philosophy" (ਨੈਤਿਕ ਅਤੇ ਰਾਜਨੀਤਿਕ ਆਦਰਸ਼ਕ ਸਿਧਾਂਤ) ਵਿੱਚ ਜਾਇਦਾਦ ਦੀ ਭਾਈਚਾਰਕ ਮਾਲਕੀ ਦੁਆਰਾ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਜਦੋਂ ਪੈਲੇ ਨੇ ਇਸ ਵਰਤਾਰੇ ਨੂੰ ਦੇਖਿਆ ਅਤੇ ਵਰਣਨ ਕੀਤਾ, "the tragedy of commons" (ਆਮ ਸਾਂਝੇ ਸਰੋਤਾਂ ਦੀ ਤ੍ਰਾਸਦੀ) ਸ਼ਬਦ ਕਿਤੇ ਵੀ ਨਹੀਂ ਸੀ ਅਤੇ ਬਹੁਤ ਬਾਅਦ ਤੱਕ ਵੀ ਨਹੀਂ ਵਰਤਿਆ ਗਿਆ ਸੀ।

**ਸਾਂਝੇ ਸਰੋਤਾਂ ਦੀ ਦੁਰਵਰਤੋਂ ਦਾ ਸੰਕਲਪ ਕਿਵੇਂ ਵਿਕਸਤ ਹੋਇਆ?**

18ਵੀਂ ਸਦੀ ਦੌਰਾਨ 'ਵਿਲੀਅਮ ਪੈਲੇ' ਨੇ ਇਹ ਨੋਟ ਕਰਦਿਆਂ ਲਿਖਿਆ ਕਿ ਜਦੋਂ ਜਾਇਦਾਦ ਸਾਂਝੀ ਹੁੰਦੀ ਹੈ ਤਾਂ ਵਿਅਕਤੀਆਂ ਕੋਲ ਇਸਦੀ ਦੇਖਭਾਲ ਕਰਨ ਲਈ ਘੱਟ ਪ੍ਰੇਰਨਾ ਹੁੰਦੀ ਹੈ। 19ਵੀਂ ਸਦੀ ਦੌਰਾਨ 1833 ਵਿੱਚ ਇੱਕ ਅੰਗਰੇਜ਼ੀ ਅਰਥਸ਼ਾਸਤਰੀ 'ਵਿਲੀਅਮ ਫੋਰਸਟਰ ਲੋਇਡ' ਨੇ ਇੱਕ ਹੋਰ ਵਿਸਤ੍ਰਿਤ ਉਦਾਹਰਣ ਦਿੱਤੀ। ਉਸਨੇ ਪਸ਼ੂ ਚਰਾਉਣ ਵਾਲੇ ਲੋਕਾਂ ਦੁਆਰਾ ਇੱਕ ਸਾਂਝੇ ਚਰਾਗਾਹ ਨੂੰ ਜ਼ਿਆਦਾ ਚਰਾਉਣ ਦੇ ਪਰਿਕਲਪਨਾ ਦ੍ਰਿਸ਼ ਦੀ ਵਰਤੋਂ, ਸਮੁੱਚੇ ਭਾਈਚਾਰੇ ਦੇ ਨੁਕਸਾਨ ਵਾਸਤੇ ਵਿਅਕਤੀਗਤ ਪ੍ਰੇਰਨਾ ਨੂੰ ਜ਼ਿੰਮੇਵਾਰ ਠਹਿਰਾਇਆ। 20ਵੀਂ ਸਦੀ ਦੌਰਾਨ 1968 ਵਿੱਚ ਇਸ ਸੰਕਲਪ ਨੂੰ ਫਿਰ ਦ੍ਰਿੜਾਇਆ ਗਿਆ ਅਤੇ ਇਸਦਾ ਨਾਮ "the tragedy of commons" (ਆਮ ਸਾਂਝੇ ਸਰੋਤਾਂ ਦੀ ਤ੍ਰਾਸਦੀ) ਰੱਖਿਆ ਗਿਆ।

ਅਮਰੀਕੀ ਵਾਤਾਵਰਣ ਵਿਗਿਆਨੀ 'ਗੈਰੇਟ ਹਾਰਡਿਨ' ਨੇ 1968 ਵਿੱਚ 'ਲੋਇਡ' ਦੀ 1833 ਦੀ ਚਰਾਂਦਾ ਵਾਲੀ ਉਦਾਹਰਣ ਨੂੰ ਆਬਾਦੀ ਅਤੇ ਪ੍ਰਦੂਸ਼ਣ ਵਰਗੀਆਂ ਆਧੁਨਿਕ ਸਮੱਸਿਆਵਾਂ 'ਤੇ ਲਾਗੂ ਕੀਤਾ। ਇਹ ਸੰਕਲਪ ਖੁਦ ਹਾਰਡਿਨ ਤੋਂ ਸ਼ੁਰੂ ਨਹੀਂ ਹੋਇਆ ਸੀ, ਸਗੋਂ ਕਲਾਸੀਕਲ ਪੁਰਾਤਨਤਾ ਤੱਕ ਫੈਲਿਆ ਹੋਇਆ ਸੀ, ਜਿਸ ਬਾਰੇ 'ਅਰਸਤੂ' ਦੁਆਰਾ ਵੀ ਚਰਚਾ ਕੀਤੀ ਗਈ ਸੀ, ਜਿਸਨੇ ਦੇਖਿਆ: "ਜੋ ਸਭ ਤੋਂ ਵੱਡੀ ਗਿਣਤੀ ਲਈ ਆਮ ਹੈ, ਉਸ 'ਤੇ ਸਭ ਤੋਂ ਘੱਟ ਧਿਆਨ ਦਿੱਤਾ ਜਾਂਦਾ ਹੈ। ਹਰ ਕੋਈ ਮੁੱਖ ਤੌਰ 'ਤੇ ਆਪਣੇ ਬਾਰੇ ਸੋਚਦਾ ਹੈ, ਸ਼ਾਇਦ ਹੀ ਸਾਂਝੇ ਹਿੱਤ ਬਾਰੇ; ਅਤੇ ਉਦੋਂ ਸਾਂਝੇ ਹਿੱਤ ਬਾਰੇ ਸੋਚਦਾ ਹੈ, ਜਦੋਂ ਉਹ ਖੁਦ ਇੱਕ ਵਿਅਕਤੀ ਵਜੋਂ ਚਿੰਤਤ ਹੁੰਦਾ।" 'ਆਮ ਸਰੋਤਾਂ ਦੀ ਤ੍ਰਾਸਦੀ' ਇਹ ਧਾਰਨਾ ਹੈ ਕਿ ਜੇਕਰ ਲੋਕ ਇੱਕ ਸੀਮਤ, ਕੀਮਤੀ ਸਰੋਤ ਜਿਵੇਂ ਕਿ 'ਚਰਾਗਾਹ' ਤੱਕ ਅਸੀਮਤ ਪਹੁੰਚ ਦਾ ਆਨੰਦ ਮਾਣਦੇ ਹਨ, ਤਾਂ ਉਹ ਇਸਦੀ ਜ਼ਿਆਦਾ ਵਰਤੋਂ ਕਰਨ ਦੀ ਕੋਸ਼ਿਸ਼ ਕਰਨਗੇ ਅਤੇ ਇਸਦੀ ਅਨਮੁੱਲੀ ਹੋਂਦ ਨੂੰ ਇਕੱਠੇ ਤਬਾਹ ਕਰ ਸਕਦੇ ਹਨ। ਭਾਵੇਂ ਕੁਝ ਉਪਭੋਗਤਾ ਸਵੈ-ਇੱਛਤ ਸੰਜਮ ਦੀ ਵਰਤੋਂ ਵੀ ਕਰਦੇ ਹੋਣ, ਪਰ ਦੂਜੇ ਦੁਰਵਰਤੋਂ ਉਪਭੋਗਤਾ ਕਰਨ ਵਾਲੇ, ਉਨ੍ਹਾਂ ਦੀ ਇਸ ਨਿਯੰਤ੍ਰਿਤ ਦੁਰਵਰਤੋਂ ਨੂੰ ਬਦਲ ਸਕਦੇ ਹਨ, ਜਿਸਦਾ ਅਨੁਮਾਨਯੋਗ ਨਤੀਜਾ ਸਾਰਿਆਂ ਲਈ ਇੱਕ 'ਤ੍ਰਾਸਦੀ' ਬਣਦਾ ਹੈ। ਇਸ ਧਾਰਨਾ ਦੀ ਅਰਥਸ਼ਾਸਤਰ, ਵਾਤਾਵਰਣ ਤੇ ਹੋਰ ਵਿਗਿਆਨਾਂ ਵਿੱਚ ਵਿਆਪਕ ਤੌਰ 'ਤੇ ਚਰਚਾ ਦੇ ਨਾਲ ਨਾਲ ਆਲੋਚਨਾ ਵੀ ਕੀਤੀ ਗਈ ਹੈ।



1968 ਵਿੱਚ 'ਸਾਇੰਸ' ਰਸਾਲੇ ਵਿੱਚ ਪ੍ਰਕਾਸ਼ਿਤ ਹਾਰਡਿਨ ਦੇ ਲੇਖ ਦੀ ਮੁੱਖ ਚਿੰਤਾ ਗ੍ਰਹਿ ਦੀ ਵਧਦੀ ਆਬਾਦੀ ਸੀ। ਉਸ ਅਟੱਲ ਦੁਖਾਂਤ ਨੂੰ ਰੋਕਣ ਲਈ ਹਾਰਡਿਨ ਨੇ ਦਲੀਲ ਦਿੱਤੀ ਕਿ "ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ (United Nations Universal Declaration of Human Rights) ਵਿੱਚ ਦਰਜ ਸਿਧਾਂਤ ਨੂੰ ਰੱਦ ਕਰਨਾ ਜ਼ਰੂਰੀ ਸੀ, ਜਿਸ ਸਿਧਾਂਤ ਅਨੁਸਾਰ ਹਰੇਕ ਪਰਿਵਾਰ ਨੂੰ ਆਪਣੀ ਔਲਾਦ ਦੀ ਗਿਣਤੀ ਚੁਣਨ ਦਾ ਅਧਿਕਾਰ ਹੈ, ਅਤੇ ਇਸਨੂੰ 'ਆਪਸੀ ਸਹਿਮਤੀ' ਨਾਲ ਹੀ 'ਸੰਖਿਆ ਬਦਲਣ ਦਾ ਅਧਿਕਾਰ' ਵੀ ਹੈ, ਬਿਨਾ ਕਿਸੇ ਬਾਹਰੀ ਦਬਾਓ ਤੋਂ।"

ਹਾਰਡਿਨ ਦੇ ਪਾਪੂਲੇਸ਼ਨ ਕੰਟਰੋਲ ਦੇ ਇਸ ਵਿਚਾਰ ਨੂੰ ਬਹੁਤ ਸਵਿਕਾਰਤਾ ਨਹੀਂ ਸੀ ਮਿਲੀ। ਕੁਝ ਵਿਦਵਾਨਾਂ ਨੇ ਦਲੀਲ ਦਿੱਤੀ ਕਿ ਸਾਂਝੇ ਸਰੋਤ ਦਾ ਵੱਧ ਸ਼ੋਸ਼ਣ ਕਿਸੇ ਵੀ ਤਰ੍ਹਾਂ ਅਟੱਲ ਨਹੀਂ ਹੈ, ਕਿਉਂਕਿ ਸਬੰਧਤ ਵਿਅਕਤੀ ਸਹਿਮਤੀ ਨਾਲ ਆਪਸੀ ਸੰਜਮ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ। ਦੂਜਿਆਂ ਦੀ ਦਲੀਲ ਹੈ ਕਿ ਸਾਂਝੀ ਜ਼ਮੀਨ ਤੱਕ ਬੇਰੋਕ ਪਹੁੰਚ ਇਤਿਹਾਸਕ ਤੌਰ 'ਤੇ ਹਮੇਸ਼ਾ ਮੌਜੂਦ ਨਹੀਂ ਸੀ, ਕਿਉਂਕਿ ਸਾਂਝੀ ਜ਼ਮੀਨ ਦਾ ਸ਼ੋਸ਼ਣ ਕਰਨ ਦਾ ਅਧਿਕਾਰ ਕਾਨੂੰਨ ਦੁਆਰਾ ਨਿਯੰਤ੍ਰਿਤ ਕੀਤਾ ਜਾ ਰਿਹਾ ਸੀ।

ਅਰਥਸ਼ਾਸਤਰ ਵਿੱਚ ਨੋਬਲ ਪੁਰਸਕਾਰ ਜੇਤੂ (2009) ਐਲਿਨੋਰ ਓਸਟ੍ਰੋਮ ਨੇ ਰਵਾਇਤੀ "ਦਿ ਟ੍ਰੈਜੇਡੀ ਆਫ਼ ਕਾਮਨਜ਼" ਸਿਧਾਂਤ ਨੂੰ ਚੁਣੌਤੀ ਦਿੱਤੀ, ਇਹ ਦਿਖਾ ਕੇ ਕਿ ਭਾਈਚਾਰੇ ਨਿੱਜੀਕਰਨ ਅਤੇ ਸਰਕਾਰੀ ਨਿਯੰਤਰਣ ਦੀ ਬਜਾਏ ਸਵੈ-ਸੰਗਠਨ ਦੁਆਰਾ ਸਾਂਝੇ ਸਰੋਤਾਂ ਦਾ ਸਫਲਤਾਪੂਰਵਕ ਪ੍ਰਬੰਧਨ ਕਰ ਸਕਦੇ ਹਨ। ਉਸਦੇ ਕੰਮ ਨੇ ਦਿਖਾਇਆ ਕਿ ਸਥਾਨਕ ਭਾਈਚਾਰੇ ਅਕਸਰ ਟਿਕਾਊ ਵਰਤੋਂ ਲਈ ਆਪਣੇ ਨਿਯਮ ਵਿਕਸਤ ਕਰਦੇ ਹਨ, ਜਿਸ ਵਿੱਚ ਪਰਿਭਾਸ਼ਿਤ ਸੀਮਾਵਾਂ, ਨਿਗਰਾਨੀ ਅਤੇ ਜ਼ਿਆਦਾ ਵਰਤੋਂ ਲਈ ਪਾਬੰਦੀਆਂ ਸ਼ਾਮਲ ਹੁੰਦੀਆਂ ਹਨ। ਓਸਟ੍ਰੋਮ ਦੀਆਂ ਖੋਜਾਂ ਨੇ ਜਾਪਾਨ, ਫਿਲੀਪੀਨਜ਼ ਅਤੇ ਸਵਿਟਜ਼ਰਲੈਂਡ ਵਿੱਚ ਭਾਈਚਾਰਿਆਂ ਦੇ ਉਸ ਕੇਸ ਅਧਿਐਨ ਦੁਆਰਾ ਸਮਰਥਤ, ਸਿੰਚਾਈ ਪ੍ਰਣਾਲੀਆਂ, ਚਰਾਗਾਹਾਂ ਅਤੇ ਜੰਗਲਾਂ ਵਰਗੇ ਸਰੋਤਾਂ ਦਾ ਪ੍ਰਬੰਧਨ, ਸਰੋਤਾਂ ਦੀ ਕਮੀ ਤੋਂ ਬਚਣ ਲਈ ਰਾਜ ਜਾਂ ਨਿੱਜੀ ਮਾਲਕੀ ਤੋਂ ਪਰੇ ਇੱਕ 'ਤੀਜਾ ਤਰੀਕਾ' ਪ੍ਰਸਤਾਵਿਤ ਕੀਤਾ।

ਐਲਿਨੋਰ ਓਸਟ੍ਰੋਮ ਨੇ 8 ਮੁੱਖ ਸਿਧਾਂਤਾਂ ਦੀ ਪਛਾਣ ਕੀਤੀ, ਜੋ ਇਨ੍ਹਾਂ ਭਾਈਚਾਰਕ-ਆਧਾਰਤ ਪ੍ਰਣਾਲੀਆਂ (ਜਿਵੇਂ ਕਿ ਪੰਜਾਬ ਵਿੱਚ ਸਹਿਕਾਰੀ ਸਭਾਵਾਂ – co-operatives) ਦੀ ਸਫਲਤਾ ਵਿੱਚ ਯੋਗਦਾਨ ਪਾਉਂਦੇ ਹਨ। ਇਹ 8 ਸਿਧਾਂਤ ਇਵੇਂ ਹਨ:

(ੳ) ਸਰੋਤ ਉਪਭੋਗਤਾਵਾਂ ਲਈ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਸੀਮਾਵਾਂ

(ਅ) ਸਥਾਨਕ ਸਥਿਤੀਆਂ ਦੇ ਅਨੁਕੂਲ ਸਰੋਤ ਵਰਤੋਂ ਲਈ ਨਿਯਮ

(ੲ) ਨਿਯਮ ਬਣਾਉਣ ਵਿੱਚ ਉਪਭੋਗਤਾਵਾਂ ਦੀ ਭਾਗੀਦਾਰੀ

(ਸ) ਸਰੋਤ ਵਰਤੋਂ ਅਤੇ ਨਿਯਮ ਪਾਲਣਾ ਦੀ ਪ੍ਰਭਾਵਸ਼ਾਲੀ ਨਿਗਰਾਨੀ

(ਹ) ਨਿਯਮ ਉਲੰਘਣਾ ਕਰਨ ਵਾਲਿਆਂ ਲਈ ਸਖਤ ਸਜ਼ਾਵਾਂ ਅਤੇ ਪਾਬੰਦੀਆਂ

(ਕ) ਪਹੁੰਚਯੋਗ ਟਕਰਾਅ-ਨਿਪਟਾਰਾ ਵਿਧੀਆਂ

(ਖ) ਬਾਹਰੀ ਅਧਿਕਾਰੀਆਂ ਦੁਆਰਾ ਸੰਗਠਿਤ ਕਰਨ ਦੇ ਅਧਿਕਾਰ ਦੀ ਘੱਟੋ-ਘੱਟ ਮਾਨਤਾ

(ਗ) ਕਈ ਪੈਮਾਨਿਆਂ 'ਤੇ ਸਰੋਤਾਂ ਦੇ ਪ੍ਰਬੰਧਨ ਲਈ ਉਚ ਸਾਂਝੇ ਉੱਦਮ।



**ਗੈਰੇਟ ਹਾਰਡਿਨ (1915-2003), ਜਿਸ ਨੇ ਨਿੱਜੀ ਮੁਨਾਫੇ ਅਤੇ ਸਾਂਝੇ ਸਰੋਤਾਂ ਦੀ ਜ਼ਿਆਦਾ ਵਰਤੋਂ ਬਾਰੇ 'ਦਿ ਟ੍ਰੈਜੇਡੀ ਆਫ਼ ਕਾਮਨਜ਼' ਸਿਧਾਂਤ ਪੇਸ਼ ਕੀਤਾ।**



**ਅਰਥਸ਼ਾਸਤਰ 'ਚ ਨੋਬਲ ਪੁਰਸਕਾਰ ਜੇਤੂ ਐਲਿਨੋਰ ਓਸਟ੍ਰੋਮ (1933-2012), ਜਿਸ ਨੇ 'ਦਿ ਟ੍ਰੈਜੇਡੀ ਆਫ਼ ਕਾਮਨਜ਼' ਸਿਧਾਂਤ ਨੂੰ ਚੁਣੌਤੀ ਦਿੱਤੀ।**

ਐਲਿਨੋਰ ਨੇ ਆਪਣੇ ਸਾਇੰਟਿਫਿਕ ਜੀਵਨ ਦਾ ਕਾਫੀ ਸਮਾਂ ਇੰਡੀਆਨਾ ਯੂਨੀਵਰਸਿਟੀ ਵਿੱਚ ਬਤੀਤ ਕੀਤਾ, ਜਿੱਥੇ ਉਸ ਨੇ 'ਪੁਲੀਟੀਕਲ ਥਿਊਰੀ ਅਤੇ ਪਾਲਿਸੀ ਅਨੈਲੇਸਿਸ' ਦੇ ਸਿਧਾਂਤ ਨੂੰ ਸਥਾਪਿਤ ਕੀਤਾ, ਜਿਸ ਲਈ ਉਸ ਸਾਲ 2009 ਵਿੱਚ ਨੋਬਲ ਪੁਰਸਕਾਰ ਵੀ ਮਿਲਿਆ।

**ਐਲਿਨੋਰ ਓਸਟ੍ਰੋਮ ਦੇ ਕੰਮ ਦੇ ਮੁੱਖ ਵਿਚਾਰ:**

♦ ਉਸਨੇ ਦਲੀਲ ਦਿੱਤੀ ਕਿ ਸਾਂਝੇ ਸਰੋਤਾਂ ਦੀ ਆਪੋਧਾਪ ਲੁੱਟ-ਖਸੁੱਟ ਤੇ ਕਮੀ ਦੀ ਅਟੱਲਤਾ ਇੱਕ ਦਿੱਤੀ ਗਈ ਸਥਾਈ ਗੱਲ ਨਹੀਂ ਸੀ, ਜਿਵੇਂ ਕਿ ਹਾਰਡਿਨ ਦੀ ਕਾਮਨਜ਼ ਥਿਊਰੀ ਦੀ ਤ੍ਰਾਸਦੀ ਦੁਆਰਾ ਸੁਝਾਈ ਗਈ ਸੀ, ਪਰ ਇਹ ਇੱਕ ਸੰਭਾਵੀ ਨਤੀਜਾ ਸੀ ਜਿਸ ਤੋਂ ਬਚਿਆ ਜਾ ਸਕਦਾ ਸੀ।

♦ ਉਸਨੇ ਅਨੁਭਵੀ ਸਬੂਤ ਪ੍ਰਦਾਨ ਕੀਤੇ ਕਿ ਕਿਵੇਂ ਸਵਿਟਜ਼ਰਲੈਂਡ, ਜਾਪਾਨ ਅਤੇ ਫਿਲੀਪੀਨਜ਼ ਦੇ ਭਾਈਚਾਰੇ ਆਪਣੇ ਜੰਗਲਾਂ, ਚਰਾਗਾਹਾਂ ਅਤੇ ਸਿੰਚਾਈ ਪ੍ਰਣਾਲੀਆਂ ਵਰਗੇ ਸਾਂਝੇ ਸਰੋਤਾਂ ਦਾ ਪ੍ਰਬੰਧਨ ਕਰਦੇ ਹਨ।

♦ ਓਸਟ੍ਰੋਮ ਦੀ ਖੋਜ ਨੇ ਦਿਖਾਇਆ ਕਿ ਭਾਈਚਾਰੇ ਆਪਣੀਆਂ ਸ਼ਾਸਨ ਪ੍ਰਣਾਲੀਆਂ ਨੂੰ ਵਿਕਸਤ ਕਰਕੇ ਟਿਕਾਊ ਸਾਂਝੇ-ਪੂਲ ਸਰੋਤ ਬਣਾ ਸਕਦੇ ਹਨ ਅਤੇ ਬਣਾਈ ਵੀ ਰੱਖ ਸਕਦੇ ਹਨ।

♦ ਐਲਿਨੋਰ ਓਸਟ੍ਰੋਮ ਦੇ ਕੰਮ ਨੂੰ ਕੁਝ ਅਰਥਸ਼ਾਸਤਰੀਆਂ ਦੁਆਰਾ ਹਾਰਡਿਨ ਦੇ ਦਾਅਵਿਆਂ ਦਾ ਖੰਡਨ ਕਰਨ ਵਜੋਂ ਵੀ ਦੇਖਿਆ ਜਾਂਦਾ ਹੈ।

♦ ਓਸਟ੍ਰੋਮ ਨੇ ਮਨੁੱਖੀ ਆਬਾਦੀ ਦੇ ਵਾਧੇ, ਧਰਤੀ ਦੇ ਕੁਦਰਤੀ ਸਰੋਤਾਂ ਦੀ ਵਰਤੋਂ ਅਤੇ ਭਲਾਈ ਰਾਜ (Social Welfare) ਦਾ ਆਬਾਦੀ ਵਾਧੇ 'ਚ ਹਾਰਡਿਨ ਦੇ ਧਿਆਨ ਨੂੰ ਚੁਣੌਤੀ ਦਿੱਤੀ ਅਤੇ ਖੰਡਨ ਵੀ ਕੀਤਾ ਹੈ।

ਹਾਰਡਿਨ ਨੇ ਭਲਾਈ ਰਾਜ ਨੂੰ ਆਮ ਲੋਕਾਂ ਦੀ ਵਧਦੀ ਆਬਾਦੀ ਦੀ ਤ੍ਰਾਸਦੀ ਦੀ ਆਗਿਆ ਦੇਣ ਲਈ ਜ਼ਿੰਮੇਵਾਰ ਠਹਿਰਾਇਆ ਹੈ। ਹਾਰਡਿਨ ਦੀ ਸੋਚ ਸੀ ਕਿ ਰਾਜ, ਮਾਪਿਆਂ ਦੀ ਇੱਛਾ ਅਨੁਸਾਰ ਪੈਦਾ ਹੋਏ ਬੱਚਿਆਂ ਲਈ ਪ੍ਰਬੰਧ ਕਰਦਾ ਹੈ ਅਤੇ ਵੱਧ ਆਬਾਦੀ ਨੂੰ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਦੇ ਨਤੀਜੇ ਵਜੋਂ, ਆਉਣ ਵਾਲੀ ਮਾਲਥੁਸੀਅਨ ਆਫ਼ਤ ਦਾ ਸਮਰਥਨ ਕਰਦਾ ਹੈ ਅਤੇ ਇਸ ਦੇ ਵਾਪਰਨ ਦੀ ਉਡੀਕ ਕਰ ਰਿਹਾ ਹੈ।

**ਮਾਲਥੁਸੀਅਨ ਆਫ਼ਤ** ਇੱਕ ਸਿਧਾਂਤ ਹੈ, ਜੋ ਭਵਿੱਖਬਾਣੀ ਕਰਦਾ ਹੈ ਕਿ ਤੇਜ਼ੀ ਨਾਲ ਵਧ ਰਹੀ ਆਬਾਦੀ ਅੰਤ ਵਿੱਚ ਭੋਜਨ ਸਪਲਾਈ ਨੂੰ ਪਛਾੜ ਦੇਵੇਗੀ, ਜਿਸਦੇ ਨਤੀਜੇ ਵਜੋਂ ਅਕਾਲ, ਬਿਮਾਰੀਆਂ, ਸਮਾਜਿਕ ਟਕਰਾਅ, ਯੁੱਧ ਵਰਗੇ ਵਿਸ਼ਾਲ ਨੁਕਸਾਨ ਪੈਦਾ ਹੋ ਸਕਦੇ ਹਨ। ਥਾਮਸ ਮਾਲਥਸ ਦੇ 1798 ਦੇ ਕੰਮ 'ਤੇ ਆਧਾਰਤ ਸੰਕਲਪ ਮੰਨਦਾ ਹੈ ਕਿ "ਆਬਾਦੀ ਦੀ ਰੇਖਾ (exponential) ਤੇਜ਼ੀ ਨਾਲ ਵਧਦੀ ਹੈ, ਜਦੋਂ ਕਿ ਭੋਜਨ ਸਪਲਾਈ ਗਣਿਤ ਦੇ ਅਨੁਸਾਰ ਵਧਦੀ ਹੈ। ਇਹ ਵਧਦੀ ਆਬਾਦੀ ਭਵਿੱਖ ਵਿੱਚ ਵਿਸ਼ਵਵਿਆਪੀ ਭੋਜਨ ਸੰਕਟ ਪੈਦਾ ਕਰ ਸਕਦੀ ਹੈ। ਇਸ ਲਈ ਵਧਦੀ ਆਬਾਦੀ ਅਤੇ ਭੋਜਨ ਦੀ ਉਪਜ ਦਾ ਮਸਲਾ ਭਵਿੱਖ 'ਚ ਇੱਕ ਅਹਿਮ ਜਾਂਚ ਦਾ ਵਿਸ਼ਾ ਬਣੇਗਾ, ਜਦੋਂ ਤੱਕ ਆਬਾਦੀ ਇੱਕ ਟਿਕਾਊ ਪੱਧਰ ਤੱਕ ਨਹੀਂ ਘਟ ਜਾਂਦੀ।"

1798 ਵਿੱਚ ਅੱਜ ਤੋਂ ਸਹੀ 227 ਸਾਲ ਪਹਿਲਾਂ ਮਾਲਥਸ ਦੀਆਂ ਭਵਿੱਖਬਾਣੀਆਂ ਦੇ ਉਲਟ, ਆਧੁਨਿਕ ਦ੍ਰਿਸ਼ਟੀਕੋਣ ਵਿੱਚ, ਤਕਨੀਕੀ ਅਤੇ ਖੇਤੀਬਾੜੀ ਤਰੱਕੀ ਨੇ ਭੋਜਨ ਉਤਪਾਦਨ ਵਿੱਚ ਨਾਟਕੀ ਢੰਗ ਨਾਲ ਵਾਧਾ ਕੀਤਾ ਹੈ, ਜਿਸ ਨੇ ਆਬਾਦੀ ਵਾਧੇ ਦੇ ਨਾਲ ਨਾਲ ਤਾਲਮੇਲ ਬਣਾਈ ਰੱਖਿਆ ਹੈ। ਆਧੁਨਿਕ ਸਮਾਜ ਨੇ ਜਨਸੰਖਿਆ ਤਬਦੀਲੀਆਂ ਦਾ ਅਨੁਭਵ ਵੀ ਕੀਤਾ ਹੈ। ਬਹੁਤ ਸਾਰੇ ਵਿਕਸਤ ਦੇਸ਼ਾਂ ਵਿੱਚ ਜਨਮ ਦਰ ਬਦਲਵੇਂ ਪੱਧਰ ਤੋਂ ਹੇਠਾਂ ਡਿੱਗ ਚੁਕੀ ਹੈ। ਇਨ੍ਹਾਂ ਤਬਦੀਲੀਆਂ ਦੇ ਬਾਵਜੂਦ 'ਮਾਲਥੁਸੀਅਨ ਆਫ਼ਤ' ਦੇ ਵਿਚਾਰ ਉਤੇ ਅੱਜ ਵੀ ਬਹਿਸ ਹੋ ਰਹੀ ਹੈ। ਕੁਝ ਲੋਕ ਇਹ ਦਲੀਲ ਵੀ ਦਿੰਦੇ ਹਨ ਕਿ ਭੋਜਨ ਉਤਪਾਦਨ ਦੇ ਮੌਜੂਦਾ ਉਦਯੋਗਿਕ ਤਰੀਕੇ, ਜਲਵਾਯੂ ਪਰਿਵਰਤਨ ਵਰਗੀਆਂ ਚੁਣੌਤੀਆਂ ਪੈਦਾ ਕਰ ਸਕਦੇ ਹਨ ਅਤੇ ਸਰੋਤਾਂ ਦੀ ਜ਼ਿਆਦਾ ਖਪਤ ਅਜੇ ਵੀ ਸਰੋਤ-ਆਧਾਰਤ ਸੰਕਟਾਂ ਦਾ ਕਾਰਨ ਬਣ ਸਕਦੀ ਹੈ। ਅੰਤ ਵਿੱਚ ਆਬਾਦੀ ਦੀ ਮੰਗ ਨੂੰ ਪੂਰਾ ਕਰਨ ਲਈ ਘਟਦੀ

*⇒ ਬਾਕੀ ਅਗਲੇ ਸਫੇ ਉਤੇ ਪੜ੍ਹੋ*

# ਆਧੁਨਿਕ ਵਿਕਾਸ ਮਾਡਲ ਦਾ ਧੁਆਂਖਿਆ ਸੱਚ

## ਦੁਬਿਧਾ ਦੇ ਜੰਗਲ ਵਿੱਚ ਭਟਕਦਾ ਆਮ ਬੰਦਾ

ਸੁਸ਼ੀਲ ਦੁਸਾਂਝ

*2025 ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਨੇ ਖੇਤੀ ਦੀ ਭਿਆਨਕ ਤਬਾਹੀ ਮਚਾਈ ਹੈ। ਹੜ੍ਹਾਂ ਵਿੱਚ 7 ਲੱਖ ਹੈਕਟੇਅਰ ਖੇਤੀਬਾੜੀ ਜ਼ਮੀਨ ਡੁੱਬ ਗਈ ਅਤੇ 4 ਲੱਖ ਕਿਸਾਨ ਪ੍ਰਭਾਵਿਤ ਹੋਏ ਹਨ। ਇਸ ਨਾਲ ਨਾ ਸਿਰਫ਼ ਫਸਲਾਂ ਨੂੰ ਨੁਕਸਾਨ ਹੋਇਆ, ਸਗੋਂ ਪਸ਼ੂਆਂ ਅਤੇ ਖੇਤੀ ਅਰਥਵਿਵਸਥਾ ਨੂੰ ਵੀ ਗੰਭੀਰ ਝਟਕਾ ਲੱਗਾ। ਇਹ ਹੜ੍ਹ ਕੁਦਰਤੀ ਜਾਪਦੇ ਹਨ, ਪਰ ਅਸਲ ਵਿੱਚ ਇਹ ਵਿਕਾਸ ਦੇ ਬੇਢੰਗੇ ਮਾਡਲ ਦੇ ਨਤੀਜੇ ਹਨ, ਜਿੱਥੇ ਨਹਿਰਾਂ ਦੀ ਵਿਗੜੀ ਵੰਡ ਅਤੇ ਜੰਗਲਾਂ ਦੀ ਕਟਾਈ ਨੇ ਹਾਲਾਤ ਨੂੰ ਹੋਰ ਭਿਆਨਕ ਬਣਾ ਦਿੱਤਾ ਹੈ।*

ਵਿਕਾਸ ਕੌਣ ਨਹੀਂ ਚਾਹੁੰਦਾ? ਆਪਣਾ, ਆਪਣੇ ਘਰ, ਗਲੀ, ਮੁਹੱਲੇ, ਪਿੰਡ, ਸ਼ਹਿਰ, ਸੂਬੇ, ਮੁਲਕ ਤੇ ਇਸ ਸਾਰੇ ਸੰਸਾਰ ਦਾ। ਵਿਕਾਸ ਹੀ ਤਾਂ ਜ਼ਿੰਦਗੀ ਦੇ ਨਿਰੰਤਰ ਸਫ਼ਰ ਦਾ ਉਹ ਪੁਲ ਹੈ, ਜਿਥੋਂ ਪਾਰ ਹੋ ਕੇ ਹਜ਼ਾਰਾਂ ਹਜ਼ਾਰ ਨਵੇਂ ਰਸਤੇ ਖੁਲ੍ਹਦੇ ਹਨ; ਪਰ ਜਿਸ ਬੇਤਰਤੀਬੇ ਅਤੇ ਬੇਢੱਬੇ ਢੰਗ ਨਾਲ ਸੰਸਾਰ ਨੂੰ ਇੱਕ ਨਵੀਂ ਦਿੱਖ ਪ੍ਰਦਾਨ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਉਹ ਸਿਰਫ਼ ਮਨੁੱਖੀ ਨਸਲ ਲਈ ਹੀ ਨਹੀਂ ਸਗੋਂ ਧਰਤੀ ‘ਤੇ ਵਸੱਦੇ ਹਰ ਜੀਆ ਜੰਤ ਲਈ ਬੇਹੱਦ ਘਾਤਕ ਹੈ। ਆਪਣੇ ਆਲੇ-ਦੁਆਲੇ ਵਿਕਾਸ ਦੇ ਨਾਂ ‘ਤੇ ਉੱਗ ਰਹੇ ਕੰਕਰੀਟ ਦੇ ਜੰਗਲ ਵਿਕਾਸ ਨਹੀਂ, ਵਿਨਾਸ਼ ਵੱਲ ਖੁੱਲ੍ਹਦੇ ਰਸਤੇ ਹਨ।

ਭਾਰਤ ਵਿੱਚ ਲੰਘੇ ਦਹਾਕੇ ਦੌਰਾਨ ਖੇਤੀਬਾੜੀ ਵਾਲੀ ਜ਼ਮੀਨ ਵਿੱਚ ਹਲਕੀ ਗਿਰਾਵਟ ਆਈ ਹੈ, ਜਿਸਦਾ ਮੁੱਖ ਕਾਰਨ ਸ਼ਹਿਰੀਕਰਨ ਅਤੇ ਉਦਯੋਗਿਕ ਵਿਕਾਸ ਹੈ। ਇੱਕ ਅਧਿਐਨ ਅਨੁਸਾਰ ਭਾਰਤ ਵਿੱਚ ਆਬਾਦੀ ਦੇ ਵਾਧੇ ਅਤੇ ਸ਼ਹਿਰੀਕਰਨ ਨੇ ਲੱਖਾਂ ਏਕੜ ਜ਼ਮੀਨ ਨੂੰ ਖੇਤੀ ਤੋਂ ਬਾਹਰ ਕਰ ਦਿੱਤਾ ਹੈ। ਪੰਜਾਬ ਵਿੱਚ ਤਾਂ ਇਹ ਰੁਝਾਨ ਹੋਰ ਚਿੰਤਾਜਨਕ ਹੈ, ਜਿੱਥੇ ਲੁਧਿਆਣਾ ਵਰਗੇ ਸ਼ਹਿਰ ਵਿੱਚ ਹੀ ਲਗਭਗ 24,311 ਏਕੜ ਖੇਤੀਬਾੜੀ ਜ਼ਮੀਨ ਨੂੰ ਰਿਹਾਇਸ਼ੀ ਖੇਤਰਾਂ ਵਿੱਚ ਬਦਲਣ ਦੀ ਯੋਜਨਾ ਹੈ, ਜੋ ਕਿ ਵਿਕਾਸ ਦੇ ਨਾਂ ਹੇਠ ਖੇਤਾਂ ਨੂੰ ਨਿਗਲ ਰਹੀ ਹੈ।

ਸੰਸਾਰ ਵਿੱਚ ਇੱਕ ਨਵੀਂ ਅਰਥ ਸ਼ਕਤੀ ਬਣ ਜਾਣ ਦੇ ਭਾਰਤ ਦੇ ਦਾਅਵਿਆਂ ਦੇ ਬੋਝ ਹੇਠ ਜ਼ਿੰਦਗੀ ਨੂੰ ਜਿਉਣ ਜੋਗੀ ਕਰਨ ਦੇ ਸੰਘਰਸ਼ ਵਿੱਚ ਜੁਟੇ ਮੁਲਕ ਦੇ ਅਸਲੀ ਬਾਸ਼ਿੰਦਿਆਂ ‘ਤੇ ਕਿਸੇ ਦੀ ਨਜ਼ਰ ਨਹੀਂ ਜਾ ਰਹੀ। ਖੇਤ ਖ਼ਤਮ ਹੋ ਰਹੇ ਹਨ। ਜਿਹੜੇ ਹਾਲੇ ਵੀ ਬਚੇ ਹੋਏ ਹਨ, ਉਨ੍ਹਾਂ ਖੇਤਾਂ ਵਿੱਚ ਸਲਫਾਸ ਉਗਦੀ ਜਾ ਰਹੀ ਹੈ। ਖੇਤਾਂ ਅਤੇ ਘਰਾਂ ਦੇ ਰਾਖਿਆਂ ਦੀ ਰਾਖੀ ਕਰਨ ਦਾ ਲਾਰਾ ਲਾਉਣ ਵਾਲੇ ‘ਲੋਕ ਨੁਮਾਇੰਦੇ’ ਕਦੋਂ ਦੇ ਫਸਲਾਂ ਨੂੰ ਚਰ ਜਾਣ ਵਾਲਿਆਂ ਵਿੱਚ ਜਾ ਰਲੇ ਹਨ।

2025 ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਨੇ ਖੇਤੀ ਦੀ ਭਿਆਨਕ ਤਬਾਹੀ ਮਚਾਈ ਹੈ। ਹੜ੍ਹਾਂ ਵਿੱਚ 7 ਲੱਖ ਹੈਕਟੇਅਰ ਖੇਤੀਬਾੜੀ ਜ਼ਮੀਨ ਡੁੱਬ ਗਈ ਅਤੇ 4 ਲੱਖ ਕਿਸਾਨ ਪ੍ਰਭਾਵਿਤ ਹੋਏ ਹਨ। ਇਸ ਨਾਲ ਨਾ ਸਿਰਫ਼ ਫਸਲਾਂ ਨੂੰ ਨੁਕਸਾਨ ਹੋਇਆ, ਸਗੋਂ ਪਸ਼ੂਆਂ ਅਤੇ ਖੇਤੀ ਅਰਥਵਿਵਸਥਾ ਨੂੰ ਵੀ ਗੰਭੀਰ ਝਟਕਾ ਲੱਗਾ। ਇਹ ਹੜ੍ਹ ਕੁਦਰਤੀ ਜਾਪਦੇ ਹਨ, ਪਰ ਅਸਲ ਵਿੱਚ ਇਹ ਵਿਕਾਸ ਦੇ ਬੇਢੰਗੇ ਮਾਡਲ ਦੇ ਨਤੀਜੇ ਹਨ, ਜਿੱਥੇ ਨਹਿਰਾਂ ਦੀ ਵਿਗੜੀ ਵੰਡ ਅਤੇ ਜੰਗਲਾਂ ਦੀ ਕਟਾਈ ਨੇ ਹਾਲਾਤ ਨੂੰ ਹੋਰ ਭਿਆਨਕ ਬਣਾ ਦਿੱਤਾ ਹੈ।

ਇਸ ਮਾਮਲੇ ਵਿੱਚ ਹਿੰਦੀ ਸ਼ਾਇਰ ਪ੍ਰਭਾਤ ਦੀ ‘ਮੁਆਵਜ਼ਾ’ ਨਾਂ ਦੀ ਨਜ਼ਮ ਬਹੁਤ ਕੁੱਝ ਸਾਫ ਕਰਦੀ ਹੈ।

ਕੌਮੀ ਯੋਜਨਾਵਾਂ ਨੇ
ਉਨ੍ਹਾਂ ਨੂੰ ਦਿੱਤਾ ਹੈ ਵਿਕਾਸ
ਸਾਨੂੰ ਦਿੱਤਾ ਹੈ ਮੁਆਵਜ਼ਾ
ਉਨ੍ਹਾਂ ਦੀਆਂ ਕਾਰਾਂ ਦੇ ਲੰਘ ਜਾਣ ਲਈ
ਸਾਡੇ ਹਰੇ ਭਰੇ ਖੇਤਾਂ ਵਿਚਦੀ
ਕੱਢੀ ਗਈ ਹੈ ਸੜਕ
ਕਾਗਜ਼ਾਂ ਵਿੱਚ ਦੇ ਦਿੱਤਾ ਗਿਐ
ਮੁਆਵਜ਼ਾ ਇਹਦੇ ਬਦਲੇ
ਜੇ ਇੱਥੇ ਹੀ ਰੁਕ ਜਾਵੇ ਇਹ ਵਿਕਾਸ
ਸਾਡੇ ਲਈ ਇਹੀ ਹੈ ਮੁਆਵਜ਼ਾ ਕਾਫੀ
ਪਰ ਉਨ੍ਹਾਂ ਲਈ ਇਹ ਵਿਕਾਸ
ਹੈ ਨਾ ਕਾਫ਼ੀ ਹਾਲੇ ਵੀ।

ਉਹ ਆਏ ਹਨ ਇਸ ਵਾਰ
ਨਵੀਂ ਯੋਜਨਾ ਲੈ ਕੇ
ਲੈ ਕੇ ਆਏ ਹਨ
ਪੂਰਾ ਲਾਮ ਲਸ਼ਕਰ
ਬੁਲਡੋਜ਼ਰ, ਕਰੇਨ, ਪੁਲਸ,
ਹੰਝੂ ਗੈਸ ਤੇ ਪਿਸਤੌਲ
ਸਾਨੂੰ ਮੁਆਵਜ਼ਾ ਦਵਾਉਣ ਦਾ
ਭਰੋਸਾ ਦੇਣ ਲਈ
ਸਾਡੇ ਲੋਕ ਨੁਮਾਇੰਦੇ ਨੂੰ ਵੀ ਲਿਆਏ ਹਨ
ਲਾਲ ਬੱਤੀ ਵਾਲੀ ਗੱਡੀ ਵਿੱਚ ਬਿਠਾ ਕੇ।

ਇਹ ਕੋਈ ਅਚਨਚੇਤੀ ਤੇ ਸਹਿਜ ਵਰਤਾਰਾ ਨਹੀਂ ਹੈ। ਇਹ ਸੰਸਾਰਕ ਬਾਜ਼ਾਰਵਾਦ ਦੇ ਪਹਿਲੇ ਝਲਕਾਰੇ ਹਨ। ਹਾਲੇ ਤਾਂ ਸ਼ੁਰੂਆਤ ਹੈ, ਜੇਕਰ ਇਸ ਅਖੌਤੀ ਵਿਕਾਸ ਨੂੰ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਕੁੱਝ ਸਾਲਾਂ ਵਿੱਚ ਹੀ ਇਹਨੇ ਸਾਡੇ ਕੁੱਲ ਆਰਥਕ ਅਤੇ ਸਮਾਜਕ ਤਾਣੇ-ਬਾਣੇ ਦਾ ਪੂਰੀ ਤਰ੍ਹਾਂ ਭੋਗ ਪਾ ਦੇਣਾ ਹੈ। ਆਰਥਕ ਪਾੜੇ ਦੀ ਖਾਈ ਦਾ ਲਗਾਤਾਰ ਵਧਦਾ ਘੇਰਾ ਭਿਅੰਕਰ ਰੂਪ ਅਖ਼ਤਿਆਰ ਕਰੇਗਾ ਤੇ ਵੱਖ-ਵੱਖ ਵਰਗਾਂ ਦੇ ਹਿੰਸਕ ਟਕਰਾਅ ਇੱਕ ਨਵੀਂ ਕਿਸਮ ਦੀ ਅਰਾਜਕਤਾ ਦਾ ਮਾਹੌਲ ਬਨਾਉਣਗੇ।

ਪੰਜਾਬ ਵਿੱਚ ਆਰਥਿਕ ਨਾ-ਬਰਾਬਰੀ ਬੇਹੱਦ ਚਿੰਤਾਜਨਕ ਹਾਲਤ ਤੱਕ ਪਹੁੰਚ ਗਈ ਹੈ। ਇਸ ਨਾਲ ਛੋਟੇ ਕਿਸਾਨ ਅਤੇ ਮਜ਼ਦੂਰ ਵਰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ, ਜਦਕਿ ਵੱਡੇ ਕਾਰਪੋਰੇਟ ਘਰਾਣੇ ਫਾਇਦੇ ਚੁੱਕ ਰਹੇ ਹਨ।

ਦਰਅਸਲ, ਇਹ ਤਰੱਕੀ ਦਾ ਅਜਿਹਾ ਦੌਰ ਹੈ ਕਿ ਪਰਿੰਦੇ ਹਿਜਰਤ ਕਰਨ ਲਈ ਮਜਬੂਰ ਹਨ। ਪਿੰਡਾਂ ਵਿੱਚੋਂ ਵਿਹਲਾ ਹੋ ਰਿਹਾ ਖੇਤ ਮਜ਼ਦੂਰ ਪਹਿਲਾਂ ਹੀ ਮਜ਼ਦੂਰੀ ਦੇ ਹੋਰਨਾਂ ਖੇਤਰਾਂ ਵੱਲ ਜਾਣ ਲਈ ਮਜਬੂਰ ਹੋ ਗਿਆ ਹੈ ਤੇ ਹੁਣ ਛੋਟੇ ਕਿਸਾਨ ਵੀ ਸ਼ਹਿਰਾਂ ਵੱਲ ਜਾਣ ਲਈ ਮਜਬੂਰ ਹਨ। ਭਾਰਤ ਵਿੱਚ ਹਰ ਸਾਲ ਲਗਪਗ ਇੱਕ ਕਰੋੜ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਹਨ, ਜਿਸ ਵਿੱਚ ਪੰਜਾਬ ਦਾ ਵੱਡਾ ਹਿੱਸਾ ਸ਼ਾਮਲ ਹੈ। 2001 ਤੋਂ 2011 ਤੱਕ ਪੰਜਾਬ ਦੀ ਸ਼ਹਿਰੀ ਆਬਾਦੀ 26 ਫੀਸਦੀ ਵਧੀ ਹੈ, ਜੋ ਕਿ ਆਬਾਦੀ ਵਾਧੇ ਤੋਂ ਤਿੰਨ ਗੁਣਾ ਵੱਧ ਹੈ। ਇਸ ਹਿਜਰਤ ਵਿੱਚ 48 ਫੀਸਦੀ ਅੰਤਰਰਾਸ਼ਟਰੀ ਹਿਜਰਤ ਕਰਨ ਵਾਲੇ ਪੰਜਾਬੀ ਅਰਧ-ਦਰਮਿਆਨੇ ਜਾਂ ਦਰਮਿਆਨੇ ਖੇਤੀਬਾੜੀ ਪਰਿਵਾਰਾਂ ਤੋਂ ਆਉਂਦੇ ਹਨ, ਜੋ ਕਿ ਆਰਥਿਕ ਸੰਕਟ ਅਤੇ ਰੁਜ਼ਗਾਰ ਦੀ ਘਾਟ ਕਾਰਨ ਵਿਦੇਸ਼ਾਂ ਵੱਲ ਰੁਖ ਕਰ ਰਹੇ ਹਨ।

ਮਜ਼ਦੂਰ ਜਿੱਥੇ ਵੀ ਹੋਵੇ ਮਜ਼ਦੂਰ ਹੀ ਹੈ, ਪਰ ਇੱਥੇ ਛੋਟੇ ਕਿਸਾਨ ਤੋਂ ਮਜ਼ਦੂਰ ਵਿੱਚ ਤਬਦੀਲ ਹੋਣ ਵਾਲੇ ਇੱਕ ਅਜੀਬ ਸੰਕਟ ਵਿੱਚ ਹਨ। ਉਨ੍ਹਾਂ ਦਾ ਅੰਦਰਲਾ ਮਨ ਉਨ੍ਹਾਂ ਨੂੰ ਘੂਰਦਾ ਹੈ, ਲਾਹਣਤਾਂ ਪਾਉਂਦਾ ਹੈ ਤੇ ਸ਼ਹਿਰਾਂ ਦੇ ਲੇਬਰ ਚੌਕਾਂ ਵਿੱਚ ਖੜਨ ਤੋਂ ਵਰਜਦਾ ਹੈ। ਦੁਬਿਧਾ ਦੇ ਇਸ ਜੰਗਲ ਵਿੱਚ ਫਸਿਆ ਬੰਦਾ ਕਦੇ ਕਿਤੇ ਭਟਕਦਾ ਹੈ, ਕਦੇ ਕਿਤੇ। ਬਹੁਤੇ ਥਾਈਂ ਇਹ ਬੰਦਾ ਆਪਣੇ ਆਪ ਨੂੰ ਸਮਝਾ ਲੈਂਦਾ ਹੈ ਤੇ ਟੱਬਰ ਟੀਰ੍ਹ ਪਾਲਣ ਲਈ ਸੰਗ ਸ਼ਰਮ ਲਾਹ ਕੇ ਲੇਬਰ ਚੌਕ ਤੋਂ ਮਜ਼ਦੂਰੀ ਦਾ ਆਪਣਾ ਨਵਾਂ ਸਫ਼ਰ ਸ਼ੁਰੂ ਵੀ ਕਰ ਲੈਂਦਾ ਹੈ, ਪਰ ਕਿਤੇ ਕਿਤੇ ਬਹੁਤ ਅਣਸੁਖਾਵਾਂ ਵਾਪਰ ਜਾਂਦਾ ਹੈ। ਬੰਦੇ ਦੀ ਹਉਮੈ ਉਹਨੂੰ ਜੀਣ ਹੀ ਨਹੀਂ ਦਿੰਦੀ। ਵਿੱਚ ਵਿਚਾਲੇ ਲਟਕਦਾ ਬੰਦਾ ਅਖੀਰ ਖੁਦਕੁਸ਼ੀ ਵਰਗਾ ਸਿਰੇ ਦਾ ਕਦਮ ਚੁੱਕ ਲੈਂਦਾ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਅਨੁਸਾਰ ਪੰਜਾਬ ਵਿੱਚ ਕਿਸਾਨ ਖ਼ੁਦਕੁਸ਼ੀਆਂ 2019 ਵਿੱਚ 302 ਤੋਂ ਘਟ ਕੇ 2023 ਵਿੱਚ 174 ਹੋ ਗਈਆਂ ਹਨ, ਪਰ ਕਿਸਾਨ ਜਥੇਬੰਦੀਆਂ ਅਨੁਸਾਰ ਇਹ ਅੰਕੜੇ ਸਹੀ ਨਹੀਂ ਹਨ; ਅਸਲ ਵਿੱਚ ਇਨ੍ਹਾਂ ਵਿੱਚ ਉਹ ਹਜ਼ਾਰਾਂ ਖ਼ੁਦਕੁਸ਼ੀਆਂ ਸ਼ਾਮਲ ਹੀ ਨਹੀਂ, ਜੋ ਕਿਤੇ ਰਿਪੋਰਟ ਹੀ ਨਹੀਂ ਹੁੰਦੀਆਂ।

ਸੰਸਾਰੀਕਰਨ ਦੇ ਇਸ ਦੌਰ ਵਿੱਚ ਸਿਰਫ਼ ਖੇਤ ਹੀ ਨਹੀਂ, ਹਰ ਚੀਜ਼ ਹੀ ਦਾਅ ‘ਤੇ ਲੱਗੀ ਹੋਈ ਹੈ। ਭਾਰਤੀ ਸਮਾਜ ਦੇ ਹਰ ਵਰਗ ਵਿੱਚ ਸੰਸਾਰੀਕਰਨ ਦੀਆਂ ਨੀਤੀਆਂ ਕਾਰਨ ਆਪਾ ਧਾਪੀ ਹੈ, ਜਿਹਨੇ ਹੌਲੀ ਹੌਲੀ ਹਿੰਸਕ ਟਕਰਾਵਾਂ ਵਿੱਚ ਤਬਦੀਲ ਹੁੰਦੇ ਜਾਣਾ ਹੈ। ਪੰਜਾਬ ਵਿੱਚ ਪਾਣੀ ਦਾ ਗੰਭੀਰ ਸੰਕਟ ਵੀ ਇਸ ਅਖੌਤੀ ਵਿਕਾਸ ਦਾ ਨਤੀਜਾ ਹੈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਖਿੱਚਣ ਦਾ ਫ਼ੀਸਦੀ 156.87 ਹੈ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਜਲਵਾਯੂ ਤਬਦੀਲੀ ਕਾਰਨ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਵਿੱਚ 65 ਫੀਸਦੀ ਕਮੀ ਆ ਗਈ ਹੈ। ਇਸ ਤੋਂ ਇਲਾਵਾ ਰਸਾਇਣਕ ਖਾਦਾਂ ਨੇ ਵੀ ਪਾਣੀ ਨੂੰ ਯੂਰੇਨੀਅਮ, ਆਰਸੈਨਿਕ ਅਤੇ ਨਾਈਟ੍ਰੇਟ ਨਾਲ ਗੰਦਾ ਕਰ ਦਿੱਤਾ ਹੈ। ਹਵਾ ਅਤੇ ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ, ਧੁੰਦ ਅਤੇ ਪਰਾਲੀ ਸਾੜਨ ਨੇ ਪੰਜਾਬ ਨੂੰ ਵਾਤਾਵਰਣਕ ਤਬਾਹੀ ਵੱਲ ਧੱਕ ਦਿੱਤਾ ਹੈ। 2024 ਵਿੱਚ ਪੰਜਾਬ ਨੇ ਹਵਾ ਦੀ ਗੁਣਵੱਤਾ ਵਿੱਚ ਭਿਆਨਕ ਗਿਰਾਵਟ ਅਤੇ ਪਾਣੀ ਦੇ ਪ੍ਰਦੂਸ਼ਣ ਦਾ ਸਾਹਮਣਾ ਕੀਤਾ, ਜਿਸ ਨਾਲ ਖੇਤੀ ਅਤੇ ਸਿਹਤ ਬਿਨਾਂ ਰੁਕੇ ਪ੍ਰਭਾਵਿਤ ਹੋ ਰਹੀ ਹੈ।

ਪੰਜਾਬ ਇਸ ਗੰਭੀਰ ਸੰਕਟ ਵੱਲ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਪਿਛਲੀ ਕਾਂਗਰਸ ਸਰਕਾਰ ਦੀਆਂ ਨੀਤੀਆਂ ਨੂੰ ਹੀ ਅੱਗੇ ਤੋਰਿਆ ਜਾ ਰਿਹਾ ਹੈ। ਨੀਤੀਆਂ ਦੇ ਪੱਧਰ ‘ਤੇ ਅਕਾਲੀ-ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿੱਚ ਕੋਈ ਵਖਰੇਵਾਂ ਨਹੀਂ ਹੈ। ਇਨ੍ਹਾਂ ਪ੍ਰਸਥਿਤੀਆਂ ਵਿੱਚ ਦਿਸ਼ਾ ਹੀਣ ਲੋਕਾਂ ਨੂੰ ਕਿਵੇਂ ਜ਼ਿੰਦਗੀ ਦੇ ਰਸਤੇ ਤੋਰਨਾ ਹੈ, ਇਹੀ ਲੋਕਪੱਖੀ ਸ਼ਕਤੀਆਂ ਹੋਣ ਦਾ ਦਾਅਵਾ ਕਰਨ ਵਾਲਿਆਂ ਅੱਗੇ ਗੰਭੀਰ ਚੁਣੌਤੀ ਹੈ। ਇਸ ਵਿਕਾਸ ਨੂੰ ਰੋਕਣ ਲਈ ਹੀ ਨਹੀਂ, ਸਗੋਂ ਇੱਕ ਨਵਾਂ ਤਕਨਾਲੋਜੀ ਆਧਾਰਿਤ ਅਤੇ ਵਾਤਾਵਰਣ-ਅਨੁਕੂਲ ਵਿਕਾਸ ਮਾਡਲ ਬਣਾਉਣ ਦੀ ਲੋੜ ਹੈ- ਜਿੱਥੇ ਖੇਤੀ ਨੂੰ ਬਚਾਇਆ ਜਾਵੇ, ਪਾਣੀ ਦੀ ਰਾਖੀ ਕੀਤੀ ਜਾਵੇ ਅਤੇ ਅਸਮਾਨਤਾ ਨੂੰ ਘਟਾਇਆ ਜਾਵੇ। ਨਹੀਂ ਤਾਂ ਇਹ ਤਰੱਕੀ ਨਾ ਸਿਰਫ਼ ਖੇਤਾਂ ਨੂੰ ਨਿਗਲ ਲਵੇਗੀ, ਸਗੋਂ ਸਾਡੀ ਪਛਾਣ ਅਤੇ ਜੀਵਨ ਢੰਗ ਨੂੰ ਵੀ ਖ਼ਤਮ ਕਰ ਦੇਵੇਗੀ।

ਅਖੀਰ ਵਿੱਚ ਇਸ ਆਪਣੇ ਇਸ ਸ਼ਿਅਰ ਨਾਲ ਆਗਿਆ ਦਿਓ:

ਤਰੱਕੀ ਦਾ ਇਹ ਕੈਸਾ ਦੌਰ
ਪਰਿੰਦੇ ਕਰ ਗਏ ਹਿਜਰਤ,
ਹਵਸ ਨੇ ਖਾ ਲਏ ਜੰਗਲ
ਕਿ ਚੁੰਗੀਆਂ ਹਰਨ ਨਹੀਂ ਭਰਦੇ।

# ਉਜੜਿਆ ਪਿੰਡ, ਸਾਂਝੇ ਸਰੋਤਾਂ ਤੇ ਆਮ ਲੋਕਾਂ ਦੀ ਤ੍ਰਾਸਦੀ

ਭੋਜਨ ਸਪਲਾਈ ‘ਮਾਲਥੁਸੀਅਨ ਟ੍ਰੈਪ’ ਨੂੰ ਕਦੀ ਵੀ ਸੁਰਜੀਤ ਕਰ ਸਕਦੀ ਹੈ।

ਹਾਰਡਿਨ ਨੇ ਸੰਯੁਕਤ ਰਾਸ਼ਟਰ ਦੇ ਵਿਚਾਰਾਂ ‘ਤੇ ਦੁੱਖ ਪ੍ਰਗਟ ਕੀਤਾ ਕਿ “ਪਰਿਵਾਰ ਦੇ ਆਕਾਰ ਦੇ ਸੰਬੰਧ ਵਿੱਚ ਕੋਈ ਵੀ ਫੈਸਲਾ ਅਟੱਲ ਤੌਰ ‘ਤੇ ਪਰਿਵਾਰ ਦੇ ਕੋਲ ਹੀ ਹੋਣਾ ਚਾਹੀਦਾ ਹੈ ਅਤੇ ਕਿਸੇ ਹੋਰ ਦੁਆਰਾ ਨਹੀਂ ਲਿਆ ਜਾ ਸਕਦਾ।” ਜ਼ਿਆਦਾ ਆਬਾਦੀ ਬਾਰੇ ਹਾਰਡਿਨ ਦੇ ਵਿਚਾਰ ਦੀ ਆਲੋਚਨਾ ਕੇਵਲ ਸਰਲ ਅਤੇ ਨਸਲਵਾਦੀ ਵਜੋਂ ਵੀ ਕੀਤੀ ਗਈ ਹੈ।

“ਆਮ ਸਰੋਤਾਂ ਅਤੇ ਲੋਕਾਂ ਦੀ ਤ੍ਰਾਸਦੀ” ਸ਼ਬਦ ਨੂੰ ‘ਵਾਤਾਵਰਣ ਵਿਗਿਆਨੀ ਗੈਰੇਟ ਹਾਰਡਿਨ’ ਨੇ 1968 ਵਿੱਚ ‘ਸਾਇੰਸ’ ਰਸਾਲੇ ਵਿੱਚ ਪ੍ਰਕਾਸ਼ਿਤ ਕਰ ਆਪਣੇ ਲੇਖ ਨੂੰ ਪ੍ਰਸਿੱਧ ਕੀਤਾ ਸੀ। ਹਾਰਡਿਨ ਨੇ ਇਸ ਵਿਚਾਰ ’ਤੇ ਜ਼ੋਰ ਦਿੱਤਾ ਕਿ ਜਦੋਂ ਕੋਈ ਸਰੋਤ ਜਿਵੇਂ ਕਿ ਚਰਾਗਾਹ, ਜੰਗਲ, ਮੱਛੀ ਪਾਲਣ, ਜਾਂ ਪਾਣੀ- ਸਾਰਿਆਂ ਲਈ ਖੁੱਲ੍ਹਾ ਹੁੰਦਾ ਹੈ, ਤਾਂ ਹਰੇਕ ਵਿਅਕਤੀ ਵੱਧ ਤੋਂ ਵੱਧ ਨਿੱਜੀ ਲਾਭ ਲੈਣ ਦੀ ਕੋਸ਼ਿਸ਼ ਕਰਦਾ ਹੈ। ਫਿਰ ਅਨਿਯੰਤ੍ਰਿਤ ਵਰਤੋਂ ਦਾ ਸਮੂਹਿਕ ਨਤੀਜਾ ਉਸੇ ਸਰੋਤ ਨੂੰ ਕਮੀ ਜਾਂ ਵਿਨਾਸ਼ ਵੱਲ ਲੈ ਜਾਂਦਾ ਹੈ। ਹਾਲਾਂਕਿ ਇਹ ਸੰਕਲਪ ਹਾਰਡਿਨ ਤੋਂ ਪਹਿਲਾਂ ਦਾ ਹੈ। “ਕਾਮਨਜ਼” ਸ਼ਬਦ ਮੱਧਯੁਗੀ ਇੰਗਲੈਂਡ ਦੇ ਸਾਂਝੇ ਚਰਾਗਾਹਾਂ ਨੂੰ ਦਰਸਾਉਂਦਾ ਹੈ, ਜਿੱਥੇ ਪਿੰਡ ਵਾਸੀ ਸਮੂਹਿਕ ਤੌਰ ’ਤੇ ਆਪਣੇ ਪਸ਼ੂ ਚਰਾਉਂਦੇ ਸਨ। ਜਿਵੇਂ-ਜਿਵੇਂ ਆਬਾਦੀ ਵਧਦੀ ਗਈ ਅਤੇ ਬਾਜ਼ਾਰ ਫੈਲਦੇ ਗਏ, ਜ਼ਿਆਦਾ ਚਰਾਉਣਾ ਅਤੇ ਸ਼ੋਸ਼ਣ ਆਮ ਸਮੱਸਿਆਵਾਂ ਬਣ ਗਏ, ਜੋ ਫਿਰਕੂ ਅਧਿਕਾਰਾਂ ਅਤੇ ਵਿਅਕਤੀਗਤ ਜ਼ਿੰਮੇਵਾਰੀ ਵਿਚਕਾਰ ਤਣਾਅ ਨੂੰ ਦਰਸਾਉਂਦੇ ਹਨ। ਹਾਰਡਿਨ ਨੇ ਇਸ ਇਤਿਹਾਸਕ ਉਦਾਹਰਣ ਦੀ ਵਰਤੋਂ ਆਧੁਨਿਕ ਸੰਕਟਾਂ ਜਿਵੇਂ ਕਿ ਜ਼ਿਆਦਾ ਆਬਾਦੀ, ਜੰਗਲਾਂ ਦੀ ਕਟਾਈ, ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ, ਜ਼ਿਆਦਾ ਮੱਛੀਆਂ ਫੜਨ ਆਦਿ ਦੀ ਵਿਆਖਿਆ ਕਰਨ ਲਈ ਕੀਤੀ।

### 2. “ਆਮ ਸਰੋਤਾਂ ਤੇ ਲੋਕਾਂ ਦੀ ਤ੍ਰਾਸਦੀ” ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵ

ਇਹ ਦੁਖਾਂਤ ਉੱਥੇ ਪ੍ਰਗਟ ਹੁੰਦਾ ਹੈ, ਜਿੱਥੇ ਜਨਤਕ ਜਾਂ ਸਾਂਝੀਆਂ ਵਸਤੂਆਂ ਵਿੱਚ ਨਿਯਮ ਜਾਂ ਨੈਤਿਕ ਸੰਜਮ ਦੀ ਘਾਟ ਹੁੰਦੀ ਹੈ। ਉਦਯੋਗਿਕ ਪ੍ਰਦੂਸ਼ਣ, ਭੂਮੀਗਤ ਪਾਣੀ ਦਾ ਜ਼ਿਆਦਾ ਸ਼ੋਸ਼ਣ, ਗਲੋਬਲ ਵਾਰਮਿੰਗ ਅਤੇ ਸਮੁੰਦਰੀ ਪਲਾਸਟਿਕ ਦਾ ਕੂੜਾ ਉਸੇ ਪ੍ਰਾਚੀਨ ਸਮੱਸਿਆ ਦੇ ਆਧੁਨਿਕ ਰੂਪ ਹਨ। ਮਾੜੇ ਪ੍ਰਭਾਵਾਂ ਦੀਆਂ ਕੁਝ ਉਦਾਹਰਣਾਂ ਹਨ:

♦ **ਵਾਤਾਵਰਣ ਪ੍ਰਭਾਵ:** ਜੰਗਲਾਂ, ਸਮੁੰਦਰ ਅਤੇ ਹਵਾ ਦੀ ਅਨਿਯੰਤ੍ਰਿਤ ਵਰਤੋਂ ਨੇ ਜੈਵ-ਵਿਭਿੰਨਤਾ ਦਾ ਨੁਕਸਾਨ, ਮਿੱਟੀ ਦਾ ਪਤਨ ਅਤੇ ਵਿਸ਼ਵਵਿਆਪੀ ਜਲਵਾਯੂ ਅਸੰਤੁਲਨ ਪੈਦਾ ਕੀਤਾ ਹੈ।

♦ ਹਰੇਕ ਉਪਭੋਗਤਾ, ਜਿਵੇਂ ਕਿ ਕੋਈ ਰਾਸ਼ਟਰ, ਕਾਰਪੋਰੇਸ਼ਨ, ਜਾਂ ਵਿਅਕਤੀ- ਜਦ ਆਪਣੇ ਹਿੱਤ ਵਿੱਚ ਤਰਕਸ਼ੀਲ ਤੌਰ ‘ਤੇ ਕੰਮ ਕਰਦਾ ਹੈ ਅਤੇ ਸਮੂਹਿਕ ਅਰਥਾਂ ਵਿੱਚ ਤਰਕਹੀਣ ਉਪਯੋਗ ਕਰਦਾ ਹੈ ਤਾਂ ਇਹ ਸਭ ਲੋਕਾਂ ਦੀ ਤ੍ਰਾਸਦੀ ਦਾ ਕਾਰਨ ਬਣ ਸਕਦਾ ਹੈ।

♦ **ਆਰਥਿਕ ਅਤੇ ਸਮਾਜਿਕ ਪ੍ਰਭਾਵ:** ਸਰੋਤਾਂ ਦੀ ਕਮੀ ਅਸਮਾਨਤਾ ਨੂੰ ਵਧਾਉਂਦੀ ਹੈ, ਅਮੀਰ ਲੋਕ ਸਥਾਨ ਬਦਲ ਸਕਦੇ ਹਨ ਜਾਂ ਨਵੀਨਤਾ ਕਰ ਸਕਦੇ ਹਨ, ਪਰ ਗਰੀਬਾਂ ਨੂੰ ਸਿੱਧਾ ਨੁਕਸਾਨ ਹੁੰਦਾ ਹੈ। ਮਿਸਾਲ ਵਜੋਂ ਜਦੋਂ ਮੱਛੀ ਪਾਲਣ ਢਹਿ ਜਾਂਦਾ ਹੈ ਜਾਂ ਖੇਤੀ ਵਾਲੀ ਜ਼ਮੀਨ ਬੰਜਰ ਹੋ ਜਾਂਦੀ ਹੈ, ਜਾਂ ਕੁਦਰਤੀ ਸਰੋਤਾਂ ਦੀ ਘਾਟ ਹੋ ਜਾਂਦੀ ਹੈ ਤਾਂ ਕੁਦਰਤੀ ਸਰੋਤਾਂ ‘ਤੇ ਨਿਰਭਰ ਭਾਈਚਾਰੇ ਆਪਣੀ ਰੋਜ਼ੀ-ਰੋਟੀ ਗੁਆ ਦਿੰਦੇ ਹਨ, ਜਿਸ ਨਾਲ ਭਾਈਚਾਰਿਆਂ ਦਾ ਪਰਵਾਸ ਅਤੇ ਸੱਭਿਆਚਾਰਕ ਅਸਥਿਰਤਾ ਪੈਦਾ ਹੋ ਜਾਂਦੀ ਹੈ।

♦ **ਨੈਤਿਕ ਪ੍ਰਭਾਵ:** ਸਾਂਝੇ ਸਰੋਤਾਂ ਦੀ ਕਮੀ ਦਾ ਦੁਖਾਂਤ ਨੈਤਿਕ ਪਤਨ ਨੂੰ ਵੀ ਉਜਾਗਰ ਕਰਦਾ ਹੈ। ਸਾਂਝੇ ਸਰੋਤਾਂ ਦਾ ਮਾੜਾ ਪ੍ਰਬੰਧ, ਗੈਰ-ਸੰਜਮੀ ਵਰਤੋਂ ਅਤੇ ਸਾਂਝੀ ਜ਼ਿੰਮੇਵਾਰੀ ਦੀ ਘਾਟ ਦਾ ਨੁਕਸਾਨ ਇਹ ਚੇਤਾਵਨੀ ਦਿੰਦਾ ਹੈ ਕਿ ਨੈਤਿਕ ਨਿਯੰਤਰਣ ਤੋਂ ਬਿਨਾ ਭੌਤਿਕ ਲਾਭ, ਅਧਿਆਤਮਿਕ ਅਤੇ ਸਮਾਜਿਕ ਖਾਲੀਪਣ ਵੱਲ ਇਸ਼ਾਰਾ ਕਰਦਾ ਹੈ।

*(ਬਾਕੀ ਅਗਲੇ ਅੰਕ ਵਿੱਚ ਪੜ੍ਹੋ)*

# *ਜ਼ਿੰਦਗੀ ਦੀਆਂ ਨੀਂਹਾਂ ‘ਤੇ ਅਦਿੱਖ ਹਮਲਾ*

**ਸਫਾ 8 ਦੀ ਬਾਕੀ...**

ਡੀ.ਐਨ.ਏ. ਦੀ ਰੱਖਿਆ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਸੰਤੁਲਿਤ ਖ਼ੁਰਾਕ ਅਤੇ ਸਾਫ਼ ਵਾਤਾਵਰਣ ਹੈ। ਤਾਜ਼ੇ ਫਲ, ਹਰੀਆਂ ਪੱਤੇਦਾਰ ਸਬਜ਼ੀਆਂ, ਅੰਕੁਰਿਤ ਅਨਾਜ ਅਤੇ ਦਾਲਾਂ ਸਰੀਰ ਨੂੰ ‘ਐਂਟੀਆਕਸੀਡੈਂਟ’ ਪ੍ਰਦਾਨ ਕਰਦੀਆਂ ਹਨ, ਜੋ ਡੀ.ਐਨ.ਏ. ਮੁਰੰਮਤ ਪ੍ਰਕਿਰਿਆ ਨੂੰ ਕਿਰਿਆਸ਼ੀਲ ਰੱਖਦੀਆਂ ਹਨ। ਇਸੇ ਤਰ੍ਹਾਂ ਆਂਵਲਾ, ਹਲਦੀ, ਗਰੀਨ ਟੀ, ਅਖਰੋਟ, ਬਦਾਮ ਅਤੇ ਬੇਰੀਆਂ ਦਾ ਨਿਯਮਤ ਸੇਵਨ ਸੈੱਲਾਂ ਦੀ ਰੱਖਿਆ ਵਿੱਚ ਮਦਦ ਕਰਦਾ ਹੈ। ਲੋੜੀਂਦੀ ਮਾਤਰਾ ਵਿੱਚ ਪਾਣੀ ਪੀਣਾ ਵੀ ਲਾਭਦਾਇਕ ਹੈ ਤਾਂ ਜੋ ਸਰੀਰ ਵਿੱਚੋਂ ਨੁਕਸਾਨਦੇਹ ਰਸਾਇਣਾਂ ਨੂੰ ਆਸਾਨੀ ਨਾਲ ਖਤਮ ਕੀਤਾ ਜਾ ਸਕੇ। ਸਿਹਤਮੰਦ ਜੀਵਨ ਸ਼ੈਲੀ ਵਿੱਚ ‘ਡੀ.ਐਨ.ਏ. ਸੁਰੱਖਿਆ’ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਰੋਜ਼ਾਨਾ ਸੱਤ ਤੋਂ ਅੱਠ ਘੰਟੇ ਦੀ ਨੀਂਦ ਕੁਦਰਤੀ ਡੀ.ਐਨ.ਏ. ਮੁਰੰਮਤ ਪ੍ਰਣਾਲੀ ਨੂੰ ਕਿਰਿਆਸ਼ੀਲ ਰੱਖਦੀ ਹੈ। ਯੋਗਾ, ਧਿਆਨ ਅਤੇ ਹਲਕੀ ਕਸਰਤ ਤਣਾਅ ਨੂੰ ਪ੍ਰਬੰਧਨ ਕਰਨ ਤੇ ਸਰੀਰ ਦੀ ਇਮਿਊਨ ਸਿਸਟਮ ਨੂੰ ਮਜਬੂਤ ਕਰਨ ਵਿੱਚ ਮਦਦ ਕਰਦੀ ਹੈ। ਨਿਯਮਤ ਸਰੀਰਕ ਗਤੀਵਿਧੀ, ਜਿਵੇਂ ਕਿ ਤੁਰਨਾ, ਦੌੜਨਾ ਜਾਂ ਸਾਈਕਲਿੰਗ ਆਦਿ ਕਿਰਿਆ ਸੈੱਲਾਂ ਨੂੰ ਲੋੜੀਂਦੀ ਆਕਸੀਜਨ ਪ੍ਰਦਾਨ ਕਰਦੀ ਹੈ ਅਤੇ ਉਨ੍ਹਾਂ ਨੂੰ ਸਿਹਤਮੰਦ ਰੱਖਦੀ ਹੈ।

ਟੀਕਾਕਰਨ ਨੂੰ ਕੁਝ ਬਿਮਾਰੀਆਂ ਨੂੰ ਰੋਕਣ ਦਾ ਇੱਕ ਆਧੁਨਿਕ ਅਤੇ ਵਿਗਿਆਨਕ ਤਰੀਕਾ ਮੰਨਿਆ ਜਾਂਦਾ ਹੈ। ਐਚ.ਪੀ.ਵੀ. ਅਤੇ ਹੈਪੇਟਾਈਟਸ ਬੀ ਟੀਕੇ ਕੈਂਸਰ ਦੇ ਜੋਖਮ ਨੂੰ ਘਟਾਉਣ ਲਈ ਸਾਬਤ ਹੋਏ ਹਨ। ਇਸ ਤੋਂ ਇਲਾਵਾ ਦੁਪਹਿਰ ਦੀ ਤੇਜ਼ ਧੁੱਪ ਤੋਂ ਜਿੰਨਾ ਸੰਭਵ ਹੋ ਸਕੇ, ਬਚਣਾ ਇੱਕ ਚੰਗਾ ਵਿਚਾਰ ਹੈ। ਡੀ.ਐਨ.ਏ. ਦੀ ਰੱਖਿਆ ਲਈ ਕਿਸੇ ਤਰ੍ਹਾਂ ਦੀ ਸਮੋਕਿੰਗ ਅਤੇ ਸ਼ਰਾਬ ਤੋਂ ਪਰਹੇਜ਼ ਕਰਨਾ ਵੀ ਅਹਿਮ ਉਪਾਅ ਹਨ। ਦੁਨੀਆ ਭਰ ਦੇ ਵਿਗਿਆਨੀ ਡੀ.ਐਨ.ਏ. ਦੀ ਰੱਖਿਆ ਅਤੇ ਮੁਰੰਮਤ ਲਈ ਕੰਮ ਕਰ ਰਹੇ ਹਨ, ਪਰ ਜਦੋਂ ਤੱਕ ਇਹ ਖੋਜਾਂ ਰੋਜ਼ਾਨਾ ਜੀਵਨ ਦਾ ਹਿੱਸਾ ਨਹੀਂ ਬਣ ਜਾਂਦੀਆਂ ਅਤੇ ਜਦੋਂ ਤੱਕ ਆਮ ਲੋਕ ਇਨ੍ਹਾਂ ਨੂੰ ਆਪਣੀ ਜੀਵਨ ਸ਼ੈਲੀ, ਆਦਤਾਂ ਅਤੇ ਵਾਤਾਵਰਣ ਵਿੱਚ ਸ਼ਾਮਲ ਨਹੀਂ ਕਰ ਸਕਦੇ, ਉਦੋਂ ਤੱਕ ਸਾਡੀ ਇਨ੍ਹਾਂ ਤੱਕ ਸਕਾਰਾਤਮਕ ਪਹੁੰਚ ਨਹੀਂ ਹੋਵੇਗੀ। ਸਾਨੂੰ ਆਪਣੇ ਡੀ.ਐਨ.ਏ. ਵਿੱਚ ਬਦਲਾਅ ਕਰਕੇ ਇਸਦੀ ਰੱਖਿਆ ਕਰਨ ਲਈ ਸੁਚੇਤ ਰਹਿਣਾ ਚਾਹੀਦਾ ਹੈ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਸਾਡੇ ਜੀਵਨ ਦਾ ਪੂਰਾ ਬਲੂਪ੍ਰਿੰਟ ਡੀ.ਐਨ.ਏ. ਵਿੱਚ ਦਰਜ ਹੈ। ਜੇਕਰ ਇਹ ਸੁਰੱਖਿਅਤ ਅਤੇ ਸੰਤੁਲਿਤ ਹੈ, ਤਾਂ ਨਾ ਸਿਰਫ਼ ਸਾਡੀ ਜ਼ਿੰਦਗੀ ਖ਼ੁਸ਼ਹਾਲ, ਮਜਬੂਤ ਅਤੇ ਸਿਹਤਮੰਦ ਹੋਵੇਗੀ, ਸਗੋਂ ਸਾਡਾ ਭਵਿੱਖ ਵੀ ਖ਼ੁਸ਼ਹਾਲ, ਮਜਬੂਤ ਅਤੇ ਸਿਹਤਮੰਦ ਹੋਵੇਗਾ। ਇਸ ਲਈ ਸਾਨੂੰ ਇਨ੍ਹਾਂ ਅਦਿੱਖ ਹਮਲਿਆਂ ਪ੍ਰਤੀ ਵੱਧ ਤੋਂ ਵੱਧ ਜਾਗਰੂਕ ਹੋਣ ਦੀ ਲੋੜ ਹੈ ਅਤੇ ਆਪਣੇ ਡੀ.ਐਨ.ਏ. ਦੀ ਰੱਖਿਆ ਨੂੰ ਇੱਕ ਪ੍ਰਮੁੱਖ ਤਰਜੀਹ ਬਣਾਉਣ ਦੀ ਲੋੜ ਹੈ, ਕਿਉਂਕਿ ਇੱਕ ਸੁਰੱਖਿਅਤ ਡੀ.ਐਨ.ਏ. ਇੱਕ ਸੁਰੱਖਿਅਤ ਜੀਵਨ ਦੀ ਨੀਂਹ ਹੈ ਅਤੇ ਇਸਦੀ ਨਿਰੰਤਰ ਤਾਕਤ ਬਹੁਤ ਜ਼ਰੂਰੀ ਹੈ।

# ਸੱਚ, ਨਿਡਰਤਾ ਤੇ ਕੁਰਬਾਨੀ ਦੇ ਪ੍ਰਤੀਕ ਗੁਰੂ ਤੇਗ਼ ਬਹਾਦਰ

**ਗੁਰੂ ਤੇਗ਼ ਬਹਾਦਰ ਜੀ ਸਿੱਖ ਇਤਿਹਾਸ ਦੀ ਉਹ ਮਹਾਨ ਸ਼ਖਸੀਅਤ ਹਨ, ਜਿਨ੍ਹਾਂ ਨੇ ਮਨੁੱਖੀ ਹੱਕਾਂ ਅਤੇ ਧਰਮ ਦੀ ਆਜ਼ਾਦੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਉਨ੍ਹਾਂ ਦਾ ਜੀਵਨ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਲਈ ਪ੍ਰੇਰਣਾਦਾਇਕ ਹੈ। ਗੁਰੂ ਜੀ ਦਾ ਜਨਮ 1 ਅਪ੍ਰੈਲ 1621 ਨੂੰ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਜੀ ਦੇ ਘਰ ਹੋਇਆ। ਉਹ ਬਾਲ ਅਵਸਥਾ ਤੋਂ ਹੀ ਸ਼ਾਂਤ, ਧਿਆਨ-ਮਗਨ ਅਤੇ ਗਹਿਰੇ ਚਿੰਤਨ ਵਾਲੇ ਸੁਭਾਅ ਦੇ ਮਾਲਿਕ ਸਨ। ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਸਾਨੂੰ ਨਾਮ ਸਿਮਰਨ, ਨਿਰਵੈਰਤਾ, ਨਿਡਰਤਾ ਤੇ ਸਰਬ ਸਾਂਝੀ ਸੇਵਾ ਦੀਆਂ ਅਮੋਲ ਸਿੱਖਿਆਵਾਂ ਦੀ ਦੱਸ ਪਾਉਂਦਾ ਹੈ।**

ਵਿਸ਼ੇਸ਼

ਡਾ. ਦਵਿੰਦਰ ਪਾਲ ਸਿੰਘ, ਕੈਨੇਡਾ
Email: drdpsn@hotmail.com





## ਗੁਰੂ ਜੀ ਦੀ ਵਿਰਾਸਤ-ਅੱਜ ਦੇ ਸੰਦਰਭ ਵਿੱਚ

ਅੱਜ ਦੇ ਸਮੇਂ ਵਿੱਚ ਜਦੋਂ ਮਨੁੱਖਤਾ ਫਿਰ ਹਿੰਸਾ, ਅਸਹਿਨਸ਼ੀਲਤਾ ਅਤੇ ਅਨਿਆਏ ਦੇ ਸੰਘਰਸ਼ ਵਿੱਚ ਲਿਪਤ ਹੈ, ਗੁਰੂ ਤੇਗ਼ ਬਹਾਦਰ ਜੀ ਦੀ ਸਿੱਖਿਆ ਹੋਰ ਵੀ ਪ੍ਰਸੰਗਿਕ ਹੋ ਗਈ ਹੈ। ਉਹ ਸਾਨੂੰ ਸਿਖਾਉਂਦੇ ਹਨ ਕਿ ਆਤਮਿਕ ਜੀਵਨ, ਨੈਤਿਕਤਾ, ਸੱਚਾਈ ਅਤੇ ਦਇਆ ਹੀ ਮਨੁੱਖਤਾ ਦੀ ਅਸਲੀ ਧਰੋਹਰ ਹੈ। ਧਰਮ ਦਾ ਮਤਲਬ ਕਿਸੇ ਮਜ਼ਹਬ ਨੂੰ ਉੱਚਾ ਜਾਂ ਨੀਵਾਂ ਦਿਖਾਉਣਾ ਨਹੀਂ, ਸਗੋਂ ਸਾਰੇ ਧਰਮਾਂ ਦਾ ਆਦਰ ਕਰਨਾ ਹੈ। ਉਨ੍ਹਾਂ ਦੀ ਕੁਰਬਾਨੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਮਨੁੱਖਤਾ ਦੀ ਰੱਖਿਆ ਲਈ ਕਈ ਵਾਰ ਆਪਣੇ ਸੁਖ-ਚੈਨ ਦਾ ਤਿਆਗ ਕਰਨਾ ਪੈਂਦਾ ਹੈ। ਉਨ੍ਹਾਂ ਦੀ ਬਾਣੀ ਦਾ ਕੇਂਦਰੀ ਧੁਰਾ ਹੈ: ਨਿਡਰ ਜੀਵਨ, ਸੱਚ ਦੀ ਰਾਹ 'ਤੇ ਚਲਣਾ ਅਤੇ ਰੱਬ ਨਾਲ ਪਿਆਰ।

ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਮਨੁੱਖੀ ਆਦਰਸ਼ਾਂ ਦਾ ਪ੍ਰਤੀਕ ਹੈ। ਉਨ੍ਹਾਂ ਦੀ ਸਿੱਖਿਆ ਧਰਮਾਂ ਤੋਂ ਉੱਪਰ ਉਠ ਕੇ ਸਾਰਿਆਂ ਲਈ ਰੌਸ਼ਨੀ ਦਾ ਚਾਨਣ ਮੁਨਾਰਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਵਿਰਾਸਤ ਸਾਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ: ਸੱਚ ਬੋਲਣ, ਨਿਡਰ ਜੀਵਨ ਜਿਊਣ ਅਤੇ ਸਭ ਨਾਲ ਪ੍ਰੇਮ ਕਰਨ ਲਈ। ਉਨ੍ਹਾਂ ਦਾ ਜੀਵਨ ਅਮਰ ਹੈ, ਉਨ੍ਹਾਂ ਦੀ ਬਾਣੀ ਅਵਿਨਾਸ਼ੀ ਹੈ, ਤੇ ਉਨ੍ਹਾਂ ਦੀ ਕੁਰਬਾਨੀ ਮਨੁੱਖਤਾ ਨੂੰ ਉੱਚਾ ਕਰਨ ਵਾਲੀ ਸਦੀਵੀ ਪ੍ਰੇਰਨਾ ਹੈ।

**350 ਸਾਲਾ ਸ਼ਤਾਬਦੀ ਨੂੰ ਸਮਰਪਿਤ**

### ਨਾਮ ਸਿਮਰਨ ਅਤੇ ਪ੍ਰਭੂ-ਪਿਆਰ

ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖੀ ਜੀਵਨ ਦਾ ਕੇਂਦਰ 'ਨਾਮ ਸਿਮਰਨ' ਨੂੰ ਦੱਸਿਆ ਹੈ। ਧਿਆਨ ਤੇ ਨਾਮ ਸਿਮਰਨ ਗੁਰੂ ਜੀ ਲਈ ਕੇਵਲ ਧਾਰਮਿਕ ਕਿਰਿਆ ਨਹੀਂ ਸੀ, ਸਗੋਂ ਮਨੁੱਖੀ ਮਨ ਨੂੰ ਵਿਸ਼ਾਲਤਾ, ਦਇਆ ਤੇ ਅਹੰਕਾਰ-ਮੁਕਤੀ ਵੱਲ ਲਿਜਾਣ ਵਾਲਾ ਮਾਰਗ ਸੀ। ਉਨ੍ਹਾਂ ਦਾ ਫੁਰਮਾਨ ਹੈ ਕਿ ਜੋ ਮਨੁੱਖ ਅਹੰਕਾਰ, ਮੋਹ ਤੇ ਮਾਇਆ ਤਿਆਗ ਕੇ ਆਪਣੇ ਮਨ ਨੂੰ ਪ੍ਰਭੂ ਦੇ ਨਾਮ ਸਿਮਰਨ ਨਾਲ ਜੋੜ ਲੈਂਦਾ ਹੈ, ਉਸ ਦਾ ਚਿੱਤ ਸਾਫ ਅਤੇ ਸ਼ਾਂਤ ਹੋ ਜਾਂਦਾ ਹੈ। ਗੁਰੂ ਜੀ ਦਾ ਕਥਨ ਹੈ:

ਤਜਿ ਅਭਿਮਾਨ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ॥ (ਪੰਨਾ 219)

ਗੁਰੂ ਤੇਗ ਬਹਾਦਰ ਜੀ ਦਾ ਇਹ ਉਪਦੇਸ਼ ਮਨੁੱਖੀ ਜੀਵਨ ਦੀ ਦਿਸ਼ਾ ਤੈਅ ਕਰਦਾ ਹੈ। ਗੁਰੂ ਜੀ ਦਾ ਉਪਦੇਸ਼ ਸਾਫ ਹੈ- ਪਹਿਲਾਂ ਮਨੁੱਖ ਨੂੰ ਆਪਣੀ ਅੰਦਰਲੀ ਮਲੀਨਤਾ, ਹੰਕਾਰ, ਮੋਹ ਤੇ ਮਾਇਆ ਨੂੰ ਦੂਰ ਕਰਨਾ ਚਾਹੀਦਾ ਹੈ। ਫਿਰ ਉਸ ਖਾਲੀ ਚਿੱਤ ਨੂੰ ਪਰਮਾਤਮਾ ਦੇ ਨਾਮ ਨਾਲ ਭਰਨਾ ਚਾਹੀਦਾ ਹੈ। ਜਦ ਚਿੱਤ ਨਾਮ ਵਿੱਚ ਲੀਨ ਹੋ ਜਾਂਦਾ ਹੈ, ਤਦ ਜੀਵਨ ਵਿੱਚ ਅਸਲੀ ਸ਼ਾਂਤੀ, ਗਿਆਨ ਅਤੇ ਅਮਰਤਾ ਪ੍ਰਗਟ ਹੁੰਦੀ ਹੈ।

### ਨਿਡਰਤਾ ਤੇ ਸੱਚਾਈ ਲਈ ਕੁਰਬਾਨੀ

ਗੁਰੂ ਤੇਗ਼ ਬਹਾਦਰ ਜੀ ਦੀ ਸਭ ਤੋਂ ਮਹੱਤਵਪੂਰਨ ਸਿੱਖਿਆ ਹੈ- ਸੱਚ ਤੇ ਮਨੁੱਖੀ ਹੱਕਾਂ ਲਈ ਕੁਰਬਾਨੀ। ਜਦੋਂ ਔਰੰਗਜ਼ੇਬ ਦੇ ਜ਼ੁਲਮ ਹੇਠ ਹਿੰਦੂਆਂ ਨੂੰ ਜਬਰਦਸਤੀ ਇਸਲਾਮ ਕਬੂਲ ਕਰਵਾਇਆ ਜਾ ਰਿਹਾ ਸੀ, ਤਦ ਕਸ਼ਮੀਰੀ ਪੰਡਿਤ ਗੁਰੂ ਜੀ ਕੋਲ ਸਹਾਇਤਾ ਲਈ ਆਏ। ਗੁਰੂ ਜੀ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੇ ਜੀਵਨ ਦੀ ਕੁਰਬਾਨੀ ਦੇਣ ਦਾ ਫੈਸਲਾ ਕੀਤਾ। ਉਨ੍ਹਾਂ ਦਾ ਕਥਨ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥
(ਪੰਨਾ 1427)

ਗੁਰੂ ਜੀ ਦੱਸਦੇ ਹਨ ਕਿ ਜੋ ਮਨੁੱਖ ਸੱਚੇ ਗਿਆਨ ਨਾਲ ਭਰਪੂਰ ਹੈ, ਉਹ ਕਿਸੇ ਉੱਤੇ ਜ਼ੁਲਮ ਨਹੀਂ ਕਰਦਾ, ਕਿਸੇ ਨੂੰ ਡਰਾਉਂਦਾ ਨਹੀਂ। ਉਸ ਦੇ ਅੰਦਰ ਨਾ ਹੰਕਾਰ ਹੈ, ਨਾ ਹੀ ਸੱਤਾ ਦਾ ਮਾਣ। ਗੁਰੂ ਜੀ ਸਾਨੂੰ ਸਿਖਾਉਂਦੇ ਹਨ ਕਿ ਜਦ ਤਕ ਅਸੀਂ ਕਿਸੇ ਤੋਂ ਡਰਦੇ ਰਹਿੰਦੇ ਹਾਂ, ਅਸੀਂ ਮਾਇਆ ਦੇ ਵੱਸ ਵਿੱਚ ਹਾਂ; ਅਤੇ ਜਦ ਤਕ ਅਸੀਂ ਕਿਸੇ ਨੂੰ ਡਰਾਉਂਦੇ ਹਾਂ, ਅਸੀਂ ਅਹੰਕਾਰ ਦੇ ਗੁਲਾਮ ਹਾਂ। ਇਹ ਦੋਵੇਂ ਹਾਲਤਾਂ ਵਿੱਚ ਮਨੁੱਖੀ ਆਤਮਾ ਅਸਲੀ ਆਜ਼ਾਦੀ ਹਾਸਲ ਨਹੀਂ ਕਰ ਸਕਦੀ।

ਅੱਜ ਦੇ ਸਮਾਜ ਵਿੱਚ ਜਿੱਥੇ ਡਰ, ਹਿੰਸਾ ਅਤੇ ਸੱਤਾ ਦਾ ਦਬਾਅ ਹਰ ਪਾਸੇ ਹੈ, ਇਹ ਗੁਰੂ ਬਾਣੀ ਸਾਨੂੰ ਸਿਖਾਉਂਦੀ ਹੈ ਕਿ ਅਸਲੀ ਧਰਮ ਅਤੇ ਗਿਆਨ ਦਾ ਮਤਲਬ ਹੈ- ਨਿਰਭਉ ਹੋ ਕੇ ਸੱਚ ਦੇ ਪੱਖ ਵਿੱਚ ਖੜ੍ਹਾ ਰਹਿਣਾ, ਤੇ ਨਾਲ ਹੀ ਕਿਸੇ ਹੋਰ ਜੀਵ ਨੂੰ ਡਰਾਉਣ ਜਾਂ ਦੁੱਖ ਪਹੁੰਚਾਉਣ ਤੋਂ ਬਚਣਾ।

ਗੁਰੂ ਤੇਗ ਬਹਾਦੁਰ ਜੀ ਦੀ ਕੁਰਬਾਨੀ ਇਸੇ ਸਿਧਾਂਤ ਦੀ ਪੁਸ਼ਟੀ ਦਾ ਪ੍ਰਤੀਕ ਹੈ। ਉਨ੍ਹਾਂ ਦੀ ਇਹ ਕੁਰਬਾਨੀ ਸਿਰਫ਼ ਧਾਰਮਿਕ ਆਜ਼ਾਦੀ ਲਈ ਨਹੀਂ ਸੀ, ਸਗੋਂ ਮਨੁੱਖਤਾ ਦੇ ਮੂਲ ਸਿਧਾਂਤਾਂ- ਸੁਤੰਤਰ ਵਿਚਾਰ, ਧਾਰਮਿਕ ਅਧਿਕਾਰ ਅਤੇ ਅੰਤਰਾਤਮਾ ਦੀ ਆਜ਼ਾਦੀ ਦੀ ਰੱਖਿਆ ਲਈ ਸੀ। ਉਹ ਇਸ ਧਰਤੀ ਦੇ ਪਹਿਲੇ ਸ਼ਹੀਦ ਹਨ, ਜਿਨ੍ਹਾਂ ਨੇ ਆਪਣੇ ਧਰਮ ਲਈ ਨਹੀਂ, ਪਰ ਦੂਜੇ ਦੇ ਧਰਮ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

### ਸਰਬੱਤ ਦਾ ਭਲਾ: ਸਮਾਨਤਾ ਦੀ ਸਿੱਖਿਆ

ਗੁਰੂ ਜੀ ਦੀ ਬਾਣੀ ਮਨੁੱਖੀ ਏਕਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਸਿਖਾਇਆ ਕਿ ਰੱਬ ਇੱਕ ਹੈ, ਪਰ ਮਨੁੱਖ ਨੇ ਉਸ ਨੂੰ ਧਰਮਾਂ ਅਤੇ ਜਾਤਾਂ ਵਿੱਚ ਵੰਡ ਦਿੱਤਾ ਹੈ। ਉਹ ਫੁਰਮਾਉਂਦੇ ਹਨ:

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
(ਪੰਨਾ 1427)

ਇਹ ਬਾਣੀ ਦਾ ਕੇਂਦਰੀ ਸੁਨੇਹਾ ਹੈ- ਰੱਬ ਕਿਸੇ ਇੱਕ ਥਾਂ, ਮੰਦਰ, ਮਸਜਿਦ ਜਾਂ ਧਰਮ ਤਕ ਸੀਮਤ ਨਹੀਂ। ਉਹ ਤਾਂ ਹਰ ਘਟ (ਸਰੀਰ), ਹਰ ਪ੍ਰਾਣੀ, ਹਰ ਅੰਸ਼ ਵਿੱਚ ਵੱਸਦਾ ਹੈ। ਇਹ ਵਿਚਾਰ ਮਨੁੱਖ ਨੂੰ ਸਿਖਾਉਂਦੀ ਹੈ ਕਿ ਜਦ ਰੱਬ ਸਭ ਅੰਦਰ ਵੱਸਦਾ ਹੈ, ਤਾਂ ਕਿਸੇ ਨਾਲ ਘ੍ਰਿਣਾ ਕਰਨਾ, ਕਿਸੇ ਨੂੰ ਦੁੱਖ ਦੇਣਾ ਰੱਬ ਨਾਲ ਵਿਸਾਹਘਾਤ ਕਰਨ ਦੇ ਬਰਾਬਰ ਹੈ। ਇਸ ਤਰ੍ਹਾਂ ਇਸ ਸ਼ਲੋਕ ਵਿੱਚ ਗੁਰੂ ਜੀ ਨੇ ਮਨੁੱਖਤਾ ਦੇ ਸਮਾਨਤਾ ਦਾ ਸਦਾ-ਥਿਰ ਸੰਦੇਸ਼ ਦਿੱਤਾ। ਜਿਹੜਾ ਮਨੁੱਖ ਸੱਚਾ ਹੈ, ਉਹ ਰੱਬ ਦੇ ਨੇੜੇ ਹੈ, ਚਾਹੇ ਉਸ ਦਾ ਧਰਮ ਜਾਂ ਜਾਤ ਜੋ ਮਰਜ਼ੀ ਹੋਵੇ।

### ਸੰਸਾਰੀ ਤਿਆਗ ਅਤੇ ਅਸਲੀ ਧਨ ਦੀ ਪਹਿਚਾਣ

ਗੁਰੂ ਤੇਗ਼ ਬਹਾਦਰ ਜੀ ਨੇ ਜੀਵਨ ਦੀ ਅਸਥਿਰਤਾ ਤੇ ਮੋਹ ਮਾਇਆ ਦੇ ਜੰਜਾਲ ਨੂੰ ਬਾਖੂਬੀ ਸਮਝਾਇਆ ਹੈ। ਉਹ ਫੁਰਮਾਉਂਦੇ ਹਨ ਕਿ ਧਨ-ਦੌਲਤ ਤੇ ਅਹੰਕਾਰ ਅਸਥਾਈ ਹਨ, ਆਤਮਿਕ ਗਿਆਨ ਹੀ ਸੱਚਾ ਧੰਨ ਹੈ। ਗੁਰੂ ਜੀ ਦਾ ਕਥਨ ਹੈ:

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥
ਜਨ ਨਾਨਕ ਜਗੁ ਜਾਨਿਓ ਮਿਥਿਆ
ਰਹਿਓ ਰਾਮ ਸਰਨਾਈ॥ (ਪੰਨਾ 219)

ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਜਗਤ ਵਿੱਚ ਜੋ ਕੁਝ ਸਾਡੀਆਂ ਅੱਖਾਂ ਨੂੰ ਦਿੱਸਦਾ ਹੈ- ਧਨ, ਮਕਾਨ, ਰੂਪ, ਸ਼ਕਤੀ, ਰਾਜ, ਪਰਿਵਾਰ -ਇਹ ਸਭ ਇੱਕ ਦਿਨ ਨਾਸ ਹੋ ਜਾਣ ਵਾਲੇ ਹਨ। ਸੰਸਾਰ ਮਿਥਿਆ ਇਸ ਲਈ ਹੈ, ਕਿਉਂਕਿ ਇਹ ਸਦਾ ਇਕੋ ਜਿਹਾ ਨਹੀਂ ਰਹਿੰਦਾ। ਅੱਜ ਜੋ ਹੈ, ਕੱਲ ਨਹੀਂ ਹੋਵੇਗਾ। ਗੁਰੂ ਜੀ ਦਾ ਕਥਨ ਹੈ ਕਿ ਅਸਥਿਰ ਜਗਤ ਵਿੱਚ ਸਥਿਰਤਾ ਸਿਰਫ ਨਾਮ ਵਿੱਚ ਹੈ। ਅਸਲੀ ਟਿਕਾਅ, ਸੱਚਾ ਆਰਾਮ ਤੇ ਅਮਰਤਾ, ਸਿਰਫ ਪਰਮਾਤਮਾ ਦੀ ਸ਼ਰਨ ਵਿੱਚ ਹੈ। ਉਸੇ ਦੀ ਯਾਦ ਹੀ ਜੀਵਨ ਦਾ ਸੱਚਾ ਆਧਾਰ ਹੈ।

### ਸਬਰ ਤੇ ਸਹਿਜਤਾ ਭਰਪੂਰ ਜੀਵਨ

ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਅਤਿ ਸਬਰ ਤੇ ਸਹਿਜਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਈ ਮੁਸ਼ਕਲਾਂ ਦੇ ਬਾਵਜੂਦ ਕਦੇ ਸਬਰ ਅਤੇ ਸਹਿਜਤਾ ਦਾ ਪੱਲਾ ਨਹੀਂ ਛੱਡਿਆ, ਨਾ ਹੀ ਆਪਣੇ ਵਿਰੋਧੀਆਂ ਲਈ ਬਦਲਾ ਲੈਣ ਦੀ ਭਾਵਨਾ ਰੱਖੀ। ਜਦ ਉਹ ਗ੍ਰਿਫ਼ਤਾਰ ਕੀਤੇ ਗਏ, ਤਦ ਵੀ ਉਹ ਸ਼ਾਂਤ ਰਹੇ। ਇਹ ਅੰਦਰਲੀ ਸ਼ਕਤੀ ਉਨ੍ਹਾਂ ਦੇ ਗਹਿਰੇ ਧਿਆਨ ਤੇ ਆਤਮਕ ਉੱਚਤਾ ਦਾ ਨਤੀਜਾ ਸੀ। ਉਨ੍ਹਾਂ ਦਾ ਇਹ ਸੁਘੜ ਸੁਭਾਅ ਸਾਨੂੰ ਸਿਖਾਉਂਦਾ ਹੈ ਕਿ ਅਸਲੀ ਸ਼ਕਤੀ ਅੰਦਰਲੇ ਸਹਿਜ ਤੇ ਆਤਮਿਕ ਵਿਸ਼ਵਾਸ ਵਿੱਚ ਹੈ।

### ਪਰਿਵਾਰ ਤੇ ਸਮਾਜ ਲਈ ਸੇਵਾ ਦੀ ਪ੍ਰੇਰਣਾ

ਗੁਰੂ ਤੇਗ਼ ਬਹਾਦਰ ਜੀ ਨੇ ਚੱਕ ਨਾਨਕੀ (ਜੋ ਬਾਅਦ ਵਿੱਚ ਆਨੰਦਪੁਰ ਸਾਹਿਬ ਦੇ ਨਾਮ ਨਾਲ ਮਸ਼ਹੂਰ ਹੋਇਆ) ਦੀ ਸਥਾਪਨਾ ਕੀਤੀ, ਜੋ ਇੱਕ ਸ਼ਾਂਤ, ਧਾਰਮਿਕ ਅਤੇ ਸਿੱਖਿਆ ਦੇ ਕੇਂਦਰ ਵਜੋਂ ਪ੍ਰਫੁਲਿਤ ਹੋਇਆ। ਉਨ੍ਹਾਂ ਨੇ ਕਈ ਲੋੜਵੰਦਾਂ ਦੀ ਸਹਾਇਤਾ ਕੀਤੀ ਅਤੇ ਲੋਕਾਂ ਨੂੰ ਸਿੱਖਿਆ, ਦਾਨ ਤੇ ਸੇਵਾ ਦਾ ਪਾਠ ਪੜ੍ਹਾਇਆ। ਉਨ੍ਹਾਂ ਦੀ ਪਤਨੀ ਮਾਤਾ ਗੁਜਰੀ ਜੀ ਤੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਦਾ ਜੀਵਨ ਆਦਰਸ਼ ਪਰਿਵਾਰਕ ਮੁੱਲਾਂ ਦਾ ਪ੍ਰਤੀਕ ਸੀ। ਗੁਰੂ ਜੀ ਨੇ ਸਿਖਾਇਆ ਕਿ ਸੇਵਾ ਸਿਰਫ਼ ਧਾਰਮਿਕ ਨਹੀਂ, ਮਨੁੱਖੀ ਜ਼ਿੰਮੇਵਾਰੀ ਵੀ ਹੈ।

### ਸ਼ਹੀਦੀ:ਮਨੁੱਖਤਾ ਦੀ ਸੁਰੱਖਿਆ ਦਾ ਸੁਨੇਹਾ

ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਵਿੱਚ ਧਰਮ ਪਰਿਵਰਤਨ ਕਰਨ ਲਈ ਮਜਬੂਰ ਕੀਤਾ, ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ ਬਹਾਦਰ ਜੀ ਕੋਲ ਆ ਕੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੀ ਰੱਖਿਆ ਕਰਨ। ਗੁਰੂ ਜੀ ਨੇ ਇਹ ਫੁਰਮਾਇਆ ਕਿ ਜੇ ਕੋਈ ਧਰਮ ਦਾ ਮਹਾਨ ਆਗੂ ਆਪਣੀ ਜਾਨ ਕੁਰਬਾਨ ਕਰੇ, ਤਾਂ ਲੱਖਾਂ ਲੋਕਾਂ ਦੀ ਆਜ਼ਾਦੀ ਬਚ ਸਕਦੀ ਹੈ।

11 ਨਵੰਬਰ 1675 ਨੂੰ ਗੁਰੂ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਬੇਸ਼ਕ ਉਨ੍ਹਾਂ ਦਾ ਸਿਰ ਕੱਟਿਆ ਗਿਆ, ਪਰ ਉਨ੍ਹਾਂ ਆਪਣਾ ਸਿਰ ਝੁਕਾਇਆ ਨਹੀਂ। ਉਨ੍ਹਾਂ ਦੀ ਸ਼ਹੀਦੀ ਨਾਲ ਦੇਸ਼ ਭਰ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਲਈ ਜਾਗ੍ਰਿਤੀ ਦੀ ਨਵੀਂ ਲਹਿਰ ਜਾਗ ਪਈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੀ ਯਾਦ ਵਿੱਚ ਫੁਰਮਾਇਆ: "ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮਹਿ ਸਾਕਾ। (ਬਚਿੱਤਰ ਨਾਟਕ)"

ਗੁਰੂ ਤੇਗ ਬਹਾਦਰ ਜੀ ਨੂੰ ਪਰਮਾਤਮਾ ਨੇ ਤਿਲਕ ਤੇ ਜਨੇਊ ਦੀ ਰਾਖੀ ਲਈ ਚੁਣਿਆ; ਅਰਥਾਤ ਧਰਮ, ਅਧਿਆਤਮ ਤੇ ਮਨੁੱਖਤਾ ਦੀ ਰੱਖਿਆ ਲਈ। ਕਲਿਯੁਗ ਵਿੱਚ ਜਦੋਂ ਧਰਮ ਦੀ ਲਾਜ ਖਤਰੇ ਵਿੱਚ ਸੀ, ਤਦ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕਰਕੇ ਸਾਰੀ ਮਨੁੱਖਤਾ ਨੂੰ ਧਰਮ ਦੀ ਆਜ਼ਾਦੀ ਦਾ ਅਮਰ ਸੁਨੇਹਾ ਦਿੱਤਾ। ਇਹ ਸ਼ਹੀਦੀ ਸਿੱਖ ਸੰਸਾਰ ਲਈ ਹਿੰਮਤ, ਅਹਿੰਸਾ ਤੇ ਧਰਮ ਨਿਭਾਉਣ ਦੀ ਸਭ ਤੋਂ ਵੱਡੀ ਮਿਸਾਲ ਬਣੀ। ਇਸੇ ਲਈ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਕਿਹਾ ਜਾਂਦਾ ਹੈ।

ਉਪਰੋਕਤ ਪੰਕਤੀ ਦਾ ਅਰਥ ਸਿਰਫ਼ ਹਿੰਦੂ ਧਰਮ ਦੀ ਰੱਖਿਆ ਤੱਕ ਸੀਮਿਤ ਨਹੀਂ। ਇਸ ਵਿੱਚ ਇਹ ਸੁਨੇਹਾ ਹੈ ਕਿ ਜੋ ਮਨੁੱਖ ਸੱਚ, ਨਿਆਂ ਅਤੇ ਆਜ਼ਾਦੀ ਦੀ ਰੱਖਿਆ ਲਈ ਆਪਣਾ ਆਪ ਤਿਆਗ ਦਿੰਦਾ ਹੈ, ਉਹ ਸੱਚਮੁੱਚ ਪ੍ਰਭੂ ਦਾ ਚੁਣਿਆ ਹੋਇਆ ਸੇਵਕ ਹੁੰਦਾ ਹੈ। ਗੁਰੂ ਜੀ ਨੇ ਦਿਖਾਇਆ ਕਿ ਸੱਚੀ ਆਰਾਧਨਾ ਸ਼ਬਦਾਂ ਨਾਲ ਨਹੀਂ, ਪਰ ਕਿਰਿਆ ਨਾਲ ਹੁੰਦੀ ਹੈ। ਜਦੋਂ ਮਨੁੱਖਤਾ ਖਤਰੇ ਵਿੱਚ ਹੋਵੇ, ਤਾਂ ਜੀਵਨ ਦੀ ਕੁਰਬਾਨੀ ਵੀ ਪ੍ਰਭੂ ਭਗਤੀ ਦਾ ਹਿੱਸਾ ਬਣ ਜਾਂਦੀ ਹੈ।

### ਆਤਮਿਕ ਸਾਧਨਾ ਤੇ ਧਾਰਮਿਕ ਸਹਿਭਾਵਨਾ

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਤਮਕ ਚਿੰਤਨ ਦਾ ਸਰੋਤ ਹੈ। ਉਨ੍ਹਾਂ ਦਾ ਕਥਨ ਹੈ:

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥ (ਪੰਨਾ 219)

ਆਮ ਜੀਵਨ ਵਿੱਚ ਇਸ ਪੰਕਤੀ ਦਾ ਸੰਦੇਸ਼ ਇਹ ਹੈ ਕਿ ਸਾਨੂੰ ਦਿਨ-ਰਾਤ ਲੋਕਾਂ ਦੀਆਂ ਰਾਇਆਂ ਘੇਰਦੀਆਂ ਹਨ। ਕੋਈ ਸਾਡੀ ਤਾਰੀਫ਼ ਕਰਦਾ ਹੈ, ਕੋਈ ਆਲੋਚਨਾ। ਪਰ ਜੇ ਅਸੀਂ ਹਰ ਵਾਰ ਉਨ੍ਹਾਂ ਦੇ ਅਨੁਸਾਰ ਆਪਣੀ ਖੁਸ਼ੀ ਜਾਂ ਦੁੱਖ ਬਦਲਦੇ ਰਹੇ, ਤਾਂ ਸਾਡੀ ਸ਼ਾਂਤੀ ਕਦੇ ਵੀ ਕਾਇਮ ਨਹੀਂ ਰਹਿ ਸਕਦੀ। ਇਸ ਲਈ ਗੁਰੂ ਜੀ ਫੁਰਮਾਉਂਦੇ ਹਨ- ਸੱਚਾ ਆਧਿਆਤਮਿਕ ਮਨੁੱਖ ਉਹ ਹੈ, ਜੋ ਆਪਣੀ ਸੂਝ ਅਤੇ ਸੱਚ ਨਾਲ ਜੁੜਿਆ ਰਹੇ, ਭਾਵੇਂ ਲੋਕ ਉਸ ਦੀ ਤਾਰੀਫ਼ ਕਰਨ ਜਾਂ ਨਿੰਦਾ। ਇਸ ਤਰ੍ਹਾਂ ਇਹ ਪੰਕਤੀ ਮਨ ਦੀ ਸੰਤੁਲਿਤ ਹਾਲਤ ਦਾ ਵਰਨਣ ਕਰਦੀ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਨਿਰਬਾਣ ਅਵਸਥਾ ਤਦ ਮਿਲਦੀ ਹੈ, ਜਦ ਮਨ ਵਿੱਚ ਕਿਸੇ ਵੀ ਪ੍ਰਕਾਰ ਦਾ ਦੁਵੈਤ (ਦੁਅਲਿਸਮ) ਨਹੀਂ ਰਹਿੰਦਾ; ਨਾ ਪ੍ਰਸ਼ੰਸਾ ਨਾਲ ਖੁਸ਼ੀ, ਨਾ ਨਿੰਦਾ ਨਾਲ ਦੁੱਖ। ਇਹ ਉਹ ਅਵਸਥਾ ਹੈ, ਜਿਥੇ ਮਨੁੱਖ ਹਰ ਘਟਨਾ ਨੂੰ ਪ੍ਰਭੂ ਦੀ ਰਜ਼ਾ ਸਮਝ ਕੇ ਸਵੀਕਾਰ ਕਰਦਾ ਹੈ। ਅਜਿਹਾ ਵਿਅਕਤੀ ਹੀ ਸੱਚਾ ਸੰਤ ਅਤੇ ਗਿਆਨੀ ਹੁੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

ਸਾਧੋ ਰਚਨਾ ਰਾਮ ਬਨਾਈ ॥ (ਪੰਨਾ 219)

ਇਹ ਪੰਕਤੀ ਸਾਨੂੰ ਸਿਖਾਉਂਦੀ ਹੈ ਕਿ ਸਾਰਾ ਜਗਤ ਪ੍ਰਭੂ ਦਾ ਘਰ ਹੈ, ਹਰ ਜੀਵ ਉਸ ਦੀ ਹੀ ਜੋਤ ਦਾ ਅੰਸ਼ ਹੈ। ਜਦੋਂ ਅਸੀਂ ਕਿਸੇ ਨੂੰ ਨਫ਼ਰਤ ਨਾਲ ਦੇਖਦੇ ਹਾਂ ਜਾਂ ਕਿਸੇ ਜੀਵ ਨਾਲ ਬੁਰਾ ਕਰਦੇ ਹਾਂ, ਤਾਂ ਅਸੀਂ ਅਸਲ ਵਿੱਚ ਉਸ ਪਰਮਾਤਮਾ ਦੀ ਰਚਨਾ ਨਾਲ ਹੀ ਅਨਾਦਰ ਕਰ ਰਹੇ ਹੁੰਦੇ ਹਾਂ। ਗੁਰੂ ਜੀ ਦੀ ਸਿੱਖਿਆ ਹੈ ਕਿ ਜਗਤ ਨੂੰ ਤਿਆਗਣਾ ਨਹੀਂ, ਜਗਤ ਵਿੱਚ ਰਹਿ ਕੇ ਪ੍ਰਭੂ ਨੂੰ ਪਛਾਣਨਾ ਹੈ। ਸੱਚਾ ਧਰਮੀ ਉਹ ਨਹੀਂ ਜੋ ਸੰਸਾਰ ਛੱਡ ਜਾਵੇ, ਪਰ ਉਹ ਜੋ ਸੰਸਾਰ ਦੇ ਹਰ ਜੀਵ ਵਿੱਚ ਪ੍ਰਭੂ ਨੂੰ ਵੇਖੇ। ਗੁਰੂ ਜੀ ਨੇ ਕਿਸੇ ਵੀ ਧਰਮ ਦੀ ਨਿੰਦਾ ਨਹੀਂ ਕੀਤੀ, ਸਗੋਂ ਸਭ ਧਰਮਾਂ ਦੀ ਅਸਲ ਭਾਵਨਾ ਦੀ ਕਦਰ ਕੀਤੀ। ਉਨ੍ਹਾਂ ਦਾ ਜੀਵਨ ਧਾਰਮਿਕ ਸਹਿਭਾਵਨਾ ਤੇ ਆਦਰ-ਭਾਵ ਦਾ ਪ੍ਰਤੀਕ ਹੈ।

### ਨੈਤਿਕਤਾ ਤੇ ਆਤਮ-ਸੰਯਮ ਦੀ ਸਿੱਖਿਆ

ਗੁਰੂ ਜੀ ਦੀ ਬਾਣੀ ਵਿੱਚ ਅਹੰਕਾਰ, ਮੋਹ, ਕਾਮ ਤੇ ਕ੍ਰੋਧ ਤੋਂ ਦੂਰ ਰਹਿਣ ਦਾ ਉਪਦੇਸ਼ ਹੈ। ਉਹ ਫੁਰਮਾਉਂਦੇ ਹਨ:

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ॥ (ਪੰਨਾ 219)

ਇਹ ਸ਼ਲੋਕ ਸਾਨੂੰ ਸਿਖਾਉਂਦਾ ਹੈ ਕਿ ਸਫਲਤਾ, ਅਹੁਦੇ ਜਾਂ ਗਿਆਨ ਨਾਲ ਅਹੰਕਾਰ ਨਾ ਆਵੇ। ਕਾਮਨਾ ਤੇ ਕ੍ਰੋਧ ਤੇ ਕਾਬੂ ਪਾਓ, ਇਹ ਦੋਵੇਂ ਮਨੁੱਖ ਦੀ ਸ਼ਾਂਤੀ ਨੂੰ ਨਸ਼ਟ ਕਰਦੇ ਹਨ। ਬੁਰੀ ਸੰਗਤ ਤੋਂ ਬਚੋ, ਕਿਉਂਕਿ ਮਨ ਉਹੋ ਜਿਹਾ ਹੀ ਬਣਦਾ ਹੈ, ਜਿਸ ਦੀ ਸੰਗਤ ਵਿੱਚ ਉਹ ਰਹਿੰਦਾ ਹੈ। ਗੁਰੂ ਜੀ ਦਾ ਇਹ ਉਪਦੇਸ਼ ਮਨੁੱਖ ਨੂੰ ਸੰਤੁਲਨ, ਨਿਮਰਤਾ ਤੇ ਪਵਿੱਤਰਤਾ ਦਾ ਰਾਹ ਦਿਖਾਂਦਾ ਹੈ। ਜਦ ਮਨੁੱਖ ਆਪਣਾ ਅਹੰਕਾਰ ਤਿਆਗ ਕੇ, ਵਿਕਾਰਾਂ ਤੋਂ ਦੂਰ ਹੋ ਕੇ, ਸਤਿਸੰਗਤ ਨਾਲ ਜੁੜਦਾ ਹੈ, ਉਹ ਅੰਦਰੋਂ ਰੱਬੀ ਚਾਨਣ ਨਾਲ ਭਰ ਜਾਂਦਾ ਹੈ। ਇਸ ਸ਼ਲੋਕ ਰਾਹੀਂ ਉਹ ਸਾਨੂੰ ਦੱਸਦੇ ਹਨ ਕਿ ਮਨੁੱਖ ਦਾ ਸਭ ਤੋਂ ਵੱਡਾ ਜੰਗ ਆਪਣੇ ਆਪ ਨਾਲ ਹੈ। ਜਿਹੜਾ ਮਨੁੱਖ ਆਪਣੇ ਮਨ ਤੇ ਇੰਦ੍ਰਿਆਂ 'ਤੇ ਕਾਬੂ ਪਾ ਲੈਂਦਾ ਹੈ, ਉਹੀ ਸੱਚਾ ਜੇਤੂ ਹੈ।

# ਚਿੰਤਾਵਾਂ ਦੀ ਸੂਲੀ ਉੱਪਰ ਲਟਕ ਰਿਹਾ ਇਨਸਾਨ

ਅਧਿਆਤਮਕ

ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603



ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਮੁਖ਼ਾਤਿਬ ਹੁੰਦੇ ਹੋਏ ਫ਼ੁਰਮਾਇਆ ਕਿ ਚਿੰਤਾ ਮਨ ਦੀ ਸ਼ਾਂਤੀ ਨੂੰ ਨਿਗਲ ਲੈਂਦੀ ਹੈ, ਜਦੋਂ ਕਿ ਬੇਪਰਵਾਹੀ, ਅਡੋਲਤਾ, ਸਹਿਜ ਅਤੇ ਸਬਰ ਮਨ ਨੂੰ ਟਿਕਾਉਣ ਵਿੱਚ ਸਹਾਈ ਹੁੰਦੇ ਹਨ। ਅਤੀਤ ਵਿੱਚ ਫ਼ਸ ਕੇ ਅਤੇ ਮੁਸਤਕਬਿਲ ਬਾਰੇ ਹੱਦੋਂ ਵੱਧ ਸੋਚ-ਸੋਚ ਕੇ ਅਕਸਰ ਮਨੁੱਖ ਆਪਣੇ ਵਰਤਮਾਨ ਨੂੰ ਕੋਸਦਿਆਂ ਆਪਣੀ ਜ਼ਿੰਦਗੀ ਨੂੰ ਬਰਬਾਦ ਕਰ ਲੈਂਦਾ ਹੈ। ਉਹ ਜਿੰਨਾ ਚਿਰ ਬੇਫ਼ਜ਼ੂਲ ਸੋਚਾਂ ਦੇ ਘੋੜੇ ਉਤੇ ਸਵਾਰ ਹੋ ਕੇ ਜ਼ਿੰਦਗੀ ਦਾ ਸਫ਼ਰ ਤੈਅ ਕਰ ਰਿਹਾ ਹੁੰਦਾ ਹੈ, ਉਹ ਬੇਚੈਨ, ਉਦਾਸ ਅਤੇ ਉਖੜਿਆ ਹੋਇਆ ਰਹਿੰਦਾ ਹੈ। ਚਿੰਤਾਵਾਂ ਮਨੁੱਖ ਦੇ ਚਿਹਰੇ ਦਾ ਨੂਰ, ਦਿਲ ਦਾ ਸਕੂਨ, ਉਸ ਦੇ ਬੇਪਰਵਾਹ ਕਹਿਕਹੇ, ਉਸ ਅੰਦਰਲਾ ਵਿਸਮਾਦ, ਸਹਿਜ, ਨਿਰਛੱਲਤਾ, ਮਾਸੂਮੀਅਤ, ਸਰਲਤਾ ਅਤੇ ਹੋਰ ਪਤਾ ਨਹੀਂ ਕੀ ਕੁੱਝ ਖੋਹ ਲੈਂਦੀਆਂ ਹਨ।

ਮਨੁੱਖ ਆਪਣੇ ਖ਼ਿਆਲਾਂ ਦੀ ਉਧੇੜ-ਬੁਣ ਵਿੱਚ ਉਲਝਿਆ ਇਹ ਸੋਚਦਾ ਹੈ ਕਿ ਜਿਵੇਂ ਉਹ ਆਪਣੀਆਂ ਸੋਚਾਂ ਤੇ ਸਿਆਣਪਾਂ ਸਦਕੇ ਆਪਣੀਆਂ ਸਾਰੀਆਂ ਉਲਝਣਾਂ ਦਾ ਕੋਈ ਸਮਾਧਾਨ ਲੱਭ ਲਵੇਗਾ। ਦਰਅਸਲ ਉਹ ਇਹ ਨਹੀਂ ਸਮਝ ਪਾਉਂਦਾ ਕਿ ਉਸ ਦੇ ਸੋਚਿਆਂ ਜਾਂ ਕੁਝ ਕੀਤਿਆਂ ਜੇਕਰ ਉਹ ਆਪਣੀ ਜ਼ਿੰਦਗੀ ਦੀ ਬੁਝਾਰਤ ਨੂੰ ਸੁਲਝ ਸਕਦਾ ਹੁੰਦਾ ਤਾਂ ਫਿਰ ਘਾਟਾ ਹੀ ਕਿਹੜੀ ਗੱਲ ਦਾ ਸੀ! ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਨਫ਼ੇ-ਨੁਕਸਾਨ ਦੇ ਸਮੀਕਰਨਾਂ ਵਿੱਚ ਉਲਝਿਆ ਹੋਇਆ ਮਨੁੱਖ ਆਪਣੀ ਨਫ਼ਸ ਦਾ ਗੁਲਾਮ ਹੁੰਦਾ ਹੈ। ਉਹ ਹਰ ਵਕਤ ਖ਼ੁਦ ਨੂੰ ਦੂਸਰਿਆਂ ਤੋਂ ਬੇਹਤਰ ਸਿੱਧ ਕਰਨ ਦੀ ਕੋਸ਼ਿਸ਼ ਵਿੱਚ ਆਪਣੀ ਹਯਾਤੀ ਵਿੱਚ ਕਦੇ ਵੀ ਸੁਰਖ਼ੁਰੂ ਨਹੀਂ ਹੋ ਪਾਉਂਦਾ ਹੈ। ਉਸ ਦੇ ਬਹੁਤ ਫਿਕਰਾਂ, ਹੇਰਵਿਆਂ ਅਤੇ ਲਾਲਸਾਵਾਂ ਦਾ ਕੇਂਦਰ ਬਿੰਦੂ ਮਹਿਜ ਇਹ ਹੁੰਦਾ ਹੈ ਕਿ ਜਿਵੇਂ-ਕਿਵੇਂ ਉਹ ਫ਼ਤਿਹ ਦਾ ਪਰਚਮ ਬੁਲੰਦ ਕਰਕੇ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਵਿੱਚ ਕਾਮਯਾਬ ਹੋ ਸਕੇ। ਉਹ ਪਰਵਦਗਾਰ ਦੀ ਰਜ਼ਾ ਨੂੰ ਸਮਝਣ ਤੋਂ ਮੁਨਕਰ ਹੋਣ ਦੇ ਨਾਲ-ਨਾਲ ਇਹ ਸਮਝਣ ਤੋਂ ਵੀ ਅਸਮਰਥ ਹੁੰਦਾ ਹੈ ਕਿ ਉਸ ਦੀ ਬੇਸਬਰੀ, ਕਮਜ਼ਰਫੀ, ਬੇਸਮਝੀ ਅਤੇ ਅਗਿਆਨਤਾ ਕਾਰਨ ਹੀ ਉਹ ਆਪਣੇ ਅੰਦਰੋਂ ਅੰਦਰ ਤਪ, ਸੜ ਅਤੇ ਬਲ ਰਿਹਾ ਹੁੰਦਾ ਹੈ।

ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਇਸ ਗੱਲ ਦੀ ਵੀ ਹਦਾਇਤ ਕੀਤੀ ਕਿ ਇਹ ਸਮਝਣ ਦੀ ਕੋਸ਼ਿਸ਼ ਜ਼ਰੂਰ ਕਰੋ ਕਿ ਬੇਸ਼ਕ ਜ਼ਿੰਦਗੀ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੋਣਾ ਚਾਹੀਦਾ ਹੈ, ਲੇਕਿਨ ਯਾਦ ਰੱਖੋ ਉਸ ਉਦੇਸ਼ ਦੀ ਪੂਰਤੀ ਲਈ ਜੇਕਰ ਜ਼ਿੰਦਗੀ ਦੀ ਤੁਸੀਂ ਕਦਰ ਨਾ ਕਰੋ ਤਾਂ ਇਹ ਹਰਗਿਜ਼ ਮੁਨਾਸਿਬ ਨਹੀਂ ਹੈ। ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਕਿ ਇਸ ਫ਼ਾਨੀ ਸੰਸਾਰ ਦੇ ਬੜੇ ਬਖੇੜੇ ਹਨ, ਲੇਕਿਨ ਇਨ੍ਹਾਂ ਬਖੇੜਿਆਂ ਦੇ ਭੰਵਰ ਵਿੱਚ ਉਲਝੇ ਬਿਨਾ ਹਰ ਬੀਤ ਰਹੇ ਪਲ ਦਾ ਸਕਾਰਾਤਮਕ ਤੇ ਸਿਰਜਣਾਤਮਕ ਸੋਚ ਅਪਣਾਉਂਦਿਆਂ ਲੁਤਫ਼ ਲੈਣਾ ਵੀ ਬੇਹੱਦ ਜ਼ਰੂਰੀ ਹੈ। ਜ਼ਰਾ ਕੁ ਸੋਚੋ ਕਿ ਹਰ ਵਕਤ ਅਧੂਰੇਪਣ ਦੇ ਨਕਾਰਾਤਮਕ ਅਹਿਸਾਸ ਦੇ ਚੱਕਰਵਿਊ ਵਿੱਚ ਉਲਝ ਕੇ ਆਪਣੇ ਲਈ ਆਪਣੇ ਹੱਥੀਂ ਆਪਣੀ ਜ਼ਿੰਦਗੀ ਨੂੰ ਬਰਬਾਦ ਕਰਨਾ ਭਲਾ ਕਿੱਥੋਂ ਤੱਕ ਜਾਇਜ਼ ਹੈ।

ਦੂਸਰਿਆਂ ਦੇ ਮੁਕਾਬਲੇ ਖ਼ੁਦ ਨੂੰ ਰੱਖ ਕੇ ਉਦਾਸੀ ਦੇ ਆਲਮ ਵਿੱਚ ਗੁੰਮ ਹੋਣਾ ਕਿੰਨਾ ਕੁ ਵਾਜਿਬ ਹੈ! ਹਰ ਵਕਤ ਦੂਸਰਿਆਂ ਨੂੰ ਸਿਰਫ ਇਸ ਕਰਕੇ ਕੋਸਣਾ, ਕਿਉਂਕਿ ਜ਼ਾਹਰ ਤੌਰ ਉੱਪਰ ਉਹ ਤੁਹਾਡੇ ਤੋਂ ਕੇਵਲ ਕੁਝ ਇੱਕ ਕਦਮ ਅੱਗੇ ਹਨ, ਅਜਿਹੀ ਨਕਾਰਾਤਮਕ ਸੋਚ ਦੱਸੋ ਕਿੱਥੋਂ ਤੱਕ ਦਰੁਸਤ ਹੈ। ਲਿਹਾਜ਼ਾ ਆਪਣੇ ਮਨ ਦੀ ਸ਼ਾਂਤੀ ਨੂੰ ਆਪਣੇ ਅਧੂਰੇਪਣ ਦੇ ਅਹਿਸਾਸ ਦੇ ਪ੍ਰਭਾਵ ਹੇਠ ਭੰਗ ਨਾ ਕਰੋ। ਹਰੇਕ ਹਸਰਤ ਜਿਸ ਦੀ ਤ੍ਰਿਪਤੀ ਲਈ ਤੁਸੀਂ ਇਸ ਕਦਰ ਬੇਚੈਨ ਹੋ, ਸੱਚ ਜਾਣਿਓ ਜਦੋਂ ਤੁਹਾਡੀ ਉਹ ਹਸਰਤ ਵੀ ਪੂਰੀ ਹੋ ਜਾਵੇਗੀ ਤਾਂ ਤੁਸੀਂ ਫਿਰ ਵੀ ਉਦਾਸ ਤੇ ਬੇਚੈਨ ਹੀ ਰਹੋਗੇ, ਕਿਉਂਕਿ ਤੁਸੀਂ ਆਪਣੀਆਂ ਬੇਲਗਾਮ ਖਾਹਿਸ਼ਾਂ ਦੀ



ਭੱਠੀ ਨੂੰ ਜਿੰਨਾ ਬੁਝਾਉਣ ਦੀ ਕੋਸ਼ਿਸ਼ ਕਰੋਗੇ ਤੁਹਾਡੇ ਅੰਦਰ ਲਾਲਸਾਵਾਂ ਦਾ ਭਾਂਬੜ ਹੋਰ ਮੱਚੇਗਾ।

ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਜਿੱਥੋਂ ਤੱਕ ਸੰਭਵ ਹੋ ਸਕੇ ਸਹਿਜੇ ਕਿਤੇ ਆਪਣਾ ਸਹਿਜ ਨਾ ਗੁਆਓ। ਇਹ ਮੰਨ ਕੇ ਚੱਲੋ ਕਿ ਜਦੋਂ ਤੱਕ ਤੁਸੀਂ ਹੋ ਇਹ ਫਿਕਰਾਂ ਅਤੇ ਇਹ ਚਿੰਤਾਵਾਂ ਕਦੇ ਨਹੀਂ ਮੁੱਕਣੀਆਂ। ਹਾਂ! ਇਹ ਅਟੱਲ ਸੱਚਾਈ ਹੈ ਕਿ ਜੇਕਰ ਅਸੀਂ ਆਪਣੇ ਜ਼ਾਵੀਏ ਨੂੰ ਦਰੁਸਤ ਨਾ ਕੀਤਾ ਤਾਂ ਇਨ੍ਹਾਂ ਬਿਨਾ ਸਿਰ-ਪੈਰ ਦੇ ਬਖੇੜਿਆਂ, ਚਿੰਤਾਵਾਂ ਤੇ ਫਿਕਰਾਂ ਨੇ ਸਮੇਂ ਤੋਂ ਪਹਿਲਾਂ ਹੀ ਸਾਨੂੰ ਮਾਰ ਮੁਕਾਉਣਾ ਹੈ। ਕੋਸ਼ਿਸ਼ ਕਰੋ ਕਿ ਤੁਸੀਂ ਸਹਿਜ ਸੁਭਾਅ ਤੁਰਦੇ ਰਹੋ, ਕਿਉਂਕਿ ਤੁਹਾਡੀਆਂ ਕੋਸ਼ਿਸ਼ਾਂ, ਤੁਹਾਡੀਆਂ ਨੀਅਤਾਂ, ਤੁਹਾਡੀਆਂ ਕਾਮਨਾਵਾਂ ਅਤੇ ਤੁਹਾਡੇ ਅਮਲਾਂ ਦਾ ਹਰ ਪਲ ਕੋਈ ਹਿਸਾਬ ਰੱਖ ਰਿਹਾ ਹੈ। ਦੁਨੀਆਂ ਦੇ ਬਾਜ਼ਾਰ ਵਿੱਚ ਭਾਵੇਂ ਤੁਹਾਡਾ ਮੁੱਲ ਕੋਈ ਪਾਵੇ ਜਾਂ ਨਾ ਪਾਵੇ, ਲੇਕਿਨ ਉਸ ਸੋਹਣੇ ਰੱਬ ਦੀ ਦਰਗਾਹ ਵਿੱਚ ਹਰੇਕ ਦੇ ਅਮਲਾਂ ਦਾ ਨਿਬੇੜਾ ਹੋਣਾ ਤੈਅ ਹੈ ਅਤੇ ਇਹ ਹੀ ਅੰਤਿਮ ਸੱਚ ਹੈ। ਸੋਚੋ ਜ਼ਰਾ ਜੇਕਰ ਇਹ ਹੀ ਅੰਤਿਮ ਸੱਚ ਹੈ ਤਾਂ ਫਿਰ ਸੋਚਾਂ ਦੀ ਸੂਲੀ ਉੱਪਰ ਖ਼ੁਦ ਨੂੰ ਟੰਗਣਾ ਕਿੰਨਾ ਕੁ ਵਾਜਿਬ ਹੈ? ਮੰਜ਼ਿਲ ਦੀ ਪ੍ਰਾਪਤੀ ਲਈ ਕੋਸ਼ਿਸ਼ ਜ਼ਰੂਰ ਕਰੋ, ਪਰ ਸਹਿਜ ਗਵਾ ਕੇ ਨਹੀਂ। ਆਪਣੇ ਖ਼ਵਾਬਾਂ ਦੀ ਤਾਬੀਰ ਲਈ ਕਦਮ ਵਧਾਓ, ਲੇਕਿਨ ਬੇਸਬਰੇ ਹੋ ਕੇ ਨਹੀਂ। ਚਿੰਤਨ ਕਰੋ, ਲੇਕਿਨ ਚਿੰਤਾ ਨਹੀਂ। ਮੰਥਨ ਕਰੋ, ਲੇਕਿਨ ਮਰ-ਮਰ ਕੇ ਜਿਊਂਣ ਦੀ ਆਪਣੀ ਆਦਤ ਛੱਡੋ।

ਮੁਰਸ਼ਦ ਨੇ ਫ਼ੁਰਮਾਇਆ ਕਿ ਮੰਜ਼ਿਲ ਦੀ ਕਸ਼ਿਸ਼ ਵਿੱਚ ਆਪਣੀ ਜ਼ਿੰਦਗੀ ਦਾ ਰਸ ਨਾ ਗੁਆਓ। ਦੂਸਰਿਆਂ ਨਾਲ ਵਿਅਰਥ ਦੇ ਮੁਕਾਬਲੇ ਦੀ ਦੌੜ ਵਿੱਚ ਖ਼ੁਦ ਨੂੰ ਹਤਾਸ਼ ਕਦੇ ਨਾ ਕਰੋ। ਇਹ ਸੋਚ-ਸੋਚ ਕੇ ਪ੍ਰੇਸ਼ਾਨ ਨਾ ਰਹੋ ਕਿ ਲੋਕ ਤੁਹਾਡੇ ਬਾਰੇ ਕੀ ਸੋਚਣਗੇ, ਖ਼ੁਦ ਨੂੰ ਲੋਕਾਂ ਦੇ ਮਾਪਦੰਡਾਂ ਅਨੁਸਾਰ ਢਾਲਦੇ-ਢਾਲਦੇ ਆਪਣਾ ਚੈਨ ਨਾ ਗੁਆਓ। ਤੁਹਾਨੂੰ ਇਸ ਗੱਲ ਦਾ ਬੜੀ ਚੰਗੀ ਤਰ੍ਹਾਂ ਅਹਿਸਾਸ ਹੋਣਾ ਚਾਹੀਦਾ ਹੈ ਕਿ ਚਿੰਤਾਵਾਂ ਦਾ ਸੰਤਾਪ ਤੁਹਾਨੂੰ ਇਕੱਲਿਆਂ ਹੀ ਹੰਢਾਉਣਾ ਪੈਣਾ ਹੈ, ਲਿਹਾਜ਼ਾ ਬੇਲੋੜੀਆਂ ਚਿੰਤਾਵਾਂ ਸਹੇੜ ਕੇ ਆਪਣੇ ਹੱਥੀਂ ਖ਼ੁਦ ਆਪਣੇ ਉਤੇ ਤਸ਼ੱਦਦ ਨਾ ਢਾਹੋ। ਆਪਣੀ ਗੰਧਲੀ, ਧੁੰਦਲੀ ਅਤੇ ਨਕਾਰਾਤਮਕ ਸੋਚ ਦਾ ਤਿਆਗ ਕਰਕੇ ਆਪਣੀ ਦੇਹ ਅਤੇ ਆਪਣੀ ਆਤਮਾ ਨੂੰ ਚਿੰਤਾਵਾਂ ਦੇ ਭਾਰ ਤੋਂ ਮੁਕਤ ਕਰੋ। ਸੱਚ ਜਾਣਿਓ! ਤੁਹਾਡੇ ਅੰਦਰ ਜ਼ਿੰਦਗੀ ਦਾ ਗੀਤ ਉਸ ਸਮੇਂ ਗੂੰਜੇਗਾ, ਜਦੋਂ ਤੁਸੀਂ ਆਪਣੇ ਅੰਦਰ ਦੀ ਆਵਾਜ਼ ਨੂੰ ਸੁਣ ਪਾਉਗੇ, ਜਦੋਂ ਤੁਸੀਂ ਸਹਿਜ ਸੁਭਾਅ ਜਿਊਂਣ ਦਾ ਹੁਨਰ ਸਿੱਖਣ ਵਿੱਚ ਕਾਮਯਾਬ ਹੋ ਪਾਉਗੇ ਅਤੇ ਜਦੋਂ ਤੁਸੀਂ ਸੋਚਾਂ ਤੇ ਚਿੰਤਾਵਾਂ ਦੇ ਚੱਕਰਵਿਊ ਨੂੰ ਤੋੜ ਕੇ ਰੱਬੀ ਰਜ਼ਾ ਦੀਆਂ ਰਮਜ਼ਾਂ ਨੂੰ ਸਮਝ ਪਾਉਗੇ।

---


***ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ, ਯਮੁਨਾ ਨਗਰ (ਹਰਿਆਣਾ)***

# ਬੁੱਧੀਮਾਨਾਂ ਦੀ ਚੁੱਪ, ਸਮਝਦਾਰਾਂ ਦੇ ਬੋਲ ਤੇ ਮੂਰਖਾਂ ਦੀ ਬਹਿਸ

ਪ੍ਰਿੰਸੀਪਲ ਵਿਜੈ ਕੁਮਾਰ
ਫੋਨ:+91-9872627136

ਇਸ ਲੇਖ ਦੇ ਸਿਰਲੇਖ ਦਾ ਇਹ ਵਾਕ ਮਨੁੱਖੀ ਜ਼ਿੰਦਗੀ ਦੀ ਹਕੀਕਤ ਨੂੰ ਬਿਆਨ ਕਰਦਾ ਹੈ ਤੇ ਇਸ ਨਸੀਹਤ ਵੱਲ ਇਸ਼ਾਰਾ ਵੀ ਕਰਦਾ ਹੈ ਕਿ ਮਨੁੱਖ ਨੂੰ ਜ਼ਿੰਦਗੀ ਜਿਊਣੀ ਕਿਵੇਂ ਚਾਹੀਦੀ ਹੈ। ਮੂਰਖ ਸ਼ਬਦ ਬਾਰੇ ਨਾ ਕੁੱਝ ਦੱਸਣ ਦੀ ਲੋੜ ਹੈ ਤੇ ਨਾ ਹੀ ਸਮਝਾਉਣ ਦੀ। ਦੋ ਸ਼ਬਦ ਬੁੱਧੀਮਾਨ ਅਤੇ ਸਮਝਦਾਰ ਸਮਾਨਾਰਥਕ ਹੋਣ ਦਾ ਭੁਲੇਖਾ ਪਾਉਂਦੇ ਹਨ। ਜੇਕਰ ਮਨੁੱਖੀ ਜ਼ਿੰਦਗੀ ਨਾਲ ਜੁੜੇ ਇਨ੍ਹਾਂ ਦੋਵੇਂ ਸ਼ਬਦਾਂ ਦੀ ਡੂੰਘਾਈ ਨੂੰ ਵਾਚਿਆ ਜਾਵੇ ਤਾਂ ਇਹ ਦੋਵੇਂ ਸ਼ਬਦ ਮਨੁੱਖੀ ਸੁਭਾਅ ਅਤੇ ਉਸਦੇ ਜ਼ਿੰਦਗੀ ਜਿਊਣ ਦੇ ਨਜ਼ਰੀਏ ਬਾਰੇ ਬਹੁਤ ਕੁੱਝ ਸਪਸ਼ਟ ਕਰਦੇ ਹਨ। ਬੁੱਧੀਮਾਨ ਵਿਆਕਤੀ ਸਭ ਕੁੱਝ ਸਮਝਦਾ ਹੋਇਆ ਵੀ ਉਸਨੂੰ ਪ੍ਰਗਟਾਉਣ ਦੀ ਜ਼ਰੂਰਤ ਨਹੀਂ ਸਮਝਦਾ, ਉਹ ਲੋੜ ਪੈਣ ਵੇਲੇ, ਕਿਸੇ ਵੱਲੋਂ ਸਲਾਹ ਮੰਗਣ ਅਤੇ ਉਸਤੋਂ ਕੁੱਝ ਪੁੱਛਣ 'ਤੇ ਹੀ ਸਬੰਧਤ ਵਿਸ਼ੇ ਬਾਰੇ ਬੋਲਦਾ ਹੈ। ਬੁੱਧੀਮਾਨ ਵਿਅਕਤੀ ਕਦੇ ਵੀ ਆਪਣੇ ਬੁੱਧੀਮਾਨ ਹੋਣ ਦਾ ਵਿਖਾਵਾ ਨਹੀਂ ਕਰਦਾ। ਉਹ ਲੋਕਾਂ ਨੂੰ ਇਹ ਨਹੀਂ ਸਮਝਾਉਣਾ ਚਾਹੁੰਦਾ ਕਿ ਉਸ ਕੋਲ ਸਭ ਕੁੱਝ ਬਹੁਤ ਛੇਤੀ ਸਮਝਣ ਵਾਲੀ ਅਕਲ ਹੈ। ਬੁੱਧੀਮਾਨ ਲੋਕ ਆਤਮ ਸੰਜਮੀ, ਸਬਰ ਸੰਤੋਖ ਵਾਲੇ ਅਤੇ ਗੰਭੀਰ ਹੁੰਦੇ ਹਨ। ਉਨ੍ਹਾਂ ਦੀ ਕਦੇ ਵੀ ਇਹ ਇੱਛਾ ਨਹੀਂ ਹੁੰਦੀ ਕਿ ਲੋਕ ਉਨ੍ਹਾਂ ਨੂੰ ਬੁੱਧੀਮਾਨ ਹੋਣ ਦਾ ਸਰਟੀਫਿਕੇਟ ਦੇਣ। ਉਨ੍ਹਾਂ ਦੀ ਗਿਆਨਵਾਨ ਹੋਣ ਦੀ ਭੁੱਖ ਕਦੇ ਸ਼ਾਂਤ ਨਹੀਂ ਹੁੰਦੀ। ਸਮਝਦਾਰ ਲੋਕ ਮੂਰਖਾਂ ਵਰਗੇ ਤਾਂ ਨਹੀਂ ਹੁੰਦੇ, ਪਰ ਉਨ੍ਹਾਂ 'ਚ ਬੁੱਧੀਮਾਨ ਲੋਕਾਂ ਵਰਗੀ ਤੇਜ ਸਮਝ ਵੀ ਨਹੀਂ ਹੁੰਦੀ। ਉਨ੍ਹਾਂ ਨੂੰ ਬੁੱਧੀਮਾਨ ਹੋਣ ਦਾ ਘਮੰਡ ਵੀ ਨਹੀਂ ਹੁੰਦਾ।

ਦੁਨੀਆ ਦੀ ਪ੍ਰਸਿੱਧ ਮਨੋਵਿਗਿਆਨੀ ਕੈਨਡਰਾ ਚੈਰੀ ਦਾ ਕਹਿਣਾ ਹੈ ਕਿ ਮਨੁੱਖ ਬੁੱਧੀਮਾਨ ਆਪਣੇ ਵੰਸ਼ ਤੋਂ ਮਿਲੀ ਬੌਧਿਕ ਸਮਰੱਥਾ ਤੋਂ ਵੀ ਹੋ ਸਕਦਾ ਹੈ, ਪਰ ਉਹ ਸਮਝਦਾਰ ਸਿੱਖਿਆ ਪ੍ਰਾਪਤ ਕਰਕੇ, ਗਿਆਨ ਹਾਸਲ ਕਰਕੇ, ਪੁਸਤਕਾਂ ਪੜ੍ਹ ਕੇ ਅਤੇ ਜ਼ਿੰਦਗੀ ਦੇ ਤਜਰਬੇ ਤੋਂ ਵੀ ਹੋ ਸਕਦਾ ਹੈ। ਬੁੱਧੀਮਾਨ ਵਿਅਕਤੀ ਸਮਝਦਾਰ ਵਿਅਕਤੀ ਨਾਲੋਂ ਕਿਸੇ ਵੀ ਮਸਲੇ ਨੂੰ ਛੇਤੀ ਸਮਝਦਾ ਹੈ। ਸਮਝਦਾਰ ਲੋਕਾਂ ਦੇ ਮਨਾਂ ਵਿਚ ਇਹ ਤਾਂਘ ਹੁੰਦੀ ਹੈ ਕਿ ਲੋਕ ਉਨ੍ਹਾਂ ਦੇ ਸਮਝਦਾਰ ਹੋਣ ਦੀ ਚਰਚਾ ਕਰਨ, ਉਨ੍ਹਾਂ ਨੂੰ ਦਾਦ ਦੇਣ। ਉਨ੍ਹਾਂ ਨੂੰ ਬਿਨਾ ਮੌਕੇ ਅਤੇ ਬਿਨਾ ਲੋੜ ਤੋਂ ਲੋਕਾਂ ਨੂੰ ਸਲਾਹ ਦੇਣ ਦੀ ਆਦਤ ਵੀ ਹੁੰਦੀ ਹੈ। ਉਨ੍ਹਾਂ ਨੂੰ ਇੰਜ ਵੀ ਲੱਗਦਾ ਹੁੰਦਾ ਹੈ ਕਿ ਉਨ੍ਹਾਂ ਜਿੰਨਾ ਕਿਸੇ ਨੂੰ ਗਿਆਨ ਹੀ ਨਹੀਂ ਹੈ। ਜੇਕਰ ਕੋਈ ਵਿਅਕਤੀ ਦੂਜਿਆਂ ਨੂੰ ਬਿਨਾ ਮੰਗੇ ਗਿਆਨ ਅਤੇ ਸਲਾਹ ਪਰੋਸਦਾ ਹੈ ਤਾਂ ਕਈ ਵਾਰ ਉਸ ਬਾਰੇ ਲੋਕਾਂ ਦੀ ਇਹ ਰਾਏ ਵੀ ਬਣ ਜਾਂਦੀ ਹੈ ਕਿ ਉਹ ਐਵੇਂ ਲੋਕਾਂ ਨੂੰ ਸਲਾਹਾਂ ਵੰਡੀ ਜਾਂਦਾ ਹੈ। ਉਹ ਆਪਣੇ ਆਪ ਨੂੰ ਬਹੁਤ ਸਮਝਦਾਰ ਅਤੇ ਗਿਆਨੀ ਸਮਝਦਾ ਹੈ। ਜੇਕਰ ਉਸਦੀ ਦਿੱਤੀ ਗਈ ਸਲਾਹ ਨੂੰ ਕੋਈ ਨਾ ਮੰਨੇ ਅਤੇ ਉਸ ਵੱਲੋਂ ਵਿਖਾਈ ਗਈ ਸਮਝਦਾਰੀ ਨਾਲ ਸਹਿਮਤ ਨਾ ਹੋਵੇ ਤਾਂ



ਉਸਦੇ ਮਨ ਵਿਚ ਤਲਖ਼ੀ ਪੈਦਾ ਹੋਣ ਦੀ ਸੰਭਾਵਨਾ ਵੀ ਬਣ ਜਾਂਦੀ ਹੈ। ਦੋਹਾਂ ਧਿਰਾਂ ਵਿਚ ਬਹਿਸਬਾਜ਼ੀ ਹੋਣ ਦੀ ਨੌਬਤ ਵੀ ਪੈਦਾ ਹੋ ਜਾਂਦੀ ਹੈ। ਉਨ੍ਹਾਂ ਦੇ ਸਬੰਧਾਂ ਵਿੱਚ ਬਿਗਾੜ ਵੀ ਪੈਦਾ ਹੋ ਜਾਂਦਾ ਹੈ। ਲੋਕ ਉਸਦੀ ਪਿੱਠ ਪਿੱਛੇ ਉਸ ਬਾਰੇ ਸੌ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।

ਦੂਜੇ ਪਾਸੇ ਬੁੱਧੀਮਾਨ ਚੁੱਪ ਰਹਿ ਕੇ ਇਹੋ ਜਿਹੇ ਹਾਲਾਤਾਂ ਤੋਂ ਬਚਿਆ ਰਹਿੰਦਾ ਹੈ। ਜਿਨ੍ਹਾਂ ਪਰਿਵਾਰਾਂ ਦੇ ਬਜ਼ੁਰਗ ਸਮਝਦਾਰ ਹੋਣ ਨਾਲੋਂ ਬੁੱਧੀਮਾਨ ਹੁੰਦੇ ਹਨ, ਉਨ੍ਹਾਂ ਪਰਿਵਾਰਾਂ ਦਾ ਪਰਿਵਾਰਕ ਮਾਹੌਲ ਸੁਖਾਵਾਂ ਹੁੰਦਾ ਹੈ। ਜਿਹੜੇ ਅਦਾਰਿਆਂ ਦੇ ਮੁਖੀ ਆਪਣੇ ਮਤਾਹਿਤਾਂ ਨਾਲ ਬੁੱਧੀਮਾਨ ਬਣ ਕੇ ਵਿਚਰਦੇ ਹਨ, ਉਹ ਬਹੁਤ ਹੀ ਸਫਲ ਪ੍ਰਬੰਧਕ ਮੰਨੇ ਜਾਂਦੇ ਹਨ। ਜਿਹੜੇ ਪਤੀ-ਪਤਨੀ ਇੱਕ ਦੂਜੇ ਨਾਲ ਸਮਝਦਾਰ ਬਣਨ ਦੀ ਬਜਾਏ ਬੁੱਧੀਮਾਨ ਬਣ ਕੇ ਜ਼ਿੰਦਗੀ ਬਸਰ ਕਰਦੇ ਹਨ, ਉਨ੍ਹਾਂ ਦੇ ਸਬੰਧਾਂ ਵਿੱਚ ਬਿਗਾੜ ਬਹੁਤ ਘੱਟ ਪੈਂਦਾ ਹੈ। ਬਿਨਾ ਗਿਆਨ, ਸਮਝ ਅਤੇ ਜਾਣਕਾਰੀ ਤੋਂ ਹਰ ਮਸਲੇ ਅਤੇ ਸਮੱਸਿਆ ਬਾਰੇ ਦੂਜਿਆਂ ਨਾਲ ਬਹਿਸ ਕਰਨਾ ਮੂਰਖ ਲੋਕਾਂ ਦੇ ਸੁਭਾਅ ਦਾ ਹਿੱਸਾ ਅਤੇ ਆਦਤ ਹੁੰਦੀ ਹੈ। ਮੂਰਖ ਲੋਕਾਂ ਦੀ ਇਸ ਆਦਤ ਕਾਰਨ ਹੀ ਲੜਾਈ ਝਗੜੇ ਦੀ ਨੌਬਤ ਪੈਦਾ ਹੁੰਦੀ ਹੈ।

ਇਤਿਹਾਸ ਦਾ ਪ੍ਰਸਿੱਧ ਵਿਦਵਾਨ ਚਾਣਕਿਆ ਇੱਕ ਸਭਾ 'ਚ ਸੰਬੋਧਨ ਕਰਦੇ ਹੋਏ ਕਹਿੰਦਾ ਹੈ ਕਿ ਵੇਖਣ ਨੂੰ ਸਾਰੇ ਵਿਅਕਤੀ ਇੱਕੋ ਜਿਹੇ ਲੱਗਦੇ ਹਨ, ਪਰ ਬੁੱਧੀਮਾਨ, ਸਮਝਦਾਰ ਅਤੇ ਮੂਰਖਾਂ 'ਚ ਵਖਰੇਵਾਂ ਉਦੋਂ ਹੁੰਦਾ ਹੈ, ਜਦੋਂ ਮੂਰਖ ਲੋਕ ਬਿਨਾ ਮਤਲਬ ਦੀ ਬਹਿਸ ਛੇੜ ਕੇ ਫਸਾਦ ਖੜ੍ਹੇ ਕਰ ਦਿੰਦੇ ਹਨ। ਮੂਰਖ ਲੋਕ ਆਪਣੀ ਆਦਤ ਤੋਂ ਮਜਬੂਰ ਹੁੰਦੇ ਹਨ। ਉਨ੍ਹਾਂ ਨੂੰ ਕੋਈ ਪੁੱਛੇ ਜਾਂ ਨਾ ਪੁੱਛੇ, ਉਹ ਦੂਜਿਆਂ ਦੇ ਮਸਲਿਆਂ ਵਿੱਚ ਦਖਲ-ਅੰਦਾਜ਼ੀ ਕਰਨ ਤੋਂ ਰਹਿ ਨਹੀਂ ਸਕਦੇ। ਇੱਕ ਮੂਰਖ ਵਿਅਕਤੀ ਹੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਅਦਾਰਿਆਂ ਦਾ ਮਾਹੌਲ ਵਿਗਾੜ ਦਿੰਦਾ ਹੈ। ਉਹ ਮੂਰਖ ਲੋਕ ਹੀ ਹੁੰਦੇ ਹਨ, ਜੋ ਸਿਆਸੀ ਪਾਰਟੀਆਂ ਪ੍ਰਤੀ ਆਪਣੀ ਵਫ਼ਾਦਾਰੀ ਵਿਖਾਉਣ ਹਿਤ ਮੁਫ਼ਤ ਦੀ ਬੇਲੋੜੀ ਬਹਿਸ ਵਿੱਚ ਪੈ ਕੇ ਲੜਾਈ ਝਗੜੇ ਖੜ੍ਹੇ ਕਰ ਲੈਂਦੇ ਹਨ। ਕਈ ਵਾਰ ਤਾਂ ਨੌਬਤ ਪੁਲਿਸ ਥਾਣਿਆਂ ਅਤੇ ਅਦਾਲਤਾਂ ਤੱਕ ਪਹੁੰਚ ਜਾਂਦੀ ਹੈ। ਜ਼ਿਆਦਾਤਰ ਲੜਾਈ ਝਗੜੇ ਮੂਰਖ ਲੋਕਾਂ ਵੱਲੋਂ ਕੀਤੀ ਜਾਣ ਵਾਲੀ ਬਹਿਸ ਦੀ ਹੀ ਉਪਜ ਹੁੰਦੇ ਹਨ।

ਇੱਕ ਵਾਰ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਸਬੰਧ ਰੱਖਣ ਵਾਲੇ ਦੋ ਨੌਜਵਾਨ ਕਿਸੇ ਸਿਆਸੀ ਮਸਲੇ ਨੂੰ ਲੈ ਕੇ ਆਪਸ 'ਚ ਬਹਿਸ ਪਏ। ਬਹਿਸ ਲੜਾਈ ਝਗੜੇ ਤੋਂ ਮਾਰ ਕੁਟਾਈ ਤੱਕ ਪਹੁੰਚ ਗਈ। ਸੱਤਾਧਾਰੀ ਪਾਰਟੀ ਵਾਲੇ ਲੀਡਰਾਂ ਨੇ ਵਿਰੋਧੀ ਪਾਰਟੀ ਵਾਲੇ ਨੌਜਵਾਨ ਉੱਤੇ ਪਰਚਾ ਕਰਵਾ ਕੇ ਉਸਨੂੰ ਅਦਾਲਤਾਂ ਦੀਆਂ ਤਰੀਕਾਂ ਭੁਗਤਣ ਜੋਗਾ ਕਰ ਦਿੱਤਾ। ਵਿਰੋਧੀ ਪਾਰਟੀ ਦੇ ਜਿਸ ਲੀਡਰ ਦਾ ਉਹ ਨੌਜਵਾਨ ਪੱਖ ਲੈ ਰਿਹਾ ਸੀ, ਉਹ ਪਾਰਟੀ ਬਦਲ ਕੇ ਸੱਤਾਧਾਰੀ ਪਾਰਟੀ ਵਿੱਚ ਚਲਾ ਗਿਆ, ਪਰ ਉਸ ਨੌਜਵਾਨ ਉੱਤੇ ਅਜੇ ਵੀ ਕੇਸ ਚੱਲ ਰਿਹਾ ਹੈ। ਬੁੱਧੀਮਾਨ ਲੋਕ ਕਿਸੇ ਵੀ ਵਿਸ਼ੇ ਉੱਤੇ ਆਪਣੇ ਵਿਚਾਰ ਰੱਖਣ ਤੋਂ ਪਹਿਲਾਂ ਉਸ ਬਾਰੇ ਇਹ ਸੋਚ ਵਿਚਾਰ ਜਰੂਰ ਕਰਦੇ ਹਨ ਕਿ ਕਿੰਨੇ ਕੁ ਲੋਕਾਂ ਦੀ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤੀ ਹੋਵੇਗੀ ਤੇ ਉਨ੍ਹਾਂ ਉੱਤੇ ਉਸ ਦਾ ਕੀ ਪ੍ਰਭਾਵ ਹੋਵੇਗਾ, ਪਰ ਸਮਝਦਾਰ ਲੋਕ ਆਪਣਾ ਪੱਖ ਰੱਖਣ ਵੇਲੇ ਜਾਂ ਸਲਾਹ ਦੇਣ ਵੇਲੇ ਐਨੀ ਡੂੰਘਾਈ ਨਾਲ ਨਹੀਂ ਸੋਚਦੇ।

ਮੂਰਖ ਤਦ ਹੀ ਸਮਝਦਾਰ ਬਣ ਸਕਦਾ ਹੈ, ਜੇਕਰ ਉਹ ਖਾਹਮਖਾਹ ਦੀ ਬਹਿਸ ਕਰਨੀ ਛੱਡ ਕੇ ਬੁੱਧੀਮਾਨ ਅਤੇ ਸਮਝਦਾਰ ਲੋਕਾਂ ਤੋਂ ਗਿਆਨ ਹਾਸਲ ਕਰਦਾ ਹੈ, ਆਪਣੀ ਹੈਂਕੜ ਛੱਡ ਕੇ ਆਪਣੀਆਂ ਖਾਮੀਆਂ ਬਾਰੇ ਆਤਮ ਚਿੰਤਨ ਕਰਦਾ ਹੈ। ਸਮਝਦਾਰ ਵਿਅਕਤੀ ਬੁੱਧੀਮਾਨ ਤਦ ਹੀ ਕਹਾ ਸਕਦਾ ਹੈ, ਜੇਕਰ ਉਹ ਬੁੱਧੀਮਾਨ ਅਤੇ ਸਮਝਦਾਰ ਹੋਣ ਵਿੱਚ ਪਾਏ ਜਾਣ ਵਾਲੇ ਫਰਕ ਨੂੰ ਅਨੁਭਵ ਕਰਕੇ ਆਪਣੇ ਆਪ ਨੂੰ ਬੁੱਧੀਮਾਨਾਂ ਦੀ ਸ਼੍ਰੇਣੀ 'ਚ ਸ਼ਾਮਿਲ ਕਰਨ ਲਈ ਯਤਨਸ਼ੀਲ ਹੁੰਦਾ ਹੈ। ਜਿਸ ਦੇਸ਼ ਅਤੇ ਸਮਾਜ ਵਿਚ ਬੁੱਧੀਮਾਨ ਅਤੇ ਸਮਝਦਾਰ ਲੋਕਾਂ ਦੀ ਨਫ਼ਰੀ ਜਿੰਨੀ ਜ਼ਿਆਦਾ ਹੁੰਦੀ ਹੈ, ਉਹ ਉਨੀਂ ਹੀ ਵੱਧ ਤਰੱਕੀ ਕਰਦੇ ਹਨ। ਉਨ੍ਹਾਂ ਵਿਚ ਲੜਾਈ ਝਗੜੇ ਅਤੇ ਫਸਾਦ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ, ਪਰ ਮੂਰਖਾਂ ਦੀ ਵੱਧ ਗਿਣਤੀ ਦੇਸ਼ ਅਤੇ ਸਮਾਜ ਦੀ ਤਰੱਕੀ ਵਿੱਚ ਅੜਿੱਕਾ ਵੀ ਹੁੰਦੀ ਹੈ ਤੇ ਉਹ ਸ਼ਾਂਤੀ ਤੇ ਸਦਭਾਵਨਾ ਵਾਲਾ ਮਾਹੌਲ ਵੀ ਨਹੀਂ ਰਹਿਣ ਦਿੰਦੇ। ਮਹਾਨ ਚਿੰਤਕ ਜੌਨ ਲੋਕੇ ਕਹਿੰਦਾ ਹੈ ਕਿ ਬੁੱਧੀਮਾਨ ਇਸ ਤੱਥ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦਾ ਹੈ ਕਿ ਹਰ ਕਿਸੀ ਅੰਦਰ ਆਪਣੀ ਤਾਕਤ ਅਤੇ ਕਮਜੋਰੀ ਹੁੰਦੀ ਹੈ, ਇਸ ਲਈ ਮੱਛੀ ਜੰਗਲ ਵਿੱਚ ਤੈਰ ਨਹੀਂ ਸਕਦੀ, ਸ਼ੇਰ ਪਾਣੀ ਵਿੱਚ ਰਾਜ ਨਹੀਂ ਕਰ ਸਕਦਾ।

ਹਰ ਵਿਅਕਤੀ ਦੀ ਆਪਣੀ ਅਹਿਮੀਅਤ ਹੁੰਦੀ ਹੈ, ਸਮਝਦਾਰ ਤੱਥ ਉੱਤੇ ਆਪਣੀ ਸਮਝ ਵਿਖਾਉਂਦਾ ਹੋਇਆ ਇਸ ਉੱਤੇ ਕਿੰਤੂ ਪ੍ਰੰਤੂ ਕਰਦਾ ਹੈ, ਪਰ ਮੂਰਖ ਇਸ ਉੱਤੇ ਬਹਿਸ ਕਰਨੀ ਸ਼ੁਰੂ ਕਰ ਦਿੰਦਾ ਹੈ। ਬੁੱਧੀਮਾਨ ਦੂਜੇ ਲੋਕਾਂ ਦੇ ਉਪਯੋਗੀ ਵਿਚਾਰਾਂ ਦੀ ਕਦਰ ਕਰਦਾ ਹੈ, ਉਨ੍ਹਾਂ ਤੋਂ ਹੋਰ ਸਿੱਖਣ ਦਾ ਯਤਨ ਵੀ ਕਰਦਾ ਹੈ। ਹਰ ਸਮਝਦਾਰ ਆਪਣੀ ਸਮਝ ਵਿਖਾਉਣ ਲਈ ਉਨ੍ਹਾਂ ਉੱਤੇ ਪ੍ਰਸ਼ਨ ਚੁੱਕਦਾ ਹੈ, ਪਰ ਮੂਰਖ ਉਨ੍ਹਾਂ ਉੱਤੇ ਬੇਹੂਦੀ ਬਹਿਸ ਕਰਨ ਲੱਗ ਪੈਂਦਾ ਹੈ।

# ਪੇਰੂ ਅਤੇ ਐਕੂਆਡੋਰ ’ਚ ਵੱਸਦੇ ਪੰਜਾਬੀਆਂ ਦੀ ਗੱਲ

**ਬੋਲਦੇ ਪੰਨੇ**

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ:+91-9781646008**



***ਪੰਜਾਬੀ ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ ਹੈ। ਪੇਰੂ ਅਤੇ ਐਕੂਆਡੋਰ- ਇਨ੍ਹਾਂ ਦੋਹਾਂ ਮੁਲਕਾਂ ਵਿੱਚ ਪੰਜਾਬੀਆਂ ਦੀ ਆਬਾਦੀ ਲਗਪਗ ਨਾਮਾਤਰ ਹੈ, ਪਰ ਫਿਰ ਵੀ ਪੰਜਾਬੀਆਂ ਨੇ ਇੱਥੇ ਪੰਜਾਬੀਅਤ ਦੇ ਝੰਡੇ ਬੁਲੰਦ ਕਰਨ ਤੇ ਬੁਲੰਦ ਰੱਖਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਆਓ, ਇਨ੍ਹਾਂ ਮੁਲਕਾਂ ਅੰਦਰ ਵੱਸਦੇ ਪੰਜਾਬੀਆਂ ਦੀ ਗੱਲ ਕਰੀਏ, ਜੋ ਦੱਖਣ ਅਮਰੀਕੀ ਖਿੱਤੇ ਵਿੱਚ ਪੈਂਦੇ ਹਨ...***

ਦੱਖਣੀ ਅਮਰੀਕਾ ਦੇ ਪੱਛਮੀ ਖਿੱਤੇ ਵਿੱਚ ਪੈਂਦੇ ਦੇਸ਼ ਪੇਰੂ ਦੀ ਰਾਜਧਾਨੀ ਲੀਮਾ ਹੈ ਤੇ ਇੱਥੋਂ ਦੀ ਆਬਾਦੀ ਸਾਲ 2024 ਵਿੱਚ 3.42 ਕਰੋੜ ਸੀ। ਇਸ ਮੁਲਕ ਨੂੰ ਉੱਤਰ ਦਿਸ਼ਾ ਵਿੱਚ ਐਕੁਆਡੋਰ ਅਤੇ ਕੋਲੰਬੀਆ, ਦੱਖਣ ਵਿੱਚ ਚਿਲੀ, ਦੱਖਣ-ਪੂਰਬ ਵਿੱਚ ਬੋਲੀਵਿਆ ਅਤੇ ਪੂਰਬ ਵਿੱਚ ਬ੍ਰਾਜ਼ੀਲ ਦੀਆਂ ਹੱਦਾਂ ਛੂੰਹਦੀਆਂ ਹਨ। ਦੋ ਦਿਸ਼ਾਵਾਂ ਤੋਂ ਪ੍ਰਸ਼ਾਂਤ ਮਹਾਂਸਾਗਰ ਵੀ ਇਸ ਕੁਦਰਤੀ ਖ਼ੂਬਸੂਰਤੀ ਨਾਲ ਮਾਲਾਮਾਲ ਮੁਲਕ ਨੂੰ ਛੂੰਹਦਾ ਹੈ। ਇਸਦੇ ਕੋਲ ਮੈਦਾਨੀ ਇਲਾਕਾ ਵੀ ਹੈ, ਐਂਡਸ ਪਰਬਤ ਲੜੀ ਵੀ ਹੈ ਤੇ ਐਮਾਜ਼ੋਨ ਦਰਿਆ ਦੇ ਨਾਲ ਨਾਲ ਐਮਾਜ਼ੋਨ ਜੰਗਲਾਂ ਦੀ ਛੋਹ ਵੀ ਹਾਸਿਲ ਹੈ। ਕੁੱਲ 12,85,216 ਵਰਗ ਕਿਲੋਮੀਟਰ ਖੇਤਰਫ਼ਲ ਨਾਲ ਇਹ ਮੁਲਕ ਦੱਖਣੀ ਅਮਰੀਕਾ ਦਾ ਤੀਜਾ ਸਭ ਤੋਂ ਵੱਡਾ ਮੁਲਕ ਹੈ।

ਪੇਰੂ ਵਿਖੇ ਵੱਸਦੇ ਭਾਰਤੀਆਂ ਦੀ ਕੁੱਲ ਸੰਖਿਆ 450 ਦੇ ਲਗਪਗ ਹੈ ਤੇ ਪੰਜਾਬੀਆਂ ਦੀ ਗਿਣਤੀ ਤਾਂ ਇੱਥੇ ਸਿਰਫ ਦਰਜਨ ਭਰ ਹੀ ਹੈ, ਜੋ ‘ਆਟੇ ਵਿੱਚ ਲੂਣ ਦੇ ਬਰਾਬਰ’ ਕਹੀ ਜਾ ਸਕਦੀ ਹੈ; ਪਰ ਇੱਥੇ ਇਹ ਬੜੇ ਹੀ ਫ਼ਖ਼ਰ ਨਾਲ ਦੱਸਣਾ ਬਣਦਾ ਹੈ ਕਿ ਇੱਥੇ ਹਾਜ਼ਰ ਇੱਕ ਪੰਜਾਬੀ ਵੀ ਸਵਾ ਲੱਖ ਪੰਜਾਬੀਆਂ ਦੇ ਬਰਾਬਰ ਕੰਮ ਕਰ ਰਿਹਾ ਹੈ ਤੇ ਘੱਟ ਗਿਣਤੀ ਦੇ ਬਾਵਜੂਦ ਪੰਜਾਬੀਆਂ ਦਾ ਨਾਂ ਰੌਸ਼ਨ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ ਹੈ। ਪੰਜਾਬੀਆਂ ਵੱਲੋਂ ਆਪਣੀ ਫ਼ਿਤਰਤ ਅਨੁਸਾਰ ਪੇਰੂ ਦੀ ਰਾਜਧਾਨੀ ਲੀਮਾ ਵਿਖੇ ਚਲਾਇਆ ਜਾ ਰਿਹਾ ‘ਲੰਗਰ ਪੇਰੂ’ ਨਾਮਕ ਪ੍ਰਾਜੈਕਟ ਲੋੜਵੰਦਾਂ ਨੂੰ ਭੋਜਨ ਉਪਲਬਧ ਕਰਾਉਣ ਦੀ ਸੇਵਾ ਨਿਭਾਅ ਰਿਹਾ ਹੈ। ਮੁੱਖ ਸੇਵਾਦਾਰ ਸ. ਕ੍ਰਿਸ਼ਨ ਸ਼ਿਵਾ ਸਿੰਘ ਵੱਲੋਂ ਚਲਾਏ ਜਾ ਰਹੇ ਇਸ ਲੰਗਰ ਦੀ ਚਰਚਾ ਕੋਵਿਡ-19 ਦੇ ਵੇਲੇ ਦੇਸ਼-ਵਿਦੇਸ਼ ਵਿੱਚ ਹੋਈ ਸੀ ਤੇ ਪੰਜਾਬੀਆਂ ਵੱਲੋਂ ਇੱਥੇ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਆਪਣੇ ਗੁਰੂਆਂ ਦੇ ਦਰਸਾਏ ‘ਸਰਬੱਤ ਦਾ ਭਲਾ’ ਦੇ ਮਾਰਗ ’ਤੇ ਚੱਲਣ ਦਾ ਪ੍ਰਮਾਣ ਪੇਸ਼ ਕਰ ਗਈ ਸੀ।

ਇੱਥੇ ਹੀ ਬਸ ਨਹੀਂ! ਸੰਨ 2025 ਦੇ ਸਤੰਬਰ ਮਹੀਨੇ ਇੰਸਟਾਗ੍ਰਾਮ ’ਤੇ ‘ਪੇਰੂ ਵਿੱਚ ਦੋ ਪੰਜਾਬੀ ਭਰਾ’ ਨਾਂ ਦੀ ਪੋਸਟ ਸਾਂਝੀ ਕੀਤੀ ਗਈ ਸੀ, ਜਿਸ ਵਿੱਚ ਦੋ ਪੰਜਾਬੀ ਭਰਾਵਾਂ ਨੂੰ ‘ਕਸਕੋ’ ਨਾਮਕ ਪਹਾੜੀ ਖਿੱਤੇ ਵਿੱਚ ਟ੍ਰੈਕਿੰਗ ਕਰਦੇ ਵਿਖਾਇਆ ਗਿਆ ਸੀ। ਇਸੇ ਤਰ੍ਹਾਂ ਇੱਕ ਹੋਰ ਪੋਸਟ ਵਿੱਚ ਇੱਕ ਸ਼ਖ਼ਸ ਨੂੰ ਲੀਮਾ ਵਿਖੇ ਸਿੱਖ ਵਿਰਾਸਤ ਦੀ ਖੋਜ ਕਰਦਿਆਂ ਦਰਸਾਇਆ ਗਿਆ ਸੀ। ਇੱਥੇ ਵੱਸਣ ਵਾਲੇ ਪੰਜਾਬੀ ਲੋਕ ਗਾਹੇ-ਬਗਾਹੇ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਕੋਈ ਤਸਵੀਰ ਜਾਂ ਵੀਡੀਓ ਸੋਸ਼ਲ ਮੀਡੀਆ ’ਤੇ ਸਾਂਝਾ ਕਰਦੇ ਹੀ ਰਹਿੰਦੇ ਹਨ। ਇਸ ਸਾਰੇ ਬਿਰਤਾਂਤ ਦਾ ਭਾਵ ਹੈ ਕਿ ਪੰਜਾਬੀ ਇੱਥੇ ਭਾਵੇਂ ਘੱਟ ਗਿਣਤੀ ਵਿੱਚ ਹਨ, ਪਰ ‘ਪੰਜਾਬੀਆਂ ਦੀ ਗੱਲ’ ਪੇਰੂ ਵਿੱਚ ਵੀ ਅਕਸਰ ਹੁੰਦੀ ਹੀ ਰਹਿੰਦੀ ਹੈ। ਉਂਜ ਪੇਰੂ ਦੇ ਟੂਰਿਜ਼ਮ ਵਿਭਾਗ ਨੇ ਇਸੇ ਸਾਲ ਭਾਰਤੀ ਟਰੈਵਲ ਇੰਡਸਟਰੀ ਨਾਲ ਮੇਲ-ਜੋਲ ਵਧਾਉਂਦਿਆਂ ਇੱਥੇ ਬਤੌਰ ਟੂਰਿਸਟ ਆਉਣ ਵਾਲੇ ਭਾਰਤੀਆਂ ਤੇ ਪੰਜਾਬੀਆਂ ਦੀ ਸੰਖਿਆ ਦੁੱਗਣੀ ਕਰਨ ਦੀ ਪੇਸ਼ਕਸ਼ ਕੀਤੀ ਸੀ। ਇੱਥੇ ਇੱਕ ਸੱਭਿਆਚਾਰਕ ਸਮਾਗਮ ਦੌਰਾਨ ਪੰਜਾਬੀਆਂ ਦੁਆਰਾ ਭੰਗੜਾ ਪਾਏ ਜਾਣ ਦੀ ਵੀਡੀਓ ਵੀ ਉਪਲਬਧ ਹੈ।



**ਪੇਰੂ ਵਿਖੇ ਵੱਸਦੇ ਸ. ਪ੍ਰਤਾਪ ਸਿੰਘ**

ਪੰਜਾਬੀ ਪੱਤਰਕਾਰਾਂ ਵੱਲੋਂ ਵੀ ਇੱਥੇ ਵੱਸਦੇ ਪੰਜਾਬੀਆਂ ਦੁਆਰਾ ਕੀਤੇ ਜਾਣ ਵਾਲੇ ਧਾਰਮਿਕ ਅਤੇ ਸੱਭਿਅਚਾਰਕ ਵਰਤਾਰਿਆਂ ਦੀਆਂ ਖ਼ਬਰਾਂ ਅਕਸਰ ਹੀ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇੱਥੇ ਸਥਿਤ ‘ਯੂਨਾਇਟਡ ਸਿੱਖ’ ਨਾਮੀਂ ਜਥੇਬੰਦੀ ਦੇ ਸਹਿਯੋਗ ਨਾਲ ਭਾਰਤ ਵਿੱਚ ਇੱਕ ਪਰਿਵਾਰ ਦੇ ਮੁੜ ਵਸੇਬੇ ਲਈ ਮਾਲੀ ਮਦਦ ਵੀ ਕੀਤੀ ਜਾ ਚੁੱਕੀ ਹੈ। ਇਥੇ ਵੱਸਦੇ ਸ. ਪ੍ਰਤਾਪ ਸਿੰਘ ਇੱਕ ਪੂਰਨ ਗੁਰਸਿੱਖ ਪਰਿਵਾਰ ਦੇ ਮੁਖੀ ਹਨ। ਉਨ੍ਹਾਂ ਨੇ ਇੱਥੇ ਆ ਕੇ ਇੱਕ ਸਥਾਨਕ ਮਹਿਲਾ ਨਾਲ ਵਿਆਹ ਕੀਤਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਪੇਰੂ ਦੇ ਆਜ਼ਾਦੀ ਸਮਾਗਮ ਦੇ ਜਸ਼ਨਾਂ ਸਮੇਂ ਸ. ਪ੍ਰਤਾਪ ਸਿੰਘ ਨੂੰ ਪੇਰੂ ਦਾ ਕੌਮੀ ਝੰਡਾ ਫੜ੍ਹ ਕੇ ਪਰੇਡ ਵਿੱਚ ਭਾਗ ਲੈਣ ਦਾ ਮਾਣ ਦਿੱਤਾ ਗਿਆ ਸੀ। ਇੱਥੇ ਇਹ ਵੀ ਵਰਣਨਯੋਗ ਹੈ ਕਿ ਪੇਰੂ ਵਿਖੇ ਇੱਕ ਵੀ ਗੁਰਦੁਆਰਾ ਸਾਹਿਬ ਸੁਸ਼ੋਭਿਤ ਨਹੀਂ ਹੈ, ਜਦੋਂ ਕਿ ਪੰਜਾਬੀਆਂ ਵੱਲੋਂ ਇਸ ਕਾਰਜ ਲਈ ਯਤਨ ਜਾਰੀ ਹਨ।

ਦੱਖਣੀ ਅਮਰੀਕਾ ਦੇ ਘੇਰੇ ਅੰਦਰ ਹੀ ਸਥਿਤ ਐਕੁਆਡੋਰ ਇੱਕ ਹੋਰ ਅਜਿਹਾ ਮੁਲਕ ਹੈ, ਜਿੱਥੇ ਪੰਜਾਬੀਆਂ ਦੀ ਵੱਸੋਂ ਬਹੁਤ ਹੀ ਘੱਟ ਹੈ। ਇਹ ਮੁਲਕ ਦੱਖਣੀ ਅਮਰੀਕਾ ਦੇ ਉੱਤਰ-ਪੱਛਮ ਵਿੱਚ ਸਥਿਤ ਹੈ। ਇਸਦੀ ਰਾਜਧਾਨੀ ‘ਕੋਇਟੋ’ ਹੈ ਤੇ ਇਸ ਮੁਲਕ ਦਾ ਕੁੱਲ ਰਕਬਾ 2,83,561 ਵਰਗ ਕਿਲੋਮੀਟਰ ਹੈ। ਸਾਲ 2023 ਦੀ ਜਨਗਣਨਾ ਅਨੁਸਾਰ ਇੱਥੋਂ ਦੀ ਆਬਾਦੀ 1.75 ਕਰੋੜ ਦੇ ਕਰੀਬ ਸੀ। ਇੱਥੇ ਜਨਸੰਖਿਆ ਘਣਤਾ 69 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ ਤੇ ਕਰੰਸੀ ਪੱਖੋਂ ਇੱਥੇ ਅਮਰੀਕੀ ਡਾਲਰ ਚੱਲਦਾ ਹੈ। ਇੱਥੋਂ ਦੀ 89 ਫ਼ੀਸਦੀ ਆਬਾਦੀ ਈਸਾਈ ਧਰਮ ਨੂੰ ਮੰਨਦੀ ਹੈ, ਜਦੋਂ ਕਿ ਇੱਥੋਂ ਦੇ 8.9 ਫ਼ੀਸਦੀ ਨਿਵਾਸੀ ਕਿਸੇ ਵੀ ਧਰਮ ਵਿੱਚ ਆਸਥਾ ਨਹੀਂ ਰੱਖਦੇ ਹਨ।

ਐਕੁਆਡੋਰ ਇੱਕ ਅਜਿਹਾ ਮੁਲਕ ਹੈ, ਜਿੱਥੇ ਵੱਸਦੇ ਪੰਜਾਬੀਆਂ ਦੀ ਸੰਖਿਆ ਸਿਰਫ 6 ਹੈ। ਉਂਜ ਵੱਖ-ਵੱਖ ਸਰੋਤਾਂ ਤੋਂ ਇਹ ਜਾਣਕਾਰੀ ਹਾਸਿਲ ਹੋਈ ਹੈ ਕਿ ਬੀਤੇ ਕੁਝ ਵਰ੍ਹਿਆਂ ਵਿੱਚ ਅਮਰੀਕਾ ਵਿਖੇ ਲਿਜਾ ਕੇ ਵਸਾਉਣ ਦਾ ਝਾਂਸਾ ਦੇ ਕੇ ਕੁਝ ਇੱਕ ਪੰਜਾਬੀਆਂ ਨੂੰ ਐਕੁਆਡੋਰ ਲਿਆਂਦਾ ਗਿਆ ਸੀ ਤੇ ਠੱਗ ਲਿਆ ਗਿਆ ਸੀ। ਪੰਜਾਬੀ ਸਿੱਖਾਂ ਦੇ ਇੱਕ ਵਰਗ ਵੱਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਸੰਨ 1985 ਵਿੱਚ ‘ਕੁਇਟੋ’ ਵਿਖੇ ‘ਅੰਬੈਸੀ ਆੱਫ਼ ਖ਼ਾਲਿਸਤਾਨ’ ਦੀ ਸਥਾਪਨਾ ਕੀਤੀ ਗਈ ਸੀ ਤਾਂ ਕਿ ਪੰਜਾਬ ਅੰਦਰ ਵੱਸਦੇ ਸਿੱਖ ਕਿਸਾਨਾਂ ਨੂੰ ਐਕੁਆਡੋਰ ਵਿਖੇ ਲਿਆਂਦਾ ਜਾ ਸਕੇ, ਪਰ ‘ਸਿੱਖ ਗਲੋਬਲ ਵਿਲੇਜ’ ਦੁਆਰਾ ਜਾਰੀ ਇੱਕ ਰਿਪੋਰਟ ਅਨੁਸਾਰ ਸਥਾਨਕ ਪ੍ਰਸ਼ਾਸਨ ਜਾਂ ਸਰਕਾਰ ਨੇ ਉਸ ਵਕਤ ਇੱਥੇ ਅਜਿਹੀ ਕਿਸੇ ਵੀ ਤਰ੍ਹਾਂ ਦੀ ਅੰਬੈਸੀ ਦੀ ਹੋਂਦ ਤੋਂ ਇਨਕਾਰ ਕੀਤਾ ਹੈ। ਉਂਜ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਅਜਿਹੀਆਂ ਕੁਝ ਖ਼ਬਰਾਂ ਜ਼ਰੂਰ ਸਾਹਮਣੇ ਆਈਆਂ ਸਨ ਕਿ ਐਕੁਆਡੋਰ ਦੀ ਸਰਕਾਰ ਦੇ ਨੁਮਾਇੰਦਿਆਂ ਅਤੇ ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਸਿੱਖ ਆਗੂਆਂ ਦਰਮਿਆਨ ਅਗਸਤ 1985 ਵਿੱਚ ਲੰਦਨ ਵਿਖੇ ਗੱਲਬਾਤ ਹੋਈ ਸੀ। ਇਸ ਗੱਲਬਾਤ ਦੌਰਾਨ ਖ਼ਾਲਿਸਤਾਨ ਪੱਖੀਆਂ ਵੱਲੋਂ ਆਪਣੇ ਮੁੱਖ ਆਗੂ ਜਗਜੀਤ ਸਿੰਘ ਚੌਹਾਨ ਸਹਿਤ ਐਕੁਆਡੋਰ ਦੇ ਸਾਬਕਾ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਗਈ ਸੀ ਤੇ ਇਸ ਗੱਲ ’ਤੇ ਵਿਸਥਾਰ ਸਹਿਤ ਚਰਚਾ ਹੋਈ ਸੀ ਕਿ ਐਕੁਆਡੋਰ ਨੂੰ ‘ਸਿੱਖ ਰਾਜ’ ਜਾਂ ਖ਼ਾਲਿਸਤਾਨ ਦੀ ਕਰਮਭੂਮੀ ਵਜੋਂ ਵਰਤਿਆ ਜਾ ਸਕਦਾ ਹੈ। ਐਕੁਆਡੋਰ ਵੱਲੋਂ ਇਸ ਗੱਲਬਾਤ ਲਈ ਭੇਜੇ ਗਏ ਆਗੂਆਂ ਵਿੱਚ ਸਥਾਨਕ ਨਾਗਰਿਕ ਤੋਂ ਸਿੱਖੀ ਵਿੱਚ ਪਰਵਰਤਿਤ ਹੋਏ ਸ. ਆਤਮਾ ਸਿੰਘ ਖ਼ਾਲਸਾ ਵੀ ਸ਼ਾਮਿਲ ਸੀ, ਜਿਸਨੂੰ ਕਿ ਐਕੁਆਡੋਰ ਦਾ ਸਭ ਤੋਂ ਪਹਿਲਾ ਸਿੱਖ ਹੋਣ ਦਾ ਸ਼ਰਫ਼ ਦਿੱਤਾ ਗਿਆ ਸੀ। ਐਕੁਆਡੋਰ ਤੋਂ ਆਏ ਇਸ ਦਲ ਨੇ ਵੀ ਐਕੁਆਡੋਰ ਵਿਖੇ ਸਿੱਖ ਹੋਮਲੈਂਡ ਸਥਾਪਿਤ ਕਰਨ ਦੀ ਇੱਛਾ ਜ਼ਾਹਿਰ ਕੀਤੀ ਸੀ।

ਬੜੀ ਹੀ ਹੈਰਾਨੀ ਦੀ ਗੱਲ ਹੈ ਕਿ ਬਾਅਦ ਵਿੱਚ ਐਕੁਆਡੋਰ ਦੀ ਸਰਕਾਰ ਨੇ ਉਕਤ ਵਿਸ਼ੇ ਅਤੇ ਗੱਲਬਾਤ ਤੋਂ ਆਪਣੇ ਆਪ ਨੂੰ ਪਿੱਛੇ ਹਟਾਉਂਦਿਆਂ ਇਹ ਐਲਾਨ ਕੀਤਾ ਸੀ ਕਿ ਸਰਕਾਰ ਕਿਸੇ ਵੀ ਸਿੱਖ ਵੱਖਵਾਦੀ ਸੰਗਠਨ ਦਾ ਸਮਰਥਨ ਨਹੀਂ ਕਰਦੀ ਹੈ ਤੇ ਨਾ ਹੀ ਸਰਕਾਰ ਦੇ ਕਿਸੇ ਨੁਮਾਇੰਦੇ ਨੇ ਉਕਤ ਮੁੱਦੇ ’ਤੇ ਕਿਸੇ ਵੀ ਸਿੱਖ ਸੰਗਠਨ ਨਾਲ ਕੋਈ ਗੱਲਬਾਤ ਕੀਤੀ ਸੀ। ਉਧਰ ਦੂਜੇ ਪਾਸੇ ਜਗਜੀਤ ਸਿੰਘ ਚੌਹਾਨ ਨੇ ਉਕਤ ਸਾਰੀ ਗੱਲਬਾਤ ਦੇ ਵਾਪਰਨ ਦੀ ਹਾਮੀ ਭਰੀ ਸੀ ਤੇ ਇਹ ਵੀ ਦੱਸਿਆ ਸੀ ਕਿ ਉਸਨੂੰ ਐਕੁਆਡੋਰ ਦੀ ਸਰਕਾਰ ਵੱਲੋਂ ਦਸੰਬਰ 1985 ਵਿੱਚ ਐਕੁਆਡੋਰ ਆਉਣ ਦੀ ਪੇਸ਼ਕਸ਼ ਕੀਤੀ ਗਈ ਸੀ ਅਤੇ ਉਸਨੇ ਇਹ ਵੀ ਦਾਅਵਾ ਕੀਤਾ ਸੀ ਕਿ ਚੰਦ ਹੀ ਮਹੀਨਿਆਂ ਵਿੱਚ ਕਈ ਸਾਰੇ ਸਿੱਖ ਐਕੁਆਡੋਰ ਅੰਦਰ ਪ੍ਰਵੇਸ਼ ਵੀ ਪ੍ਰਾਪਤ ਕਰ ਗਏ ਸਨ।

## ਸ੍ਰਿਸ਼ਟੀ ਦੀ ਚਾਦਰ

ਕਹਿੰਦੇ ਲੱਗਦਾ ਚੌਂਕ ਚਾਂਦਨੀ ਵਿੱਚ ਮੱਚਣਾ ਹੈ ਕੋਈ ਕਹਿਰ ਜਿਹਾ
ਬਿਨ ਪੜ੍ਹਿਆਂ ਚਿਹਰੇ ਦੱਸਦੇ ਸੀ ਕਿਵੇਂ ਸਹਿਮਿਆ ਦਿੱਲੀ ਸ਼ਹਿਰ ਪਿਆ
ਇੱਥੇ ਅਦਭੁੱਤ ਸ਼ਹੀਦੀਆਂ ਹੋਣਗੀਆਂ ਜੋ ਮੁੱਖ ਗੁਰੂ ਵੱਲ ਰੱਖਣਗੀਆਂ
ਸੀ ਤੱਕ ਨਾ ਮੂੰਹ ਤੋਂ ਸੁਣ ਹੋਣਾ ਸਗੋਂ ਜਾਪ ਜਪੁ ਜੀ ਸਾਹਿਬ ਦਾ ਜਪਣਗੀਆਂ
ਭਾਈ ਦਿਆਲੇ ਦੀ ਦੇਗ ਉਬਾਲੇ ਖਾਏਗੀ ਆਰਾ ਮਤੀ ਦਾਸ ਦੇ ਸਿਰ ਚੱਲ ਜਾਣਾ
ਭਾਈ ਸਤੀ ਦਾਸ ਦੁਲਾਰੇ ਸਿੱਖ ਨੇ ਵੀ ਰੂੰ ਤਨ ‘ਤੇ ਲੈ ਕੇ ਹੈ ਸੜ ਜਾਣਾ।

ਇੱਕ ਧਰਮ ਦੀ ਚਾਦਰ ਜੋ ਕੈਦ ਹੈ ਪਿੰਜਰੇ ਵਿੱਚ ਉਸ ਸ੍ਰਿਸ਼ਟੀ ਉੱਤੇ ਤਣ ਜਾਣਾ
ਕੱਚੇ ਸੂਤ ਦਾ ਧਾਗਾ ਬਚਾਉਣ ਲਈ ਗੁਰਾਂ ਆਪਣਾ ਸੀਸ ਧਰਮ ਲਈ ਵਾਰ ਜਾਣਾ
ਸੱਚ ਹੈ ਦੋ ਤੇਗ਼ਾਂ ਜਦ ਟਕਰਾਉਣਗੀਆਂ ਕੋਈ ਨਵੇਂ ਤੂਫ਼ਾਨ ਉਠਾਉਣਗੀਆਂ
ਤੱਕ ਇਹ ਕਹਿਰ ਦੀਆਂ ਘੜੀਆਂ ਨੂੰ ਲਾਲ ਤੂਫ਼ਾਨੀ ਹਨੇਰੀਆਂ ਵਹਿਣਗੀਆਂ
ਉੱਥੇ ਜਾਲਮ ਦੀਆਂ ਅੱਖਾਂ ਚੁੰਧਿਆ ਗਈਆਂ ਤੇ ਭਾਈ ਜੈਤੇ ਨੇ ਝੋਲੀ ਭਰ ਲਈ ਸੀ
ਚੱਕ ਸੀਸ ਗੁਰਾਂ ਦਾ ਸੀਨੇ ਲਾ ਲਿਆ ਤੇ ਤਿਆਰੀ ਆਨੰਦਪੁਰ ਨੂੰ ਉਸ ਕਰ ਲਈ ਸੀ
ਭੁੱਖਣ ਭਾਣਾ ਤੇ ਲੁੱਕਦਾ ਲੁਕਾਉਂਦਾ ਦੋ-ਤਿੰਨ ਪੜਾਅ ਉਹ ਪਾਰ ਕਰ ਗਿਆ ਸੀ
ਪੜ੍ਹਦਾ ਬਾਣੀ ਤੇ ਸਿਰ ਗੱਠੜੀ ਰੱਖ ਭੇਟਾ ਗੁਰੂ ਦੀ ਦੱਸਦਾ ਆਨੰਦਪੁਰ ਵੜ ਗਿਆ ਸੀ।

ਫੜ ਸੀਸ ਦਸ਼ਮੇਸ਼ ਪਿਤਾ ਨੇ ਭਾਈ ਜੈਤੇ ਤੋਂ ਰੋਹ ਵਿੱਚ ਜੈਕਾਰੇ ਛੱਡੇ ਸੀ
ਪੁੱਛਿਆ ਕਿੰਨੇ ਕੁ ਸਨ ਸਿੱਖ ਉੱਥੇ ਜਦ ਸੀਸ ਪਿਤਾ ਜੀ ਦਾ ਕੱਟਿਆ ਸੀ।
ਕਹਿੰਦਾ ਵੱਖਰੀ ਪਹਿਚਾਣ ਨਾ ਹੋਣ ਖਾਤਰ ਮੈਂ ਗਿਣਤੀ ਨਹੀਂ ਸੀ ਕਰ ਸਕਦਾ
ਹੋ ਸਕਦਾ ਹੋਰ ਵੀ ਹੋਣ ਹਾਜ਼ਰ ਐਸੇ ਮੌਕੇ ‘ਤੇ ਕੋਈ ਕੋਈ ਹੀ ਖੜ੍ਹ ਸਕਦਾ
ਸੀਸ ਗੰਜ ਤੇ ਸੀਸ ਦਾ ਸਸਕਾਰ ਕਰਕੇ ਹਾਜ਼ਰ ਸੰਗਤਾਂ ਤਾਂਈ ਉੱਥੇ ਬਿਠਾ ਦਿੱਤਾ
ਪੜ੍ਹਿਆ ਕੀਰਤਨ ਸੋਹਿਲੇ ਦਾ ਪਾਠ ਸੰਗਤਾਂ ਫੇਰ ਗੁਰੂ ਨੇ ਹਾਕਮ ਨੂੰ ਲਲਕਾਰ ਦਿੱਤਾ

ਖੜ੍ਹ ਥੜ੍ਹੇ ‘ਤੇ ਯੁੱਧ ਦਾ ਐਲਾਨ ਕੀਤਾ, ਖਾਕਾ ਵੱਖਰੀ ਦਿੱਖ ਵਾਲੇ ਸਿੱਖ ਦਾ ਚਿੱਤਕਾਰ ਦਿੱਤਾ
ਪੜਦਾਦੇ ਦੀ ਸ਼ਹੀਦੀ ਨੇ ਸੀ ਮੀਰੀ-ਪੀਰੀ ਤੇ ਕੌਮ ਲਈ ਸਿਰਜ ਤਖ਼ਤ ਅਕਾਲ ਦਿੱਤਾ
ਹੁਣ ਬਾਪ ਦੀ ਫੇਰ ਸ਼ਹੀਦੀ ਮਗਰੋਂ ਉਸ ਵੱਖਰੀ ਦਿੱਖ ਵਾਲਾ ਖਾਲਸਾ ਸਾਜ ਦਿੱਤਾ
ਜੋ ਜਾਲਮਾਂ ਨੂੰ ਟੱਕਰੂ ਦੋਹੀਂ ਹੱਥੀਂ ਅਤੇ ਲੋਚ ਸਰਬੱਤ ਦੇ ਭਲੇ ਦੀ ਮੰਗਦਾ ਰਹੂ
96ਵੇਂ ਕਰੋੜ ਖ਼ਾਲਸੇ ਨੇ ਫੇਰ ਰਾਜ ਕਰਨਾ, ਓਟ ਵਾਹਿਗੁਰੂ ਦੀ ਸਦਾ ਉਸਦੇ ਸੰਗ ਰਹੂ।

***-ਬਲਵਿੰਦਰ ਸਿੰਘ ਸੋਹਲ***
***ਸਾਬਕਾ ਜੁਆਇੰਟ ਡਾਇਰੈਕਟਰ ਖੇਤੀਬਾੜੀ, ਪੰਜਾਬ***
***ਫੋਨ: 224-508-3579***

## ਇੱਕ ਖ਼ਤ ਪਿਤਾ ਤੇਗ ਬਹਾਦੁਰ ਦੇ ਨਾਂ

ਗੁਰੂ ਤੇਗ ਬਹਾਦੁਰ ਪਾਤਸ਼ਾਹ ਮੈਂ ਸੁਣਿਐ ਤੇਰਾ ਨਾਮ ਲੈਣ ਨਾਲ ਸਭ ਡਰ ਮੁੱਕ ਜਾਂਦੇ ਨੇ! ਸਭ ਔਕੜਾਂ ਦੂਰ ਹੋ ਜਾਂਦੀਆਂ ਨੇ!

ਪਤਿਤ ਉਧਾਰਨ ਭੈ ਹਰਨ...॥

ਕਿਉਂਕਿ ਪਾਤਸ਼ਾਹ ਤੁਸੀਂ ਸਦਾ ਉਨ੍ਹਾਂ ਦੇ ਪੱਖ ਵਿੱਚ ਖੜ੍ਹੇ ਹੋਏ ਸੀ, ਜਿਨ੍ਹਾਂ ਲਈ ਕੋਈ ਲੜਨ ਲਈ ਤਿਆਰ ਨਹੀਂ ਸੀ (ਕਸ਼ਮੀਰੀ ਪੰਡਿਤ) ਫਿਰ ਪਿਤਾ ਅੱਜ ਵੀ ਲੋੜਵੰਦਾਂ ਲਈ ਸਹਾਈ ਹੋਵੋ। ਮੈਨੂੰ ਯਕੀਨ ਹੈ ਕਿ ਤੁਸੀਂ ਸਹਾਈ ਹੋਵੋਗੇ, ਕਿਉਂਕਿ ਮੈਨੂੰ ਯਾਦ ਐ ਜਦ ਮੱਖਣ ਸ਼ਾਹ ਲੁਬਾਣੇ ਦਾ ਬੇੜਾ ਡੁੱਬਣ ਲੱਗਾ ਸੀ, ਤੇ ਉਸਨੇ ਤੁਹਾਨੂੰ ਦਿਲੋਂ ਯਾਦ ਕੀਤਾ ਸੀ ਤਾਂ ਤੁਸੀਂ ਤੂਫ਼ਾਨ ਵਿੱਚ ਵੀ ਉਸਦਾ ਬੇੜਾ ਡੁੱਬਣ ਨਹੀਂ ਸੀ ਦਿੱਤਾ। ਤੁਸੀਂ ਮੋਢਾ ਦੇ ਕੇ ਉਸਦਾ ਬੇੜਾ ਤਾਰ ਦਿੱਤਾ ਸੀ।

...ਤੇ ਜਦੋਂ ਕਸ਼ਮੀਰੀ ਪੰਡਿਤ ਆਪਣੇ ਧਰਮ ਦੀ ਰੱਖਿਆ ਲਈ ਤੁਹਾਡੇ ਕੋਲ ਆਏ, ਤਾਂ ਤੁਸੀਂ ਉਨ੍ਹਾਂ ਦੇ ਤਿਲਕ ਦੀ ਰਾਖੀ ਲਈ ਆਪਣਾ ਸੀਸ ਵਾਰਨ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਮੈਨੂੰ ਯਕੀਨ ਕਿਉਂ ਨਾ ਹੋਵੇ, ਕਿਉਂਕਿ ਮੈਨੂੰ ਪਤਾ ਐ ਮੇਰਾ ਪਿਤਾ ਕਿਸੇ ਲੋੜਵੰਦ ਤੋਂ ਕਦੇ ਮੂੰਹ ਨਹੀਂ ਮੋੜਦਾ।

ਪਰ ਪਿਤਾ ਜੀ! ਅੱਜ ਦੀ ਦੁਨੀਆ ਬਹੁਤ ਵੱਖਰੀ ਜਾਪਦੀ ਏ। ਲੋਕੀਂ ਅਕ੍ਰਿਤਘਣ ਹੋ ਰਹੇ ਨੇ। ਨਿੰਦਿਆ, ਚੁਗਲੀ, ਠੱਗੀ-ਠੋਰੀ ਤੇ ਕੂੜ ਹਰ ਥਾਂ ਪ੍ਰਧਾਨ ਹੋ ਗਿਆ ਹੈ। ਮੈਨੂੰ ਇਸ ਦੁਨੀਆ ਤੋਂ ਬਹੁਤ ਡਰ ਲੱਗ ਰਿਹਾ ਹੈ। ਸ਼ਾਇਦ ਇੱਕ ਸੱਚੇ ਤੇ ਇਮਾਨਦਾਰ ਬੰਦੇ ਦਾ ਇਸ ਦੁਨੀਆ ਤੋਂ ਡਰਨਾ ਸੁਭਾਵਿਕ ਹੀ ਜਾਪਦਾ ਹੈ! ਪਿਤਾ ਮੇਰੇ ਇਸ ਡਰ ਨੂੰ ਦੂਰ ਕਰੋ।

ਪਿਤਾ ਇੱਕ ਧੀ ਹੋਣ ਦੇ ਨਾਤੇ, ਮੈਂ ਆਪਣੇ ਪਿਤਾ ਤੋਂ ਉਮੀਦ ਕਰ ਸਕਦੀ ਹਾਂ ਕਿ ਉਹ ਮੇਰਾ ਇਹ ਵਹਿਮ ਤੇ ਡਰ ਦੂਰ ਕਰੇ। ਅੱਜ ਫਿਰ ਧਰਮ ਦੀ ਰੱਖਿਆ ਤੇ ਲੋੜਵੰਦਾਂ ਦੀ ਸਹਾਇਤਾ ਲਈ ਮੈਨੂੰ ਆਪਣੇ ਪਿਤਾ ਦੀ ਲੋੜ ਮਹਿਸੂਸ ਹੋ ਰਹੀ ਹੈ। ਇਸ ਜਰੂਰਤ ਦੀ ਘੜੀ ਵਿੱਚ ਮੈਨੂੰ ਯਕੀਨ ਹੈ, ਮੇਰਾ ਪਿਤਾ ਮੇਰੇ ਨਾਲ ਜਰੂਰ ਆ ਕੇ ਖੜ੍ਹੇਗਾ।

ਆਪਣੇ ਪਿਤਾ ਦੀ ਉਡੀਕ ਵਿੱਚ, ਉਹਦੀ ਆਪਣੀ ਧੀ-ਨਿਮਾਣੀ ਰੂਹ।

***-ਡਾ. ਅਮਨਦੀਪ ਕੌਰ***
***ਸਹਾਇਕ ਪ੍ਰੋਫੈਸਰ ਅਤੇ ਮੁਖੀ ਅਰਥ ਸ਼ਾਸਤਰ ਵਿਭਾਗ, ਗੁਰੂ ਨਾਨਕ ਖਾਲਸਾ ਕਾਲਜ ਯਮੁਨਾਨਗਰ।***

## ਅੰਤੇ ਤੇਗ ਬਹਾਦੁਰ ਬੋਲਿਆ

ਬਾਲੜੀ ਉਮਰੇ ਬਹਾਦਰੀ ਤੇ ਦਲੇਰੀ ਦੀ ਪਰਖ ਵਿੱਚ
ਤਿਆਗ ਮੱਲ ਦੀ ਤੇਗ ਬੋਲੀ
ਤਾਂ ਗੁਰੂ ਹਰਿਗੋਬਿੰਦ ਬੋਲ ਉਠੇ! ਤੇਗ ਬਹਾਦੁਰ

ਅਖੀਰ ਸਮੇਂ ‘ਬਾਬਾ ਬਕਾਲੇ’ ਕਹਿ ਦਿੱਤਾ ਗੁਰੂ ਹਰਕ੍ਰਿਸ਼ਨ ਜੀ
ਧੀਰ ਮੱਲ ਨੇ ਮੱਲੋ-ਮੱਲੀ ਝੂਠ ਦੀ ਹੱਟ ਖੋਲ੍ਹੀ
ਤਾਂ ‘ਗੁਰੂ ਲਾਧੋ ਰੇ’ ਕੂਕ ਉਠਿਆ ਮੱਖਣ ਸ਼ਾਹ ਸੀ ਹੋਇਆ ਹਾਜ਼ਰ

ਕਸ਼ਮੀਰੀ ਪੰਡਿਤਾਂ ਅਨੰਦਪੁਰ ਆਣ ਦੁਹਾਈ ਦਿੱਤੀ
ਵੇਖੋ ਸਤਾਏ ਅਸੀਂ ਤੇ ਮਨੁੱਖੀ ਹੱਕਾਂ ਦੀ ਜਾ ਰਹੀ ਪੱਤ ਰੋਲੀ
ਤਾਂ ਗੋਬਿੰਦ ਰਾਏ ਨੇ ਸਹਿਜੇ ਕਹਿ ਦਿੱਤਾ,
‘ਤੁਸਾਂ ਜਿਹਾ ਮਹਾਨ ਨਾ ਆਵੇ ਨਜ਼ਰ’

ਚਾਂਦਨੀ ਚੌਂਕ ਵਿੱਚ ਜਲਾਦ ਨੇ ਆਖਰੀ ਜਦੋਂ ਸਵਾਲ ਕੀਤਾ
‘ਦੀਨ ਕਬੂਲ’ ਜਾਂ ‘ਖੂਨ ਦੀ ਖੇਡੀ ਜਾਏ ਹੋਲੀ’?
ਤਾਂ ਅੰਤੇ ਤੇਗ ਬਹਾਦੁਰ ਬੋਲਿਆ,
“ਬਾਂਹ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ
ਤੇਗ ਬਹਾਦੁਰ ਬੋਲਿਆ ਧਰ ਪਇਐ ਧਰਮ ਨ ਛੋੜੀਐ।”

***-ਅੰਮ੍ਰਿਤਪਾਲ ਸਿੰਘ***
***ਫੋਨ+91-9896893520***

# ਸ਼ੋਖ ਰੰਗਾਂ ਦਾ ਜਾਦੂਗਰ ਸੀ ਗੋਬਿੰਦਰ ਸੋਹਲ

## ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਾਹਕਾਰ ਪੇਂਟਿੰਗ ਸਮੇਤ ਅਨੇਕਾਂ ਚਿੱਤਰ ਬਣਾ ਕੇ ਪ੍ਰਸਿੱਧੀ ਖੱਟੀ

**ਅਦਬੀ ਬੰਦੇ**

**ਉਜਾਗਰ ਸਿੰਘ**
ਫੋਨ: 91-9417813072



ਹਰ ਕਲਾਕਾਰ ਆਪਣੀ ਮਾਨਸਿਕ ਤ੍ਰਿਪਤੀ ਅਤੇ ਆਪਣੀ ਰੋਜੀ ਰੋਟੀ ਦੇ ਮਕਸਦ ਨਾਲ ਚਿੱਤਰ ਬਣਾਉਂਦਾ ਹੈ, ਪਰ ਕੁਝ ਕਲਾਕਾਰ ਅਜਿਹੇ ਹੁੰਦੇ ਹਨ, ਜਿਹੜੇ ਆਪਣੀ ਵਿਰਾਸਤ ਨੂੰ ਚਿਤਰ ਕੇ ਲੋਕ ਮਨਾਂ 'ਤੇ ਰਾਜ ਕਰਨ ਲੱਗਦੇ ਹਨ। ਗੋਬਿੰਦਰ ਸੋਹਲ ਵੀ ਉਨ੍ਹਾਂ ਕਲਾਕਾਰਾਂ ਵਿੱਚੋਂ ਹੈ। ਅਫਸੋਸ! ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਾਹਕਾਰ ਤਸਵੀਰ ਬਣਾਉਣ ਵਾਲਾ ਇਹ ਪੇਂਟਰ ਹੁਣ ਇਸ ਸੰਸਾਰ 'ਤੇ ਨਹੀਂ ਰਿਹਾ ਅਤੇ 15 ਨਵੰਬਰ 2025 ਨੂੰ ਉਸ ਨਮਿੱਤ ਪਾਠ ਦਾ ਭੋਗ ਸੀ। ਉਹ ਗੁਰਦਿਆਂ ਦੀ ਬਿਮਾਰੀ ਦਾ ਲੰਮੇ ਸਮੇਂ ਤੋਂ ਪੀੜਤ ਸੀ। ਉਸਦੀ ਉਮਰ 68 ਸਾਲ ਸੀ।

ਗੋਬਿੰਦਰ ਸੋਹਲ ਵੱਲੋਂ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ- ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ




ਸਿੰਘ ਦੇ ਬਣਾਏ ਜਗਤ ਪ੍ਰਸਿੱਧ ਸ਼ਾਹਕਾਰ ਚਿੱਤਰ ਵਿੱਚ ਦੋਵੇਂ ਸਾਹਿਬਜ਼ਾਦੇ ਅਣਭੋਲ, ਸ਼ਹਿਨਸ਼ਾਹ ਪਰ ਹੌਸਲੇ ਵਿੱਚ ਆਪਣੀ ਦਾਦੀ ਦੀ ਬੁੱਕਲ ਵਿੱਚ ਸ਼ਾਂਤਚਿੱਤ ਸਬਰ ਸੰਤੋਖ ਨਾਲ ਖਲੋਤੇ ਦਿਖਾਏ ਗਏ ਹਨ। ਇਹ ਇੱਕ ਸਿੰਬਾਲਿਕ ਚਿੱਤਰ ਹੈ, ਜਿਹੜਾ ਬਿਨ ਬੋਲਿਆਂ ਹੀ ਬਹੁਤ ਕੁਝ ਕਹਿ ਦਿੰਦਾ ਹੈ। ਇਹੋ ਗੋਬਿੰਦਰ ਸੋਹਲ ਦੀ ਕਮਾਲ ਹੈ। ਪੰਜਾਬੀ ਵਿਰਾਸਤ ਅਤੇ ਇਸਦੇ ਇਤਿਹਾਸ ਨੂੰ ਚਿਤਰਣ ਵਾਲੇ ਸ਼ੋਖ਼ ਰੰਗਾਂ ਦੇ ਚਿਤੇਰੇ ਗੋਬਿੰਦਰ ਸੋਹਲ ਦੀਆਂ ਕਲਾ ਕ੍ਰਿਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਕੰਮ ਕਰਦੀਆਂ ਰਹਿਣਗੀਆਂ। ਗੋਬਿੰਦਰ ਸੋਹਲ ਭਾਵੇਂ ਸਰੀਰਕ ਤੌਰ 'ਤੇ ਇਸ ਸੰਸਾਰ ਤੋਂ ਰੁਖਸਤ ਹੋ ਗਿਆ ਹੈ, ਪਰ ਸਿੱਖ ਵਿਰਾਸਤ ਨੂੰ ਪੇਂਟ ਕਰਕੇ ਉਹ ਸਿੱਖ ਜਗਤ ਦੇ ਦਿਲਾਂ 'ਚ ਵੱਸਿਆ ਰਹੇਗਾ। ਸਿੱਖ ਧਰਮ ਦੀ ਬੁਨਿਆਦ ਹੀ ਕੁਰਬਾਨੀਆਂ ਅਤੇ ਜਦੋਜਹਿਦ 'ਤੇ ਆਧਾਰਤ ਹੈ।

ਧਾਰਮਿਕ, ਇਤਿਹਾਸਕ, ਦੇਸ਼ ਭਗਤਾਂ, ਸੰਸਾਰ ਦੀਆਂ ਮਹੱਤਵਪੂਰਨ ਸ਼ਖ਼ਸੀਅਤਾਂ, ਧਾਰਮਿਕ ਅਤੇ ਇਤਿਹਾਸਕ ਘਟਨਾਵਾਂ ਅਤੇ ਖ਼ਾਸ ਤੌਰ 'ਤੇ ਸਿੱਖ ਸੱਭਿਆਚਾਰ ਨੂੰ ਆਪਣੇ ਬੁਰਛ ਦੀ ਛੂਹ ਨਾਲ ਜੀਵਤ ਰੂਪ ਵਿੱਚ ਪੇਂਟ ਕਰਕੇ ਪ੍ਰਸਿੱਧੀ ਪ੍ਰਾਪਤ ਕਰਨ ਵਾਲਾ ਗੋਬਿੰਦਰ ਸੋਹਲ ਕੋਮਲ ਕਲਾ ਦੇ ਖ਼ੇਤਰ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਿੱਚ ਸਫਲ ਹੋਇਆ। ਗੋਬਿੰਦਰ ਸੋਹਲ ਦੀ ਕਲਾਤਮਿਕ ਪ੍ਰਬੀਨਤਾ ਇਸ ਵਿੱਚ ਸੀ ਕਿ ਉਹ ਪੋਰਟਰੇਟ ਵਿੱਚ ਜਾਨ ਪਾ ਦਿੰਦਾ ਸੀ। ਉਸਦੇ ਬਣਾਏ ਕੁਝ ਚਿੱਤਰ ਸੰਸਾਰ ਵਿੱਚ ਪ੍ਰਸਿਧ ਹੋਏ, ਜਿਨ੍ਹਾਂ ਵਿੱਚ ਮਾਤਾ ਗੁਜਰੀ ਛੋਟੇ ਸਾਹਿਬਜ਼ਾਦਿਆਂ ਨਾਲ, ਭਗਤ ਸਿੰਘ ਦੇ ਹੱਥ ਵਿੱਚ ਪਿਸਤੌਲ, ਊਧਮ ਸਿੰਘ, ਭਾਈ ਕਨ੍ਹਈਆ, ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ, ਊਧਮ ਸਿੰਘ ਦੀ ਪਗੜੀ ਵਾਲੀ ਫੋਟੋ, ਜਿਹੜੀ ਕੈਕਸਟਨ ਹਾਲ ਵਿੱਚ ਲੱਗੀ ਹੋਈ ਹੈ, ਉਸ 'ਤੇ ਆਧਾਰਤ ਉਸ ਦੁਆਰਾ ਬਣਾਇਆ ਗਿਆ ਚਿੱਤਰ ਕਾਬਲ-ਏ-ਤਾਰੀਫ਼ ਹੈ। ਆਧੁਨਿਕਤਾ ਦੇ ਦੌਰ ਵਿੱਚ ਪੁਰਾਤਨ ਵਸਤਾਂ ਜਿਨ੍ਹਾਂ ਵਿੱਚ ਹੱਥ ਕਰਘਾ, ਫੁਲਕਾਰੀਆਂ, ਬਾਗ, ਦਰੀਆਂ, ਖੇਸ, ਪਸ਼ੂ-ਪੰਛੀ ਤਕਨਾਲੋਜੀ ਦੀ ਭੇਟ ਚੜ੍ਹ ਰਹੇ ਹਨ। ਉਸਦਾ ਚਿੱਤਰ ਬਣਾਉਣ ਦਾ ਖੇਤਰ ਵੱਖਰਾ ਹੀ ਹੈ, ਪ੍ਰਸਿੱਧ ਸਿਆਸਤਦਾਨਾਂ ਤੋਂ ਇਲਾਵਾ ਪ੍ਰਮੁੱਖ ਭਾਰਤੀ ਓਲੰਪੀਅਨ ਜਿਨ੍ਹਾਂ ਵਿੱਚ ਮਿਲਖਾ ਸਿੰਘ, ਧਿਆਨ ਚੰਦ, ਗਾਮਾ ਪਹਿਲਵਾਨ, ਸੁਰਜੀਤ ਸਿੰਘ, ਸੰਗੀਤਕਾਰ ਮੁਹੰਮਦ ਰਫੀ, ਗਾਇਕਾ ਸੁਰਿੰਦਰ ਕੌਰ, ਫ਼ੌਜੀ, ਵਿਦਿਅਕ ਮਾਹਿਰ, ਡਾ. ਰਾਧਾ ਕ੍ਰਿਸ਼ਨ, ਡਾ. ਅਬਦੁਲ ਕਲਾਮ ਅਤੇ ਫੂਲਾਂ ਰਾਣੀ ਦੇ ਚਿੱਤਰ ਬਣਾਏ, ਜਿਨ੍ਹਾਂ ਨੇ ਸੋਹਲ ਦੀ ਪ੍ਰਸਿੱਧੀ ਨੂੰ ਚਾਰ ਚੰਨ ਲਾਏ।

ਚਿੱਤਰਕਾਰ ਸੋਹਲ ਨੇ ਦੇਸ਼ ਦੇ ਸ਼ਹੀਦਾਂ, ਓਲੰਪੀਅਨ ਖਿਡਾਰੀਆਂ, ਲਿਖਾਰੀਆਂ, ਕਵੀਆਂ, ਗਾਇਕਾਂ ਅਤੇ ਸਿੱਖ ਇਤਿਹਾਸ ਵਿੱਚੋਂ ਬਹੁਤ ਸਾਰੇ ਚਿੱਤਰ ਬਣਾਏ। ਫ਼ੌਜੀ ਦੀ ਮਾਨਸਿਕਤਾ ਨੂੰ ਉਸਨੇ ਬਹੁਤ ਹੀ ਸੁਚੱਜੇ ਢੰਗ ਨਾਲ ਪੇਂਟ ਕੀਤਾ ਹੈ, ਜਦੋਂ ਫ਼ੌਜੀ ਛੁੱਟੀ ਆਉਂਦਾ ਹੈ ਤਾਂ ਦਰਵਾਜ਼ੇ ਵਿੱਚ ਆਪਣੀ ਮਾਂ ਨੂੰ ਗਲਵੱਕੜੀ ਪਾਉਂਦਾ ਵਿਖਾਇਆ ਗਿਆ ਹੈ, ਉਸਦੀ ਵੱਡੀ ਭਰਜਾਈ ਬੈਠੀ ਹੈ ਤੇ ਫ਼ੌਜੀ ਦਾ ਭਤੀਜਾ ਭੱਜ ਕੇ ਨਾਲੇ ਬੁਣ ਰਹੀ ਆਪਣੀ ਚਾਚੀ ਨੂੰ ਦੱਸਦਾ ਹੈ ਕਿ ਚਾਚਾ ਛੁੱਟੀ ਆ ਗਿਆ ਹੈ। ਘਰ ਦੇ ਦਰਵਾਜ਼ੇ ਵਿੱਚੋਂ ਹੀ ਬਾਹਰ ਗੁਹਾਰੇ ਦਿਸ ਰਹੇ ਹਨ ਅਤੇ ਇੱਕ ਵਿਅਕਤੀ ਫ਼ੌਜੀ ਦਾ ਟਰੰਕ ਚੁੱਕੀਂ ਆ ਰਿਹਾ ਹੈ। ਇੱਕ ਚਿੱਤਰ ਵਿੱਚ ਹੀ ਸਮੁੱਚੇ ਪੰਜਾਬੀ ਸੱਭਿਆਚਾਰ ਨੂੰ ਪੇਂਟ ਕਰ ਦਿੱਤਾ ਹੈ। ਫ਼ੌਜੀ ਗਲਵੱਕੜੀ ਤਾਂ ਆਪਣੀ ਮਾਂ ਨੂੰ ਪਾ ਰਿਹਾ ਹੈ, ਪ੍ਰੰਤੂ ਉਪਰੋਂ ਪਿਛਲੇ ਪਾਸੇ ਖੜ੍ਹੀ ਆਪਣੀ ਪਤਨੀ ਨੂੰ ਭਾਵਪੂਰਤ ਢੰਗ ਨਾਲ ਤ੍ਰਿਹਾਈਆਂ ਨਜ਼ਰਾਂ ਨਾਲ ਵੇਖਦਾ ਹੈ। ਇਹ ਚਿੱਤਰ ਦੇਰ ਬਾਅਦ ਛੁੱਟੀ ਆਏ ਫ਼ੌਜੀ ਦੀ ਮਾਨਸਿਕਤਾ ਦੀ ਮੂੰਹ ਬੋਲਦੀ ਤਸਵੀਰ ਹੈ।

ਗੋਬਿੰਦਰ ਸੋਹਲ ਨੂੰ ਇਸ ਗੱਲ ਦਾ ਮਾਣ ਜਾਂਦਾ ਰਿਹਾ ਹੈ ਕਿ ਉਸਨੇ ਨਾਰਵੇ ਦੇ ਗੁਰੂ ਨਾਨਕ ਦਰਬਾਰ, ਕੈਨੇਡਾ



ਓਂਟਾਰੀਓ ਦੇ ਖਾਲਸਾ ਦਰਬਾਰ ਅਤੇ ਭਾਰਤ ਵਿੱਚ ਖਡੂਰ ਸਾਹਿਬ, ਸਭਰਾਵਾਂ ਤੇ ਗਵਾਲੀਅਰ ਵਿਖੇ ਕਈ ਗੁਰੂ ਘਰਾਂ ਵਿੱਚ ਜਾ ਕੇ ਚਿੱਤਰ ਪੇਂਟ ਕਰਕੇ ਅਜਾਇਬ ਘਰ ਬਣਾਏ ਸਨ। ਉਸਦਾ ਚਿੱਤਰ ਬਣਾਉਣ ਦਾ ਖੇਤਰ ਵੱਖਰਾ ਹੀ ਸੀ।



ਮਰਹੂਮ ਚਿੱਤਰਕਾਰ ਗੋਬਿੰਦਰ ਸੋਹਲ



ਵਿਦਿਆਰਥੀਆਂ ਵਿੱਚ ਆਪਣੇ ਵਿਰਸੇ ਬਾਰੇ ਜਾਣਕਾਰੀ ਦੇਣ ਲਈ ਉਸ ਵੱਲੋਂ ਬਣਾਏ ਗਏ ਚਿੱਤਰ ਵੱਖ-ਵੱਖ ਵਿਦਿਅਕ ਅਦਾਰਿਆਂ ਵਿੱਚ ਲਗਾਏ ਗਏ ਹਨ ਤਾਂ ਜੋ ਬੱਚੇ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਣ। ਉਸਦਾ ਬਣਾਇਆ ਪੋਰਟਰੇਟ ਜਿਉਂਦਾ ਜਾਗਦਾ ਲੱਗਦਾ ਹੈ।


ਗੋਬਿੰਦਰ ਸਿੰਘ ਸੋਹਲ ਨੂੰ ਸਕੂਲ ਸਮੇਂ ਵਿੱਚ ਹੀ ਪੇਂਟਿੰਗ ਕਰਨ ਦੀ ਰੁਚੀ ਪੈਦਾ ਹੋ ਗਈ ਸੀ। ਉਸਦੀ ਜ਼ਿੰਦਗੀ ਵਿੱਚ ਇੱਕ ਘਟਨਾ ਨੇ ਅਜੀਬ ਮੋੜ ਲੈ ਆਂਦਾ, ਜਦੋਂ ਉਹ ਚੌਥੀ ਜਮਾਤ ਵਿੱਚ ਪੜ੍ਹ ਰਿਹਾ ਸੀ ਤਾਂ ਹਿਸਾਬ ਦੇ ਪੀਰੀਅਡ ਵਿੱਚ ਉਹ ਬੈਠਾ ਚਿੱਤਰ ਬਣਾ ਰਿਹਾ ਸੀ। ਅਧਿਆਪਕ ਨੇ ਉਸਨੂੰ ਮੁੱਖ ਅਧਿਆਪਕ ਕੋਲ ਲਿਜਾ ਕੇ ਸ਼ਿਕਾਇਤ ਲਗਾਈ ਕਿ ਉਹ ਪੜ੍ਹਨ ਵਿੱਚ ਦਿਲਚਸਪੀ ਨਹੀਂ ਲੈਂਦਾ, ਸਗੋਂ ਤਸਵੀਰਾਂ ਬਣਾਉਂਦਾ ਰਹਿੰਦਾ ਹੈ; ਪਰ ਜਦੋਂ ਮੁੱਖ ਅਧਿਆਪਕ ਨੇ ਉਸ ਦਾ ਬਣਾਇਆ ਚਿੱਤਰ ਵੇਖਿਆ ਤਾਂ ਉਸਨੂੰ ਸਜ਼ਾ ਦੇਣ ਦੀ ਥਾਂ ਸ਼ਾਬਾਸ਼ ਦਿੰਦਿਆਂ ਇਨਾਮ ਵੀ ਦਿੱਤਾ, ਜਿਸ ਤੋਂ ਬਾਅਦ ਉਸਨੂੰ ਚਿੱਤਰ ਕਲਾ ਲਈ ਉਤਸ਼ਾਹ ਮਿਲਿਆ। ਛੇਵੀਂ ਕਲਾਸ ਵਿੱਚ ਡਰਾਇੰਗ ਦਾ ਵਿਸ਼ਾ ਲੈ ਕੇ ਉਸ ਨੇ ਪੇਂਟਿੰਗ ਨੂੰ ਆਪਣਾ ਚਹੇਤਾ ਵਿਸ਼ਾ ਬਣਾ ਲਿਆ। ਫਿਰ ਉਸਨੂੰ ਆਪਣੀ ਇੱਛਾ ਪੂਰੀ ਕਰਨ ਦਾ ਮੌਕਾ ਮਿਲ ਗਿਆ ਅਤੇ ਉਹ ਰੰਗਾਂ ਨਾਲ ਖੇਡਣ ਲੱਗ ਗਿਆ।

ਗੋਬਿੰਦਰ ਸੋਹਲ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਘੁਡਾਣੀ ਕਲਾਂ ਦੇ ਰਾਮਗੜ੍ਹੀਆ ਪਰਿਵਾਰ ਵਿੱਚ ਮਾਤਾ ਦਲੀਪ ਕੌਰ ਅਤੇ ਪਿਤਾ ਬਾਬੂ ਸਿੰਘ ਸੋਹਲ ਦੇ ਘਰ 15 ਜੁਲਾਈ 1957 ਨੂੰ ਹੋਇਆ। ਕੋਮਲ ਕਲਾ ਅਤੇ ਚਿੱਤਰਕਲਾ ਦਾ ਸ਼ੌਕ ਗੋਬਿੰਦਰ ਸੋਹਲ ਨੂੰ ਆਪਣੇ ਪਰਿਵਾਰ ਦੀ ਵਿਰਾਸਤ ਵਿੱਚੋਂ ਗੁੜ੍ਹਤੀ ਦੇ ਨਾਲ ਹੀ ਮਿਲ ਗਿਆ ਸੀ, ਕਿਉਂਕਿ ਪਰਿਵਾਰ ਦੀਆਂ ਇਸਤਰੀਆਂ ਘਰ ਵਿੱਚ ਹੀ ਦਰੀਆਂ ਤੇ ਖੇਸ ਬੁਣਦੀਆਂ ਅਤੇ ਫੁਲਕਾਰੀਆਂ ਤੇ ਬਾਗ ਦੀ ਕਢਾਈ ਕਰਦੀਆਂ, ਮੰਜੇ ਬੁਣਦੀਆਂ ਰਹਿੰਦੀਆਂ ਸਨ, ਜਿਨ੍ਹਾਂ ਵਿੱਚ ਮੋਰ, ਮੁਰਗੀਆਂ ਅਤੇ ਹਿਰਨ ਬਣਾਉਂਦੀਆਂ ਰਹਿੰਦੀਆਂ ਸਨ। ਉਸ ਦਾ ਦਾਦਾ ਲੱਕੜ ਦਾ ਕੰਮ ਕਰਦਾ ਸੀ ਅਤੇ ਖ਼ੂਬਸੂਰਤ ਚਰਖੇ ਤੇ ਪਿੱਤਲ ਦੇ ਕੋਕਿਆਂ ਵਾਲੇ ਗੱਡੇ ਵੀ ਬਣਾਉਂਦਾ ਸੀ। ਘਰ ਦਾ ਮਾਹੌਲ ਹੀ ਕਲਾਕਾਰੀ ਦਾ ਸੀ, ਜਿਸ ਨੇ ਗੋਬਿੰਦਰ ਸੋਹਲ ਦੇ ਅੱਲੜ੍ਹ ਮਨ ਤੇ ਚਿੱਤਰਕਾਰੀ ਕਰਨ ਦਾ ਪ੍ਰਭਾਵ ਪਾਇਆ। ਉਸਦੀ ਚਿੱਤਰਕਲਾ ਵਿੱਚ ਨਿਖ਼ਾਰ ਦਾ ਕਾਰਨ ਉਸਦਾ ਕਈ ਖੇਤਰਾਂ ਵਿੱਚ ਪੜ੍ਹਾਈ ਕਰਨਾ ਵੀ ਹੈ। ਉਸ ਨੇ ਫਾਈਨ ਆਰਟਸ ਵਿੱਚ ਡਿਪਲੋਮਾ ਨਾਰਵੇ ਤੋਂ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਪਰਸਨਲ ਮੈਨੇਜਮੈਂਟ ਅਤੇ ਇੰਡਸਟਰੀਅਲ ਟ੍ਰੇਨਿੰਗ ਦਾ ਡਿਪਲੋਮਾ ਪਾਸ ਕੀਤਾ। ਉਹ ਫੁਟਬਾਲ ਅਤੇ ਅਥਲੈਟਿਕਸ ਦਾ ਨੈਸ਼ਨਲ ਪੱਧਰ ਦਾ ਖਿਡਾਰੀ ਵੀ ਰਿਹਾ।


ਅਫਸੋਸ ਹੈ ਕਿ ਉਸਦੇ ਸਿੱਖ ਧਰਮ ਬਾਰੇ ਬਣਾਏ ਗਏ ਚਿੱਤਰਾਂ ਦੀ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਸਥਾਵਾਂ ਅਤੇ ਨਾ ਹੀ ਪੰਜਾਬ ਸਰਕਾਰ ਨੇ ਕਦਰ ਪਾਈ ਸੀ, ਪਰ ਕੁਝ ਹੋਰ ਕਲਾ ਦੇ ਖੇਤਰ ਦੀਆਂ 20 ਸੰਸਥਾਵਾਂ ਨੇ ਮਾਣ ਸਨਮਾਨ ਦੇ ਕੇ ਸਤਿਕਾਰਿਆ ਹੈ। ਗੋਬਿੰਦਰ ਸੋਹਲ ਨੂੰ ਕਈ ਬਿਮਾਰੀਆਂ ਨੇ ਘੇਰਿਆ ਹੋਇਆ ਸੀ। ਪਹਿਲਾਂ ਉਸ ਦੀਆਂ ਅੱਖਾਂ ਵਿੱਚ ਨੁਕਸ ਪੈ ਗਿਆ ਸੀ, ਜਿਸ ਕਰਕੇ ਪਿਛਲੇ ਇੱਕ ਸਾਲ ਤੋਂ ਉਹ ਪੇਂਟਿੰਗ ਬਣਾਉਣ ਤੋਂ ਅਸਮਰੱਥ ਸੀ। ਫਿਰ ਉਸਨੂੰ ਗੁਰਦੇ ਦੀ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ; ਤੇ ਅਖ਼ੀਰ ਸਵਰਗ ਸਿਧਾਰ ਗਿਆ। ਉਹ ਆਪਣੇ ਪਿੱਛੇ ਪਤਨੀ ਸੀਮਾ ਸੋਹਲ, ਸਪੁੱਤਰੀ ਸੀਰਤ ਸੋਹਲ ਅਤੇ ਇੱਕ ਸਪੁੱਤਰ ਅੰਗਦ ਸੋਹਲ ਨੂੰ ਛੱਡ ਗਿਆ ਹੈ।







## ਵਿਚਾਲੜਾ ਕਾਲਮ



ਬਖ਼ਸ਼ਿੰਦਰ (ਕੈਨੇਡਾ)
ਫੋਨ: 778-793-8979

# 'ਕਾਹ.ਲੀ-ਕਾਹ.ਲੀ ਲਿਖਿਆ ਇਕ ਲੇਖ'

ਕਿਸੇ ਜ਼ਮਾਨੇ ਵਿਚ, ਕੇਂਦਰ ਸਰਕਾਰ ਦੇ ਇਕ ਮਹਿਕਮੇ ਵਿਚ ਪੱਤਰਕਾਰੀ ਵਰਗਾ ਹੀ ਕੰਮ ਕਰਦੇ ਮੇਰੇ ਮਰਹੂਮ ਦੋਸਤ ਗੁਰਮੇਲ ਸਰਾ ਵੱਲੋਂ ਲਿਖੀ ਗਈ ਇਕ ਲੇਖ-ਮਾਲਾ, ਇਕ ਹਫ਼ਤਾਵਾਰੀ ਕਾਲਮ ਵਜੋਂ ਛਾਪਣ ਖ਼ਾਤਰ ਮੈਂ ਉਸ ਕਾਲਮ ਦੀ ਜ਼ਿਮਨੀ ਸੁਰਖੀ ਯਾਨੀ ਉਪ ਸਿਰਲੇਖ 'ਜ਼ੀਰੋ ਕਾਲਮ' ਰੱਖਿਆ ਸੀ ਤੇ ਇਸ ਦੀ ਵਿਆਖਿਆ ਇਹ ਕੀਤੀ ਸੀ ਕਿ ਅਖ਼ਬਾਰ ਦੇ ਅੱਠਾਂ ਕਾਲਮਾਂ ਵਿਚ ਛਪਦੀ ਸਮੱਗਰੀ ਦੇ ਸਬੰਧ ਵਿਚ ਟਿੱਪਣੀ ਕਰਨ ਲਈ ਲਿਖੀ-ਛਾਪੀ ਜਾਣ ਵਾਲੀ ਉਹ ਸਮੱਗਰੀ, ਅਖ਼ਬਾਰ ਦੇ ਅੱਠਾਂ ਕਾਲਮਾਂ ਵਿਚ ਤਾਂ ਕਿਤੇ ਸਮਾਅ ਨਹੀਂ ਸਕਦੀ, ਜਿਸ ਕਰ ਕੇ ਉਸ ਕਾਲਮ ਦਾ ਸਿਰਲੇਖ 'ਪਹਿਲਾ ਕਾਲਮ' ਜਾਂ 'ਆਖ਼ਰੀ ਕਾਲਮ' ਲਿਖਣ ਦੀ ਥਾਂ, ਸਕੂਲਾਂ ਵਿਚ ਪੜ੍ਹਾਈ ਦੇ ਅਸਲੀ ਪੀਰੀਅਡ ਸ਼ੁਰੂ ਹੋਣ ਤੋਂ ਪਹਿਲਾਂ, ਬੱਚਿਆਂ ਨੂੰ ਪੜ੍ਹਾਉਣ ਖ਼ਾਤਰ ਦਿੱਤੇ ਜਾਂਦੇ ਸਮੇਂ ਨੂੰ 'ਜ਼ੀਰੋ ਪੀਰੀਅਡ' ਕਿਹਾ ਜਾਣ ਦੀ ਰੀਸੇ ਉਸ ਕਾਲਮ ਦਾ ਨਾਂ 'ਜ਼ੀਰੋ ਕਾਲਮ' ਰੱਖਣ ਦਾ ਫ਼ੈਸਲਾ ਕੀਤਾ ਸੀ। ਮੇਰੇ ਇਸ ਲੇਖ ਦੇ ਸਿਰਲੇਖ ਨਾਲ ਲਿਖਿਆ ਹੋਇਆ ਫਲਿੱਕਰ ਸਿਰਲੇਖ 'ਵਿਚਾਲੜਾ ਕਾਲਮ' ਵੀ ਉਸੇ ਹੀ ਪ੍ਰਥਾਏ ਘੜਿਆ ਗਿਆ ਸਮਝਿਆ ਜਾਵੇ ਜੀ। 'ਕਾਹਲੀ-ਕਾਹਲੀ ਲਿਖੇ ਗਏ ਇਸ ਲੇਖ' ਦਾ ਵਿਸ਼ਾ ਸਾਹਿਤ ਨਹੀਂ, ਪੱਤਰਕਾਰੀ ਹੈ ਤੇ ਇਸ ਸਿਰਲੇਖ ਤੋਂ ਇਸ ਦੇ ਇਹੋ ਅਰਥ ਕੱਢੇ ਜਾਣ ਜੀ, ਕਿਉਂ ਕਿ ਪੱਤਰਕਾਰੀ ਦੀ ਪੜ੍ਹਾਈ-ਸਿਖਲਾਈ ਦੌਰਾਨ ਪੱਤਰਕਾਰੀ ਦੀਆਂ ਪ੍ਰੀਭਾਸ਼ਾਵਾਂ ਦੱਸਦਿਆਂ ਇਹ ਵੀ ਸਮਝਾਇਆ ਜਾਂਦਾ ਹੁੰਦਾ ਸੀ ਕਿ 'ਪੱਤਰਕਾਰੀ ਵੀ ਕਾਹਲ਼ੀ ਵਿਚ ਲਿਖਿਆ ਸਾਹਿਤ' ਹੀ ਹੁੰਦੀ ਹੈ।

ਅਖ਼ਬਾਰਾਂ ਦੇ ਨਿਊਜ਼ਰੂਮਾਂ ਵਿਚ ਕਲਮਾਂ ਚਲਾਉਣ ਵਾਲੇ ਕਲਮਕਾਰਾਂ ਵਿਚੋਂ ਕਈਆਂ ਨੂੰ ਅਖ਼ਬਾਰਾਂ ਵਿਚ ਲਿਖਤਾਂ ਕੱਟਣ-ਤਰਾਸ਼ਣ ਤੋਂ ਇਲਾਵਾ ਸਾਹਿਤ ਲਿਖਣ ਦਾ ਭੁਸ ਵੀ ਹੁੰਦਾ ਹੈ। ਕਦੇ-ਕਦੇ ਕੁੱਝ ਲੋਕਾਂ ਨੂੰ, ਅਖ਼ਬਾਰਾਂ ਵਿਚ ਕੰਮ ਕਰਦਿਆਂ ਹੀ, ਕਵਿਤਾ-ਕਹਾਣੀ ਲਿਖਣ ਵਾਲਿਆਂ ਨੂੰ ਲੇਖਕ ਸਮਝਣਾ ਬਹੁਤ ਔਖਾ ਲੱਗਦਾ ਰਹਿੰਦਾ ਹੁੰਦਾ ਸੀ। ਉਂਝ ਕਈ ਵਾਰੀ ਕੁੱਝ ਲੋਕ, ਕਵਿਤਾਵਾਂ-ਕਹਾਣੀਆਂ ਲਿਖਣ ਦੀ ਵਜ੍ਹਾ ਨਾਲ ਹੀ ਅਖ਼ਬਾਰਾਂ ਵਿਚ ਕੰਮ ਕਰਨ ਲਈ ਰੱਖ ਲਏ ਜਾਂਦੇ ਸਨ। ਫੇਰ ਅਖ਼ਬਾਰਾਂ ਦੇ ਸਾਹਿਤਕ ਐਡੀਸ਼ਨ ਕੱਢੇ ਜਾਣ ਨਾਲ ਤਾਂ ਪੱਤਰਕਾਰਾਂ ਤੇ ਲੇਖਕਾਂ ਵਿਚਾਲੜਾ ਫ਼ਾਸਲਾ ਹੋਰ ਵੀ ਘਟ ਕੇ, ਮਿਟਦਾ-ਮਿਟਦਾ, ਮਿਟ ਹੀ ਗਿਆ। ਪਿਛਲੇ ਕੁੱਝ ਅਰਸੇ ਤੋਂ ਪੱਤਰਕਾਰੀ ਤੇ ਸਾਹਿਤ ਵਿਚਾਲਿਓਂ ਮਿਟਾਈ ਹੋਈ ਇਹ ਮੋਟੀ ਸਾਰੀ ਲੀਕ ਫਿਰ ਉੱਘੜ ਆਈ ਹੈ। ਇਸ ਦਾ ਦਸਤਾਵੇਜ਼ੀ ਸਬੂਤ, ਇਨ੍ਹਾਂ ਸਤਰਾਂ ਦੇ ਲੇਖਕ ਵੱਲੋਂ ਲਿਖੀ ਹੋਈ ਅਤੇ ਸਾਲ 2022 ਵਿਚ 'ਲੋਕਗੀਤ ਪ੍ਰਕਾਸ਼ਨ' ਵੱਲੋਂ ਪ੍ਰਕਾਸ਼ਤ ਕਿਤਾਬ 'ਪੱਤਰਕਾਰੀ ਕਿ ਤਰਕਾਰੀ' ਆਉਣ ਨਾਲ ਸਾਹਮਣੇ ਆਇਆ ਹੈ।

ਤਕਰੀਬਨ ਸਾਢੇ ਤਿੰਨ ਦਹਾਕੇ, ਪੰਜਾਬ ਦੇ ਤਿੰਨ ਪੰਜਾਬੀ ਅਖ਼ਬਾਰਾਂ ਦੇ ਨਿਊਜ਼ਰੂਮਾਂ ਵਿਚ ਕੰਮ ਕਰਦੇ ਰਹਿਣ ਮਗਰੋਂ ਰਿਟਾਇਰ ਹੋਣ ਬਾਅਦ, ਇਨ੍ਹਾਂ ਤੇਹਾਂ ਹੀ ਅਖ਼ਬਾਰਾਂ ਵਿਚ ਕੰਮ ਕਰਦਿਆਂ, ਹੋਏ ਭਾਂਤ-ਸੁਭਾਂਤੇ ਤਜਰਬਿਆਂ ਦੇ ਆਧਾਰ 'ਤੇ ਲਿਖੀ ਗਈ ਇਹ ਕਿਤਾਬ, ਆਪਣੀ ਸ਼ੈਲੀ ਦੀ ਵਜ੍ਹਾ ਨਾਲ ਪਾਠਕਾਂ ਨੂੰ ਸਾਹਿਤਕ ਸੁਆਦ ਦੇਣ ਦੇ ਨਾਲ-ਨਾਲ ਪੱਤਰਕਾਰੀ ਦੇ ਵਿਦਿਆਰਥੀਆਂ ਅਤੇ ਖੋਜੀਆਂ ਨੂੰ ਪੱਤਰਕਾਰੀ ਦੇ ਕਸਬ ਬਾਰੇ ਵੀ ਕਈ ਅਹਿਮ ਨੁਕਤੇ ਦੱਸਦੀ ਹੈ।


ਇਸ ਕਿਤਾਬ ਤੋਂ, 1978 ਤੋਂ 2009 ਤਕ, ਇਨ੍ਹਾਂ ਅਖ਼ਬਾਰਾਂ (ਨਵਾਂ-ਜ਼ਮਾਨਾ, ਜੱਗ-ਬਾਣੀ, ਪੰਜਾਬੀ ਟ੍ਰਿਬਿਊਨ) ਦੇ ਸਰੂਪ ਅੰਦਰ ਆਈਆਂ ਰੂਪਕ ਅਤੇ ਤਕਨੀਕੀ ਤਬਦੀਲੀਆਂ ਦਾ ਇਤਿਹਾਸ ਖੋਜਣ ਵਿਚ ਬਹੁਤ ਮਦਦ ਮਿਲ ਸਕਦੀ ਹੈ। ਇਨ੍ਹਾਂ ਵਿਚੋਂ ਕੁੱਝ ਅਖ਼ਬਾਰਾਂ ਦੇ ਛਾਪਾਖਾਨਿਆਂ ਵਿਚ ਕੰਮ ਕਰਦੇ ਕੁੱਝ ਤਕਨੀਸ਼ੀਅਨਾਂ ਨੇ ਤਾਂ ਛਾਪੇਖਾਨੇ ਬਾਰੇ, ਦੇਸੀ ਜਿਹੇ ਢੰਗਾਂ ਨਾਲ ਕਈ ਖੋਜਾਂ ਹੀ ਨਹੀਂ ਕੀਤੀਆਂ, ਸਗੋਂ ਉਨ੍ਹਾਂ ਖੋਜਾਂ ਦੇ ਆਧਾਰ 'ਤੇ ਬਣਾਏ ਕਈ ਜੁਗਾੜ ਵਰਤ ਕੇ, ਉਨ੍ਹਾਂ ਤੋਂ ਚੰਗੇ ਨਤੀਜੇ ਵੀ ਕੱਢੇ ਹੋਏ ਹਨ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਜਾਣਕਾਰੀ, 'ਪੱਤਰਕਾਰੀ ਕਿ ਤਰਕਾਰੀ' ਛਪ ਕੇ ਆਉਣ ਤੋਂ ਪਹਿਲਾਂ, ਕਿਸੇ ਲੇਖ ਜਾਂ ਕਿਤਾਬ ਵਿਚ ਦਰਜ ਨਹੀਂ ਕੀਤੀ ਹੋਈ ਸੀ। ਇਸ ਕਰ ਕੇ ਵੀ ਇਹ ਕਿਤਾਬ, ਛਪਾਈ ਦੀ ਤਕਨੀਕ ਦੇ ਸਬੰਧ ਵਿਚ ਖੋਜ ਕਾਰਜ ਕਰਨ ਲਈ ਵੀ ਲਾਹੇਵੰਦ ਹੈ।

ਭਾਵੇਂ ਅੱਜ-ਕੱਲ੍ਹ ਭਾਸ਼ਾ ਦੇ ਗਿਆਨ ਤੋਂ ਸੱਖਣੇ ਲੋਕ ਵੀ ਪੱਤਰਕਾਰੀ ਦੇ ਖੇਤਰ ਵਿਚ ਖ਼ਲੀਫ਼ੇ ਬਣੇ ਦਿਸਦੇ ਹਨ, ਪਰ ਇਹ ਕਿਤਾਬ ਦਰਸਾਉਂਦੀ ਹੈ ਕਿ ਭਾਸ਼ਾ, ਪੱਤਰਕਾਰੀ ਦੀ ਗੱਡੀ ਹੈ। ਸ਼ਬਦਾਂ ਨੂੰ ਚੰਗੀ ਤੇ ਸਹੀ ਭਾਸ਼ਾ ਦੀ ਸਵਾਰੀ ਕਰਾ ਕੇ ਹੀ ਪੱਤਰਕਾਰੀ ਦੀ ਕਲਾ ਦੇ ਜੌਹਰ ਦਿਖਾਏ ਜਾ ਸਕਦੇ ਹਨ। ਭਾਸ਼ਾ ਦੇ ਗਿਆਨ ਦੀ ਅਣਹੋਂਦ ਵਿਚ ਪੱਤਰਕਾਰੀ ਮਖੌਲ ਹੀ ਬਣ ਕੇ ਰਹਿ ਚੱਲੀ ਹੈ। ਭਾਸ਼ਾ ਦੀਆਂ ਬਾਰੀਕੀਆਂ ਵੱਲ ਵੀ ਇਹ ਕਿਤਾਬ ਭਾਤੀਆਂ ਪੁਆਉਂਦੀ ਹੈ।

'ਕਾਹਲੀ-ਕਾਹਲੀ ਲਿਖਿਆ ਹੋਇਆ ਇਹ ਲੇਖ' ਇਸ ਪਰਚੇ ਵਿਚ ਛਪ ਕੇ, ਵਿਸ਼ੇਸ਼ ਤੌਰ 'ਤੇ ਦੱਸਣ ਵਾਲੀ ਗੱਲ ਇਹ ਵੀ ਹੈ ਕਿ ਇਹ ਲੇਖ ਛਪਣ ਵੇਲੇ ਤਕ, ਇਹ ਕਿਤਾਬ ਪ੍ਰਕਾਸ਼ਤ ਹੋਈ ਨੂੰ 5 ਸਾਲ ਹੋ ਜਾਣਗੇ। ਪੰਜਾਬੀ ਦੇ ਆਲੋਚਕਾਂ, ਸਮੀਖਿਅਕਾਂ ਜਾਂ ਵਿਆਖਿਆਕਾਰਾਂ ਨੇ ਇਹ ਕਿਤਾਬ ਪੜ੍ਹੀ ਤਾਂ ਸ਼ਾਇਦ ਜ਼ਰੂਰ ਹੋਵੇ, ਪਰ ਇਸ ਬਾਰੇ ਕੋਈ ਛੋਟਾ-ਮੋਟਾ ਲੇਖ ਨਹੀਂ ਲਿਖਿਆ, ਕੋਈ ਲਿਖਤੀ ਟਿੱਪਣੀ ਨਹੀਂ ਕੀਤੀ। ਕੀ ਇਸ ਦੀ ਵਜ੍ਹਾ ਇਹ ਤਾਂ ਨਹੀਂ ਕਿ ਕਿਤੇ ਇਸ ਕਿਤਾਬ ਬਾਰੇ ਕੋਈ ਲੇਖ ਲਿਖਣ ਵਾਲਿਆਂ ਨੂੰ, ਇਸ ਕਿਤਾਬ ਵਿਚ ਜ਼ਾਹਰ ਕੀਤੀਆਂ ਹੋਈਆਂ ਕੁੱਝ ਕੌੜੀਆਂ ਸੱਚਾਈਆਂ ਦੇ ਹਮਾਇਤੀ ਸਮਝ ਲਏ ਜਾਣ ਦਾ ਡਰ ਹੋਵੇ।

ਕਿਸੇ ਪੱਤਰਕਾਰ ਵੱਲੋਂ ਬਹੁਤ ਮਿਹਨਤ ਕਰ ਕੇ ਅਤੇ ਬਹੁਤ ਬੇਬਾਕੀ ਨਾਲ ਲਿਖੀ ਇਕ ਕਿਤਾਬ (ਪੱਤਰਕਾਰੀ ਕਿ ਤਰਕਾਰੀ) ਬਾਰੇ ਨਿਰਪੱਖਤਾ ਨਾਲ ਆਪਣੀ ਰਾਇ ਜ਼ਾਹਰ ਕਰਨ ਬਾਰੇ ਹੀ ਇੰਨਾ ਡਰਨ ਵਾਲੀ ਪੱਤਰਕਾਰ ਸੈਨਾ, ਕਿਸੇ ਮਜ਼ਲੂਮ ਦੀ ਦਾਸਤਾਨ ਲਿਖਣ ਲਈ ਕਿੰਨੀ ਕੁ ਨਿਰਪੱਖ ਤੇ ਦਲੇਰ ਹੋਵੇਗੀ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ ਹੈ।

ਇਸ ਤਰ੍ਹਾਂ ਦੀ ਕਿਤਾਬ, ਗੁਰਮੁਖੀ ਵਿਚ ਪਹਿਲਾਂ ਕਦੇ ਨਹੀਂ ਲਿਖੀ ਗਈ। ਹਾਂ, ਅੰਗਰੇਜ਼ੀ ਭਾਸ਼ਾ ਦੇ ਇਕ ਅਮਰੀਕੀ ਪੱਤਰਕਾਰ ਮੌਰਟ ਰੋਜ਼ਨਬਲੱਮ (Mort Rosenblum)




ਨੇ 'ਕੂਜ਼ ਐਂਡ ਅਰਥਕੁਏਕਸ' (Coups And Earth-quakes) ਸਿਰਲੇਖ ਹੇਠ ਇਕ ਕਿਤਾਬ ਜ਼ਰੂਰ ਲਿਖੀ ਹੋਈ ਹੈ। ਮੈਂ ਉਹ ਕਿਤਾਬ ਦੋ ਵਾਰ ਖ਼ਰੀਦੀ ਤੇ ਪੜ੍ਹੀ ਹੈ। 'ਇਸ ਕਿਤਾਬ ਦੀ ਕੀ ਲੋੜ ਸੀ!' ਸਿਰਲੇਖ ਅਧੀਨ 'ਪੱਤਰਕਾਰੀ ਕਿ ਤਰਕਾਰੀ' ਦੀ 'ਆਦਿਕਾ' ਵਿਚ ਮੈਂ ਰੋਜ਼ਨਬਲੱਮ ਦੀ ਕਿਤਾਬ ਦੇ ਹਵਾਲੇ ਨਾਲ ਇਸ ਤਰ੍ਹਾਂ ਲਿਖਿਆ ਹੋਇਆ ਹੈ:

"ਉਹ ਕਿਤਾਬ ਪੜ੍ਹ ਕੇ ਮੈਂ, ਆਪਣੇ-ਆਪ ਨਾਲ ਇਕ ਇਕਰਾਰ ਕੀਤਾ ਸੀ ਕਿ ਜੇ ਕਦੇ ਮੈਂ ਆਪਣੀ ਅਖ਼ਬਾਰੀ ਜ਼ਿੰਦਗੀ ਬਾਰੇ ਕੋਈ ਕਿਤਾਬ ਲਿਖੀ ਤਾਂ ਮੈਂ ਉਹ ਕਿਤਾਬ ਲਿਖਦਿਆਂ, ਇਹ ਕਿਤਾਬ ਆਪਣੇ ਜ਼ਿਹਨ ਵਿਚ ਰੱਖਾਂਗਾ। ਮੇਰੀ ਕਿਤਾਬ ਦੇ ਜਿਨ੍ਹਾਂ ਪਾਠਕਾਂ ਨੇ 'Coups And Earth-quakes' ਨਾਂ ਦੀ ਇਹ ਕਿਤਾਬ ਪੜ੍ਹੀ ਹੋਵੇਗੀ, ਉਹ ਮੇਰੀ ਕਿਤਾਬ ਪੜ੍ਹ ਕੇ ਵੀ ਨਿਰਾਸ਼ ਨਹੀਂ ਹੋਣਗੇ, ਇਹ ਮੇਰਾ ਦਾਅਵਾ ਹੈ...।"

ਇਸ ਕਿਤਾਬ ਦੀ ਆਦਿਕਾ ਦਾ ਅੰਤ ਕਰਨ ਤੋਂ ਪਹਿਲਾਂ ਖ਼ਾਕਸਾਰ ਨੇ ਕੁੱਝ ਇਸ ਤਰ੍ਹਾਂ ਵੀ ਅਰਜ਼ ਕੀਤਾ ਹੋਇਆ ਹੈ, "ਜੇ ਤੁਸੀਂ ਪੱਤਰਕਾਰੀ ਦੇ ਰਵਾਇਤੀ ਕਿਰਦਾਰ ਦੇ ਵਾਰੇ-ਵਾਰੇ ਜਾਣ ਲਈ ਤਿਆਰ ਰਹਿੰਦੇ ਹੋ, ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਅਖ਼ਬਾਰ ਦਾ ਮਾਲਕ, ਜੋ ਆਮ ਤੌਰ 'ਤੇ ਹੀ ਉਸ ਅਖ਼ਬਾਰ ਦਾ ਸੰਪਾਦਕ ਵੀ ਹੁੰਦਾ ਹੈ, ਸਮਾਜ ਸੇਵਾ ਦਾ ਥੰਮ ਹੈ, ਇਨਸਾਫ਼ ਦਾ ਰਾਖਾ ਹੈ ਤਾਂ ਤੁਸੀਂ ਇਸ ਕਿਤਾਬ ਦੇ ਸਹੀ ਪਾਠਕ ਹੋ। ਇਹ ਕਿਤਾਬ ਪੜ੍ਹ ਕੇ, ਪੱਤਰਕਾਰੀ ਦੇ ਸਬੰਧ ਵਿਚ ਤੁਹਾਨੂੰ ਪਏ ਹੋਏ ਬਹੁਤ ਸਾਰੇ ਭਰਮ-ਭੁਲੇਖੇ ਟੁੱਟਣਗੇ ਹੀ ਨਹੀਂ, ਟੁੱਟ ਕੇ ਚਕਨਾਚੂਰ ਵੀ ਹੋ ਜਾਣਗੇ...।"

ਇਸੇ ਹੀ ਕਿਤਾਬ ਦੇ ਪਲੇਠੇ ਲੇਖ 'ਅਖ਼ਬਾਰ ਨਾਲ ਪਿਆ ਪਹਿਲਾ ਵਾਹ' ਦੇ ਆਖ਼ਰੀ ਪੈਰੇ ਵਿਚ ਲਿਖੇ ਕੁੱਝ ਵਾਕ ਪੱਤਰਕਾਰੀ ਦੇ ਸਿਖਿਆਰਥੀਆਂ ਤੇ ਖੋਜਾਰਥੀਆਂ ਦੇ ਕੰਨ ਖੜ੍ਹੇ ਕਰਨ ਲਈ ਕਾਫ਼ੀ ਹਨ। ਇਹ ਵਾਕ ਇਸ ਤਰ੍ਹਾਂ ਹਨ, "ਯਾਦ ਨਹੀਂ ਕਿਸ ਸਾਲ ਦੀ ਗੱਲ ਹੈ ਕਿ 'ਨਵਾਂ ਜ਼ਮਾਨਾ' ਵਿਚ ਇਕ ਡੱਬੀ ਛਪੀ, ਜਿਸ ਵਿਚ 'ਪੱਤਰਕਾਰੀ ਦਾ ਕੋਰਸ' ਕਰਾਉਣ ਦੀ ਗੱਲ ਕੀਤੀ ਹੋਈ ਸੀ। ਉਸ ਵੇਲੇ, ਕਿਸੇ ਹੋਰ ਸੂਬੇ ਦਾ ਤਾਂ ਇਲਮ ਨਹੀਂ, ਪੰਜਾਬ ਦੇ ਕਿਸੇ ਵੀ ਕਾਲਜ ਜਾਂ ਯੂਨੀਵਰਸਿਟੀ ਵਿਚ 'ਪੱਤਰਕਾਰੀ ਦੀ ਪੜ੍ਹਾਈ' ਯਾਨੀ 'ਪੱਤਰਕਾਰੀ ਦਾ ਕੋਰਸ' ਨਹੀਂ ਕਰਾਇਆ ਜਾਂਦਾ ਸੀ। ਇਸ ਤਰ੍ਹਾਂ 'ਨਵਾਂ ਜ਼ਮਾਨਾ' ਪੰਜਾਬੀ ਪੱਤਰਕਾਰੀ ਦਾ ਪਹਿਲਾ ਕਾਲਜ ਵੀ ਬਣ ਗਿਆ। ਉਹ ਡੱਬੀ ਪੜ੍ਹ ਕੇ ਮੇਰੇ ਮਨ ਵਿਚ 'ਕੁਆਲੀਫਾਈਡ ਜਰਨਲਿਸਟ' ਬਣਨ ਦੀ ਰੀਝ ਜਾਗ ਪਈ ਸੀ।"

'ਆਦਿਕਾ' ਦੇ ਹੀ 13ਵੇਂ ਸਫ਼ੇ ਦੇ ਸਿਖ਼ਰ ਛਪੀਆਂ ਇਹ ਸਤਰਾਂ ਵੀ ਗੌਲਣ ਯੋਗ ਹਨ: "ਭਾਵੇਂ ਅਚਾਨਕ ਹੀ ਚੱਲੀ ਹੋਵੇ, ਗੋਲੀ ਚੱਲਣ ਦੀ ਖ਼ਬਰ, ਹਰ ਅਖ਼ਬਾਰ ਲਈ ਬਹੁਤ ਅਹਿਮ ਹੁੰਦੀ ਹੈ, ਪਰ ਕਿਸੇ ਅਖ਼ਬਾਰ ਦੇ ਦਫ਼ਤਰ ਅੰਦਰ, ਮਾਲਕਾਂ ਵਿਚੋਂ ਕਿਸੇ ਤੋਂ ਗੋਲੀ ਚੱਲ ਜਾਵੇ ਤਾਂ ਉਹ ਖ਼ਬਰ ਵੀ ਨਹੀਂ ਰਹਿ ਜਾਂਦੀ। ਦੁਨੀਆਂ ਭਰ ਦੇ ਅਦਾਰਿਆਂ ਦੇ ਮੁਲਾਜ਼ਮ, ਆਪਣੀਆਂ ਮੰਗਾਂ ਦੇ ਹੱਕ ਵਿਚ ਰੈਲੀਆਂ-ਮੁਜ਼ਾਹਿਰੇ ਕਰਨ ਤਾਂ ਉਨ੍ਹਾਂ ਦੀਆਂ ਰੈਲੀਆਂ ਤੇ ਮੁਜ਼ਾਹਰਿਆਂ ਦੀਆਂ ਖ਼ਬਰਾਂ ਤੇ ਤਸਵੀਰਾਂ ਅਖ਼ਬਾਰਾਂ ਵਿਚ ਛਪਿਆ ਕਰਦੀਆਂ ਹਨ, ਪਰ ਸਭ ਦੇ ਹੱਕਾਂ ਲਈ ਹੁੰਦੇ ਮੁਜ਼ਾਹਰਿਆਂ ਅਤੇ ਰੈਲੀਆਂ ਦੀਆਂ ਖ਼ਬਰਾਂ ਛਾਪਣ ਵਾਲੇ ਪੱਤਰਕਾਰ, ਆਪਣੇ ਹੱਕਾਂ ਦੇ ਸਬੰਧ ਵਿਚ ਇਕ 'ਹੋਕਾ' ਵੀ ਨਹੀਂ ਦੇ ਸਕਦੇ, ਇਕ 'ਹਾਕ' ਵੀ ਨਹੀਂ ਮਾਰ ਸਕਦੇ। ਜੇ ਕਿਤੇ ਕੋਈ ਪੱਤਰਕਾਰ ਆਪਣੀ ਕਿਸੇ ਹੱਕੀ ਮੰਗ ਦੇ ਸਬੰਧ ਵਿਚ ਅਵਾਜ਼ ਉਠਾ ਹੀ ਬੈਠੇ ਤਾਂ ਉਸ ਨੂੰ ਇਸ ਸਬੰਧੀ ਵਜ੍ਹਾ ਬਿਆਨ ਕਰਨ ਦਾ ਨੋਟਿਸ ਮਿਲ ਸਕਦਾ ਹੈ ਤੇ ਇਸੇ ਹੀ ਗੱਲੋਂ ਉਸ ਦੀ ਨੌਕਰੀ ਖ਼ਤਰੇ ਵਿਚ ਪੈ ਸਕਦੀ ਹੈ।..."

ਲੋਕਾਂ ਦੇ ਬਹੁਤ ਸਾਰੇ ਮਸਲੇ ਹੱਲ ਕਰਾਉਣ ਲਈ ਅਵਾਜ਼ ਉਠਾਉਣ ਖ਼ਾਤਰ ਮੰਚ ਬਣਦਾ 'ਪ੍ਰੈੱਸ', ਜੋ ਹੁਣ 'ਮੀਡੀਆ' ਕਹਾ ਕੇ ਬਹੁਤ ਇਤਰਾਉਂਦਾ ਹੈ, ਆਪ ਕਿੰਨੇ ਮਸਲੇ ਪੈਦਾ ਕਰਦਾ ਹੈ, ਇਸ ਗੱਲ ਖ਼ੁਲਾਸਾ ਕਰਨ ਦਾ ਹੀਲਾ ਕਰ ਰਹੀ ਹੈ, ਇਹ ਕਿਤਾਬ।

---

## ਵਿਅੰਗ

ਹਰੀਸ਼ੰਕਰ ਪਰਸਾਈ

# ਕਿਤਾਬਾਂ ਨੇ ਪੱਟਿਆ ਤੈਨੂੰ

ਦੀਵਾਲੀ 'ਤੇ ਮੈਂ ਲੱਛਮੀ-ਪੂਜਾ ਨਹੀਂ ਕਰਦਾ। ਪੂਜਾ ਆਪਣੇ ਸੁਭਾਅ ਨਾਲ ਮੇਲ ਨਹੀਂ ਖਾਂਦੀ। ਜੇ ਕਿਸੇ ਦੀ ਪੂਜਾ ਕਰਾਂਗੇ ਤਾਂ ਜਾਂ ਤਾਂ ਉਹਦਾ ਨੁਕਸਾਨ ਹੋਊ ਜਾਂ ਆਪਣਾ।

ਮੈਂ ਵੀ 10 ਤੋਂ 17 ਸਾਲ ਦੀ ਉਮਰ ਤੱਕ ਲੱਛਮੀ ਦੀ ਪੂਜਾ ਕੀਤੀ। ਬਾਪੂ ਜੀ ਮੈਥੋਂ ਪੂਜਾ ਕਰਾਉਂਦੇ ਸਨ-ਸ਼ਾਇਦ ਇਹ ਸੋਚ ਕੇ ਕਿ ਲੱਛਮੀ ਨੂੰ ਨਿਆਣਿਆਂ 'ਤੇ ਤਰਸ ਆਏਗਾ ਤੇ ਉਹ ਆ ਜਾਵੇਗੀ; ਪਰ ਉਹ ਆਈ ਨਹੀਂ। ਕਈ ਸਾਲ ਮੈਂ ਲੱਛਮੀ ਦੀ ਪੂਜਾ ਕਰਦਾ ਰਿਹਾ ਤੇ ਓਧਰ ਬਾਪੂ ਜੀ ਦਾ ਕੰਮ ਠੱਪ ਹੁੰਦਾ ਗਿਆ। ਹਰ ਸਾਲ ਦੀਵਿਆਂ ਦੀ ਗਿਣਤੀ ਤੇ ਤੇਲ ਦੀ ਮਿਣਤੀ ਘਟਦੀ ਗਈ। ਵੱਡਾ ਹੋ ਕੇ ਪਟਾਕਿਆਂ 'ਚ ਵੀ ਮੇਰੀ ਦਿਲਚਸਪੀ ਘਟ ਗਈ। ਪਟਾਕੇ ਬਚਪਨ ਵਿੱਚ ਹੀ ਚੰਗੇ ਲੱਗਦੇ ਹਨ। ਵੱਡੇ ਹੋ ਕੇ ਪਟਾਕੇ ਚੰਗੇ ਨਹੀਂ ਲੱਗਦੇ।

ਉਂਝ ਬੁੱਢੇ ਠੇਰਿਆਂ ਨੂੰ ਵੀ ਮੈਂ ਕੁੱਤੇ ਦੀਆਂ ਪੂਛਾਂ ਨਾਲ ਪਟਾਕਿਆਂ ਦੀ ਲੜੀ ਬੰਨ ਕੇ ਅੱਗ ਲਾਉਂਦੇ ਦੇਖਿਆ ਹੈ।

ਗੱਲ ਕਿਤੇ ਹੋਰ ਚਲੀ ਗਈ ਨਾ? ਚਲੋ, ਲੱਛਮੀ ਦੀ ਗੱਲ ਕਰਦੇ ਹਾਂ। ਸੱਤ ਸਾਲ ਲਗਾਤਾਰ ਲੱਛਮੀ ਪੂਜਾ ਦਾ ਇਹ ਸਿੱਟਾ ਨਿੱਕਲਿਆ ਕਿ ਮੇਰੇ ਪਿਉ ਦਾ ਧੰਦਾ ਬਿਲਕੁਲ ਠੱਪ ਹੋ ਗਿਆ ਤੇ ਲੱਛਮੀ ਦਾ ਇਹ 'ਭਗਤ' ਦਸਵੀਂ ਕਰ ਕੇ ਨੌਕਰੀ ਲੱਭਣ ਤੁਰ ਪਿਆ। ਨੌਕਰੀ ਵੀ ਕੀਤੀ ਤਾਂ ਮਾਸਟਰੀ। ਨਾ ਇਨਕਮ ਟੈਕਸ, ਨਾ ਐਕਸਾਈਜ਼। ਫਿਰ ਨੌਕਰੀ ਛੱਡ ਅਜ਼ਾਦ ਕੰਮ ਦੇ ਖੇਤਰ 'ਚ ਆਇਆ, ਤੇ ਕਿੱਥੇ ਆਇਆ? ਨਾ ਸੀਮਿੰਟ 'ਚ, ਨਾ ਗੱਲੇ 'ਚ ਤੇ ਨਾ ਹੀ ਹਾਰਡਵੇਅਰ ਵਿੱਚ। ਸਾਹਿਤ ਵਿੱਚ! ਮੰਦਬੁੱਧੀ ਬੰਦਾ ਹੋਰ ਕੀ ਕਰ ਸਕਦਾ? ਲੱਛਮੀ ਹੁਣ ਏਸ ਮੁਹੱਲੇ ਆਉਂਦੀ ਵੀ ਹੋਵੇ ਤਾਂ ਦੂਰੋਂ ਹੀ ਮੇਰੀ ਨੇਮਪਲੇਟ ਪੜ੍ਹ ਕੇ ਦੂਜੇ ਪਾਸੇ ਹੋ ਜਾਂਦੀ ਹੋਣੀ। ਮੁਹੱਲੇ ਦੇ ਦੋ ਚਾਰ ਘਰਾਂ 'ਚ ਬੈਠ ਕੇ ਮੁੜ ਜਾਂਦੀ ਹੋਣੀ। ਕਿਸੇ ਤੋਂ ਪੁੱਛ ਵੀ ਲੈਂਦੀ ਹੋਣੀ- ਸੁਣਿਆ ਏਸ ਮੁਹੱਲੇ ਕੋਈ ਬੜਾ ਮੂਰਖ ਬੰਦਾ ਰਹਿੰਦਾ। ਸਾਹਿਤ-ਸੁਹਿਤ ਦਾ ਘਟੀਆ ਕੰਮ ਕਰਦਾ। ਕੋਈ ਦੱਸ ਦਿੰਦਾ ਕਿ ਹਾਂ ਉੱਧਰ ਰਹਿੰਦਾ। ਉਹ ਮੂੰਹ ਫੇਰ ਕੇ ਚਲ ਜਾਂਦੀ ਹੈ।

ਮੇਰਾ ਇੱਕ ਦੋਸਤ ਕਹਿੰਦਾ ਹੈ- ਕਿਤਾਬਾਂ ਨੇ ਪੱਟਿਆ ਤੈਨੂੰ, ਪਰਸਾਈ।

ਪੱਟਿਆ, ਬਿਲਕੁਲ ਪੱਟਿਆ। ਕਿਤਾਬ ਲਿਖਣ ਵਾਲੇ ਤੋਂ ਵੇਚਣ ਵਾਲਾ ਵੱਡਾ ਹੁੰਦਾ। ਕਥਾ ਲਿਖਣ ਵਾਲੇ ਤੋਂ ਕਥਾ ਕਰਨ ਵਾਲਾ ਵੱਡਾ ਹੁੰਦਾ। ਕੁਦਰਤ ਬਣਾਉਣ ਵਾਲੇ ਤੋਂ ਕੁਦਰਤ ਲੁੱਟਣ ਵਾਲਾ ਵੱਡਾ ਹੁੰਦਾ ਹੈ।

ਮੈਂ ਕਥਾ ਲਿਖਦਾਂ ਤੇ ਚੌਰਾਹੇ 'ਤੇ ਕਥਾਵਾਚਕ ਕਥਾ ਕਰਦਾ। ਇਹ ਕਥਾ ਤੁਲਸੀਦਾਸ ਨੇ ਲਿਖੀ ਹੈ। ਕਥਾਵਾਚਕ ਦੀ ਆਰਤੀ ਦੀ ਥਾਲੀ ਭਰ ਜਾਂਦੀ ਹੈ; ਉੱਪਰੋਂ ਜੋ ਭੇਟਾ ਮਿਲਦੀ ਉਹ ਅੱਡ। ਮੈਂ, ਕਥਾ ਲੇਖਕ, ਸੜਕ 'ਤੇ ਖੜਾ ਬਿਟ-ਬਿਟ ਝਾਕੀ ਜਾਨਾਂ।

ਉਸ ਦਿਨ ਗਿਆਨਰੰਜਨ ਨੇ ਕਿਹਾ, "ਇਹ ਕਥਾਵਾਚਕ ਹਿੰਦੀ 'ਚ ਐਮ.ਏ. ਨੇ।"

ਮੈਂ ਕਿਹਾ, "ਉਹਨੂੰ ਦੇਖੋ ਤੇ ਸਾਨੂੰ ਵੀ ਦੇਖੋ। ਇੱਕ ਉਹ ਹਿੰਦੀ ਦਾ ਐਮ.ਏ. ਆ ਤੇ ਇੱਕ ਮੈਂ ਹਾਂ। ਐਮ.ਏ. ਕਰ ਕੇ ਉਹਨੂੰ ਅਕਲ ਆ ਗਈ ਤੇ ਸਾਡੀ ਮੱਤ ਮਾਰੀ ਗਈ। ਅਸੀਂ ਲਿਖਣ ਦੇ ਚੱਕਰ 'ਚ ਫਸ ਗਏ ਤੇ ਉਹਨੇ ਸੁਣਾਉਣ ਦਾ ਅਭਿਆਸ ਕੀਤਾ। ਉਹ ਅੱਗੇ ਵਧ ਗਿਆ ਤੇ ਅਸੀਂ? ਕਿਤਾਬ ਨਾਲੋਂ ਕੁੰਜੀ ਵੱਧ ਵਿਕਦੀ ਹੈ।

ਯਾਰ, ਪਰ ਮੈਂ ਕਰਦਾ ਵੀ ਤਾਂ ਕੀ? ਇੱਕ ਤਾਂ ਲੱਛਮੀ ਰੂਪ ਤੋਂ ਨਾਰੀ, ਤੇ ਉੱਲੂ 'ਤੇ ਉਹਦੀ ਸਵਾਰੀ। ਜਿਸਨੇ ਵੀ ਸੋਚਿਆ ਕਿਆ ਕਮਾਲ ਸੋਚਿਆ। ਜ਼ਰੂਰ ਕੋਈ ਸ਼ੋਸਲਿਸਟ ਹੋਊ। ਕੋਈ ਔਰਤ ਹੋਵੇ ਤੇ ਉਹਦਾ 'ਗਾਈਡ' ਉੱਲੂ ਹੋਵੇ, ਉਹ ਇੱਧਰ ਆ ਹੀ ਨਹੀਂ ਸਕਦੀ। ਉੱਲੂ ਨੇ ਕਹਿ ਦੇਣਾ- 'ਦੇਵੀ ਜੀ ਜੇ ਉੱਧਰ ਜਾਣਾ ਤਾਂ ਰਿਕਸ਼ਾ ਕਰਾ'ਲੋ। ਮੈਂ ਉਹਦੇ ਘਰੇ ਨਹੀਂ ਜੇ ਜਾਣਾ। ਉਹ ਮੇਰੀ ਪੂਰੀ ਕੌਮ ਨੂੰ ਨਫਰਤ ਕਰਦਾ ਹੈ।' ਵਿਚਾਰੀ ਮੁੜ ਮੜ ਜਾਂਦੀ ਹੋਣੀ ਆ। ਮੈਨੂੰ ਪਤਾ ਹੈ ਕਿ ਕਦੇ ਕਦੇ ਉਸਦਾ ਉਤਸੁਕਤਾ ਨਾਲ ਆਉਣ ਦਾ ਜੀਅ ਕੀਤਾ ਹੋਣਾ। ਪਰ ਉੱਲੂ ਨੇ ਆਉਣ ਨਹੀਂ ਦਿੱਤਾ। ਉਸਨੇ ਆਪਣੇ 'ਮਿਸਟਰ' ਤੇ 'ਕਲਾਸਫੈਲੋ' ਨੂੰ ਵੀ ਇੱਧਰ ਭੇਜਿਆ, ਪਰ ਉੱਲੂਆਂ ਨੇ ਉਹਨੂੰ ਵੀ ਮੋੜ ਦਿੱਤਾ। ਮੈਨੂੰ ਲੱਗਦਾ, ਲੱਛਮੀ ਅੱਕੀ ਹੋਈ ਉੱਲੂ 'ਤੇ ਬੈਠ ਜਾਂਦੀ ਹੈ ਤੇ ਅੰਗੜਾਈਆਂ ਭੰਨਦੀ ਫੁੱਲ ਸੁੰਘਣ ਲੱਗਦੀ ਹੈ। ਉੱਲੂ ਉੱਡਦਾ ਉੱਡਦਾ ਰੁਕ ਜਾਂਦਾ ਹੈ, ਕਿਸੇ ਕੋਲ। ਕਹਿੰਦਾ ਹੈ- 'ਦੇਵੀ ਜੀ, ਇਹ ਮੇਰਾ ਸਾਲਾ ਹੈ। ਇਹਨੂੰ ਕੁਛ ਦੇ ਦੋ।' ਲੱਛਮੀ ਆਪਣੇ ਬੈਂਕ ਦਾ ਚੈੱਕ ਕੱਟ ਕੇ ਉਸਨੂੰ ਦੇ ਜਾਂਦੀ ਹੈ। (ਉਦਾਂ ਲੱਛਮੀ ਬੈਂਕ ਲਿਮਿਟਿਡ ਫੇਲ੍ਹ ਹੋ ਗਿਆ ਹੈ ਤੇ ਡਾਇਰੈਕਟਰ ਹੁਰੀਂ ਜੇਲ੍ਹ 'ਚ ਬੰਦ ਨੇ। ਪਰ ਓਸ 'ਚ ਵਿਸ਼ਨੂੰ ਦੀ ਘਰ ਵਾਲੀ ਦੇ ਸ਼ੇਅਰ ਨਹੀਂ ਸਨ)। ਉੱਲੂ ਫੇਰ ਕਿਸੇ ਕੋਲ ਰੁਕ ਕੇ ਕਹਿੰਦਾ ਹੈ- ਦੇਵੀ ਜੀ, ਇਹ ਮੇਰਾ ਸਾਢੂ ਹੈ...। ਲੱਛਮੀ ਫੇਰ ਉਸਨੂੰ ਚੈੱਕ ਕੱਟ ਕੇ ਦੇ ਦਿੰਦੀ ਹੈ। ਇਸ ਤਰ੍ਹਾਂ ਉੱਲੂ, ਲੱਛਮੀ ਨੂੰ ਚਾਚਿਆਂ, ਮਾਮਿਆਂ, ਫੁੱਫੜਾਂ, ਭਤੀਜਿਆਂ ਕੋਲ ਲੈ ਜਾਂਦਾ ਹੈ ਤੇ ਚੈਕ ਦਿਵਾ ਦਿੰਦਾ ਹੈ।

ਲੱਛਮੀ ਪੁੱਛਦੀ ਹੈ, "ਕਿਉਂ ਵੀ ਹਰੀਸ਼ੰਕਰ ਪਰਸਾਈ, ਤੇਰਾ ਕੁਝ ਨੀਂ ਲੱਗਦਾ?"

ਉੱਲੂ ਕਹਿੰਦਾ ਹੈ, "ਉਹ ਮੇਰਾ ਦੁਸ਼ਮਣ ਹੈ। ਉਹਦਾ ਤਾਂ ਨਾਮ ਵੀ ਨਾ ਲਿਉ ਦੇਵੀ ਜੀ!"

ਲੱਛਮੀ ਦੀ ਉਤਪਤੀ ਦੀ ਕਥਾ ਹੀ ਅਜਿਹੀ ਹੈ ਕਿ ਉਸ ਨੂੰ ਹਾਸਿਲ ਕਰਨਾ ਆਪਣੇ ਵੱਸੋਂ ਬਾਹਰੀ ਗੱਲ ਲੱਗਦੀ ਹੈ। ਲੱਛਮੀ ਸਮੁੰਦਰ ਜਾਪ ਤੋਂ ਬਾਅਦ ਸਮੁੰਦਰ ਵਿੱਚੋਂ ਬਾਹਰ ਨਿੱਕਲੀ ਸੀ। ਸਮੁੰਦਰ ਜਾਪ ਵੀ 'ਕੱਲੇ ਦੇਵਤਾਵਾਂ ਨੇ ਨ੍ਹੀਂ ਕੀਤਾ। ਉਨ੍ਹਾਂ ਨੇ ਸ਼ੈਤਾਨਾਂ ਦੀ ਮਦਦ ਲਈ। ਜੇ ਇਕੱਲੇ ਦੇਵਤੇ ਹੀ ਸਮੁੰਦਰ ਜਾਪ ਕਰਕੇ ਲੱਛਮੀ ਨੂੰ ਕੱਢ ਲੈਂਦੇ, ਤਾਂ ਮੈਂ ਉਨ੍ਹਾਂ ਦੀ ਜੈ ਬੋਲਦਾ; ਪਰ 'ਸ਼ੈਤਾਨਾਂ' ਦੀ ਮਦਦ ਤੋਂ ਬਿਨਾਂ ਉਹ ਲੱਛਮੀ ਨੂੰ ਹਾਸਿਲ ਹੀ ਨਹੀਂ ਕਰ ਸਕੇ। ਤਾਂ ਆਪਣੀ ਅਰਥ ਵਿਵਸਥਾ ਦਾ ਜੋ ਸਮੁੰਦਰ ਹੈ, ਉਸਦੇ ਜਾਪ ਲਈ ਮੈਂ ਸ਼ੈਤਾਨਾਂ ਨਾਲ ਸਮਝੌਤਾ ਕਰਾਂ, ਫੇਰ ਲੱਛਮੀ ਬਾਹਰ ਨਿੱਕਲੂ! ਫਿਰ ਵੀ ਕੀ ਭਰੋਸਾ ਉਹ ਮੈਨੂੰ ਮਿਲ ਜਾਵੇ। ਮਾੜੇ ਮੋਟੇ ਦੇਵਤੇ ਤਾਂ ਕਈ ਸਨ, ਪਰ ਲੱਛਮੀ ਉਨ੍ਹਾਂ ਨੂੰ ਕਿੱਥੇ ਮਿਲੀ? ਉਹ ਸਿੱਧੀ ਵਿਸ਼ਨੂੰ ਕੋਲ ਗਈ ਤੇ

⇒ ਬਾਕੀ ਅਗਲੇ ਸਫ਼ੇ ਉਤੇ ਪੜ੍ਹੋ

ਕਹਾਣੀ

# ਸ਼ਾਹ ਆਲਮ ਕੈਂਪ ਦੀਆਂ ਰੂਹਾਂ

ਅਸ਼ਗਰ ਵਜਾਹਤ
(ਪੰਜਾਬੀ ਰੂਪ: ਕੇਹਰ ਸ਼ਰੀਫ਼)

ਸ਼ਾਹ ਆਲਮ ਕੈਂਪ ਵਿੱਚ ਦਿਨ ਤਾਂ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਰ ਜਾਂਦੇ ਹਨ, ਪਰ ਰਾਤਾਂ ਕਿਆਮਤ ਦੀਆਂ ਹੁੰਦੀਆਂ ਹਨ। ਅਜਿਹੀ ਹਫੜਾ ਦਫੜੀ ਦਾ ਆਲਮ ਹੁੰਦਾ ਹੈ ਕਿ ਅੱਲ੍ਹਾ ਬਚਾਵੇ। ਇੰਨੀਆਂ ਆਵਾਜ਼ਾਂ ਹੁੰਦੀਆਂ ਹਨ ਕਿ ਕੰਨ ਪਈ ਆਵਾਜ਼ ਵੀ ਸੁਣਾਈ ਨਹੀਂ ਦਿੰਦੀ। ਚੀਕ ਪੁਕਾਰ, ਰੌਲ਼ਾ-ਰੱਪਾ, ਰੋਣਾ-ਪਿੱਟਣਾ, ਆਹਾਂ-ਸਿਸਕੀਆਂ...।

ਰਾਤ ਸਮੇਂ ਰੂਹਾਂ ਆਪਣੇ ਬਾਲ-ਬੱਚਿਆਂ ਨੂੰ ਮਿਲਣ ਆਉਂਦੀਆਂ ਹਨ। ਰੂਹਾਂ ਆਪਣੇ ਯਤੀਮ ਬੱਚਿਆਂ ਦੇ ਸਿਰ ’ਤੇ ਹੱਥ ਫੇਰਦੀਆਂ ਹਨ, ਉਨ੍ਹਾਂ ਦੀਆਂ ਸੁੰਨੀਆਂ ਅੱਖਾਂ ਵਿੱਚ ਆਪਣੀਆਂ ਸੁੰਨੀਆਂ ਅੱਖਾਂ ਪਾ ਕੇ ਕੁਝ ਕਹਿੰਦੀਆਂ ਹਨ। ਬੱਚਿਆਂ ਨੂੰ ਗਲ ਨਾਲ ਲਾਉਂਦੀਆਂ ਹਨ। ਜਿਊਂਦੇ ਸਾੜੇ ਜਾਣ ਤੋਂ ਪਹਿਲਾਂ ਉਨ੍ਹਾਂ ਦੀਆਂ ਜਿਹੜੀਆਂ ਸੀਨਾ ਪਾੜਵੀਆਂ ਚੀਕਾਂ ਨਿਕਲੀਆਂ ਸਨ, ਉਹ ਪਿਛੋਕੜ ਵਿੱਚ ਗੂੰਜਦੀਆਂ ਰਹਿੰਦੀਆਂ ਹਨ।

ਸਾਰਾ ਕੈਂਪ ਜਦੋਂ ਸੌਂ ਜਾਂਦਾ ਹੈ ਤਾਂ ਬੱਚੇ ਜਾਗਦੇ ਹਨ। ਉਨ੍ਹਾਂ ਨੂੰ ਉਡੀਕ ਰਹਿੰਦੀ ਹੈ ਆਪਣੀ ਮਾਂ ਨੂੰ ਦੇਖਣ ਦੀ... ਅੱਬਾ ਨਾਲ ਖਾਣਾ ਖਾਣ ਦੀ।

‘ਕਿਵੇਂ ਹੋ ਸਿਰਾਜ?’ ਅੰਮੀ ਦੀ ਰੂਹ ਨੇ ਸਿਰਾਜ ਦੇ ਸਿਰ ’ਤੇ ਹੱਥ ਫੇਰਦੇ ਹੋਏ ਕਿਹਾ।

‘ਤੁਸੀਂ ਕਿਵੇਂ ਹੋ ਅੰਮੀ?’

ਮਾਂ ਖ਼ੁਸ਼ ਨਜ਼ਰ ਆ ਰਹੀ ਸੀ, ਕਹਿਣ ਲੱਗੀ, ‘ਸਿਰਾਜ, ਹੁਣ ਮੈਂ ਰੂਹ ਹਾਂ, ਹੁਣ ਮੈਨੂੰ ਕੋਈ ਜਾਲ ਨਹੀਂ ਸਕਦਾ।’

‘ਅੰਮੀ, ਕੀ ਮੈਂ ਵੀ ਤੁਹਾਡੀ ਤਰ੍ਹਾਂ ਹੋ ਸਕਦਾ ਹਾਂ?’

---

ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਇੱਕ ਔਰਤ ਦੀ ਘਬਰਾਈ, ਬੁਖਲਾਈ ਰੂਹ ਪਹੁੰਚੀ, ਜੋ ਆਪਣੇ ਬੱਚੇ ਨੂੰ ਲੱਭ ਰਹੀ ਸੀ। ਉਸ ਦਾ ਬੱਚਾ ਨਾ ਉਸ ਦੁਨੀਆਂ ਵਿੱਚ ਸੀ ਤੇ ਨਾ ਹੀ ਉਹ ਕੈਂਪ ਵਿੱਚ ਸੀ। ਬੱਚੇ ਦੀ ਮਾਂ ਦਾ ਕਾਲਜਾ ਫਟਿਆ ਜਾ ਰਿਹਾ ਸੀ। ਦੂਜੀਆਂ ਔਰਤਾਂ ਦੀਆਂ ਰੂਹਾਂ ਵੀ ਇਸ ਔਰਤ ਨਾਲ ਬੱਚੇ ਨੂੰ ਢੂੰਡਣ ਲੱਗੀਆਂ। ਉਨ੍ਹਾਂ ਸਾਰੀਆਂ ਨੇ ਇਕੱਠੀਆਂ ਹੋ ਕੇ ਸਾਰਾ ਕੈਂਪ ਛਾਣ ਮਾਰਿਆ, ਮੁਹੱਲੇ ਗਈਆਂ, ਘਰ ਧੂੰਆਂ ਧੂੰਆਂ ਹੋਏ ਸੜ ਰਹੇ ਸਨ। ਕਿਉਂਕਿ ਉਹ ਰੂਹਾਂ ਸਨ, ਇਸ ਕਰਕੇ ਸੜਦੇ ਹੋਏ ਮਕਾਨਾਂ ਦੇ ਅੰਦਰ ਚਲੀਆਂ ਗਈਆਂ। ਕੋਨਾ ਕੋਨਾ ਛਾਣ ਮਾਰਿਆ, ਪਰ ਬੱਚਾ ਨਾ ਮਿਲਿਆ। ਆਖਿਰ ਸਭ ਔਰਤਾਂ ਦੀਆਂ ਰੂਹਾਂ ਦੰਗਾਕਾਰੀਆਂ ਕੋਲ ਗਈਆਂ। ਉਹ ਕੱਲ੍ਹ ਵਾਸਤੇ ਪੈਟਰੋਲ ਬੰਬ ਬਣਾ ਰਹੇ ਸਨ। ਬੰਦੂਕਾਂ ਸਾਫ਼ ਕਰ ਰਹੇ ਸਨ। ਹਥਿਆਰ ਚਮਕਾ ਰਹੇ ਸਨ। ਬੱਚੇ ਦੀ ਮਾਂ ਨੇ ਉਨ੍ਹਾਂ ਤੋਂ ਆਪਣੇ ਬੱਚੇ ਬਾਰੇ ਪੁੱਛਿਆ ਤਾਂ ਉਹ ਹੱਸਣ ਲੱਗੇ ਤੇ ਬੋਲੇ: ‘ਸੁਣ ਪਾਗਲ ਔਰਤ, ਜਦੋਂ ਦਸ ਦਸ, ਵੀਹ ਵੀਹ ਲੋਕਾਂ ਨੂੰ ਇਕੱਠਿਆਂ ਜਲਾਇਆ ਜਾਂਦਾ ਹੈ ਤਾਂ ਇੱਕ ਬੱਚੇ ਦਾ ਹਿਸਾਬ ਕੌਣ ਰੱਖਦਾ ਹੈ? ਪਿਆ ਹੋਣੈ ਕਿਸੇ ਸੁਆਹ ਦੇ ਢੇਰ ਵਿੱਚ।’

ਮਾਂ ਨੇ ਕਿਹਾ, ‘ਨਹੀਂ ਨਹੀਂ, ਮੈਂ ਤਾਂ ਹਰ ਥਾਵੇਂ ਦੇਖ ਲਿਆ ਹੈ, ਕਿਧਰੇ ਨਹੀਂ ਮਿਲਿਆ।’

ਉਦੋਂ ਕਿਸੇ ਦੰਗਾਕਾਰੀ ਨੇ ਕਿਹਾ, ‘ਉਏ, ਇਹ ਕਿਧਰੇ ਉਸ ਬੱਚੇ ਦੀ ਮਾਂ ਤਾਂ ਨਹੀਂ, ਜਿਹਨੂੰ ਅਸੀਂ ਵਿੰਨ੍ਹ ਆਏ ਸਾਂ।’

---

ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਰੂਹਾਂ ਆਪਣੇ ਬੱਚਿਆਂ ਵਾਸਤੇ ਸਵਰਗ ਤੋਂ ਖਾਣਾ ਲਿਆਉਂਦੀਆਂ ਹਨ, ਪਾਣੀ ਲਿਆਉਂਦੀਆਂ ਹਨ, ਦਵਾਈਆਂ ਲਿਆਉਂਦੀਆਂ ਹਨ ਅਤੇ ਬੱਚਿਆਂ ਨੂੰ ਦੇ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਸ਼ਾਹ ਆਲਮ ਕੈਂਪ ਵਿੱਚ ਨਾ ਤਾਂ ਕੋਈ ਬੱਚਾ ਭੁੱਖਾ, ਨੰਗਾ ਰਹਿੰਦਾ ਹੈ ਤੇ ਨਾ ਹੀ ਬਿਮਾਰ। ਇਹੀ ਕਾਰਨ ਹੈ ਕਿ ਸ਼ਾਹ ਆਲਮ ਕੈਂਪ ਮਸ਼ਹੂਰ ਹੋ ਗਿਆ ਹੈ। ਦੂਰ-ਦੂਰ ਤੱਕ ਮੁਲਕਾਂ ਵਿੱਚ ਉਸਦਾ ਨਾਮ ਹੈ। ਦਿੱਲੀ ਤੋਂ ਇੱਕ ਵੱਡਾ ਨੇਤਾ ਜਦੋਂ ਸ਼ਾਹ ਆਲਮ ਕੈਂਪ ਦੇ ਦੌਰੇ ’ਤੇ ਗਿਆ ਸੀ ਤਾਂ ਬਹੁਤ ਖ਼ੁਸ਼ ਹੋਇਆ ਤੇ ਕਹਿਣ ਲੱਗਾ, ‘ਇਹ ਤਾਂ ਬਹੁਤ ਵਧੀਆ ਥਾਂ ਹੈ। ਇੱਥੇ ਤਾਂ ਦੇਸ਼ ਦੇ ਸਾਰੇ ਮੁਸਲਮਾਨ ਬੱਚਿਆਂ ਨੂੰ ਪਹੁੰਚਾ ਦੇਣਾ ਚਾਹੀਦਾ ਹੈ।’

---

ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਰਾਤ ਭਰ ਬੱਚਿਆਂ ਨਾਲ ਰਹਿੰਦੀਆਂ ਹਨ, ਉਨ੍ਹਾਂ ਨੂੰ ਰੂਹ ਨਾਲ ਦੇਖਦੀਆਂ ਹਨ, ਉਨ੍ਹਾਂ ਦੇ ਭਵਿੱਖ ਬਾਰੇ ਸੋਚਦੀਆਂ ਹਨ। ਉਨ੍ਹਾਂ ਨਾਲ ਗੱਲਬਾਤ ਕਰਦੀਆਂ ਹਨ। ‘ਸਿਰਾਜ, ਹੁਣ ਤੂੰ ਘਰ ਚਲਾ ਜਾ।’ ਮਾਂ ਦੀ ਰੂਹ ਨੇ ਸਿਰਾਜ ਨੂੰ ਕਿਹਾ।

‘ਘਰ?’ ਸਿਰਾਜ ਸਹਿਮ ਗਿਆ। ਉਸ ਦੇ ਚਿਹਰੇ ’ਤੇ ਮੌਤ ਦੇ ਪਰਛਾਵੇਂ ਨੱਚਣ ਲੱਗੇ।

‘ਹਾਂ, ਇੱਥੇ ਕਦੋਂ ਤਕ ਰਹੇਂਗਾ? ਮੈਂ ਹਰ ਰੋਜ਼ ਰਾਤ ਨੂੰ ਤੇਰੇ ਕੋਲ ਆਇਆ ਕਰਾਂਗੀ।’

‘ਨਹੀਂ, ਮੈਂ ਘਰ ਨਹੀਂ ਜਾਵਾਂਗਾ, ਕਦੇ ਨਹੀਂ, ਕਦੇ...।’

ਧੂੰਆਂ, ਅੱਗ, ਚੀਕਾਂ, ਰੌਲ਼ਾ।

‘ਅੰਮੀ, ਮੈਂ ਤੇਰੇ ਅਤੇ ਅੱਬੂ ਦੇ ਨਾਲ ਰਹਾਂਗਾ।’

‘ਤੂੰ ਸਾਡੇ ਨਾਲ ਕਿਵੇਂ ਰਹਿ ਸਕਦਾ ਏਂ ਸਿੱਕੂ...?’

‘ਭਾਈ ਜਾਨ ਤੇ ਭੈਣ ਵੀ ਰਹਿੰਦੇ ਹਨ ਨਾ ਤੁਹਾਡੇ ਨਾਲ!’

‘ਉਨ੍ਹਾਂ ਨੂੰ ਵੀ ਸਾਡੇ ਨਾਲ ਹੀ ਜਲਾ ਦਿੱਤਾ ਗਿਆ ਸੀ ਨਾ।’

‘ਫੇਰ... ਫੇਰ ਤਾਂ ਮੈਂ ਘਰ ਚਲਾ ਜਾਵਾਂਗਾ ਅੰਮੀ।’

---

ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਇੱਕ ਬੱਚੇ ਦੀ ਰੂਹ ਆਉਂਦੀ ਹੈ...। ਬੱਚਾ ਰਾਤ ਵੇਲੇ ਚਮਕਦੇ ਹੋਏ ਟਟਹਿਣੇ ਵਰਗਾ ਲੱਗਦਾ ਹੈ। ਇੱਧਰ ਉੱਧਰ ਉਡਦਾ ਫਿਰਦਾ ਹੈ, ਪੂਰੇ ਕੈਂਪ ਵਿੱਚ ਦੌੜਿਆ ਫਿਰਦਾ ਹੈ, ਉਛਲਦਾ-ਕੁੱਦਦਾ ਹੈ, ਸ਼ਰਾਰਤਾਂ ਕਰਦਾ ਹੈ, ਤੁਤਲਾਉਂਦਾ ਨਹੀਂ, ਸਾਫ਼ ਸਾਫ਼ ਬੋਲਦਾ ਹੈ, ਮਾਂ ਦੇ ਕੱਪੜਿਆਂ ਨਾਲ ਲਿਪਟਿਆ ਰਹਿੰਦਾ ਹੈ, ਬਾਪ ਦੀ ਉਂਗਲ ਫੜੀ ਰੱਖਦਾ ਹੈ।

ਸ਼ਾਹ ਆਲਮ ਕੈਂਪ ਦੇ ਦੂਜੇ ਬੱਚਿਆਂ ਤੋਂ ਵੱਖਰਾ ਇਹ ਬੱਚਾ ਬਹੁਤ ਖ਼ੁਸ਼ ਰਹਿੰਦਾ ਹੈ।

‘ਤੂੰ ਇੰਨਾ ਖ਼ੁਸ਼ ਕਿਉਂ ਰਹਿੰਦਾ ਏਂ ਬੱਚੇ?’

‘ਤੁਹਾਨੂੰ ਨਹੀਂ ਪਤਾ, ਇਹ ਤਾਂ ਸਭ ਜਾਣਦੇ ਹਨ।’

‘ਕੀ?’

‘ਇਹ ਹੀ ਕਿ ਮੈਂ ਸਬੂਤ ਹਾਂ।’

‘ਸਬੂਤ? ਕਾਹਦਾ ਸਬੂਤ?’

‘ਬਹਾਦਰੀ ਦਾ ਸਬੂਤ ਹਾਂ।’

‘ਕਿਹਦੀ ਬਹਾਦਰੀ ਦਾ ਸਬੂਤ ਐਂ?’

‘ਉਨ੍ਹਾਂ ਦੀ ਜਿਨ੍ਹਾਂ ਨੇ ਮੇਰੀ ਮਾਂ ਦਾ ਪੇਟ ਚੀਰ ਕੇ ਮੈਨੂੰ ਕੱਢਿਆ ਸੀ ਅਤੇ ਮੇਰੇ ਦੋ ਟੁਕੜੇ ਕਰ ਦਿੱਤੇ ਸਨ।’

---


ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇੱਕ ਲੜਕੇ ਕੋਲ ਉਹਦੀ ਮਾਂ ਦੀ ਰੂਹ ਆਈ। ਲੜਕਾ ਦੇਖ ਕੇ ਹੈਰਾਨ ਹੋ ਗਿਆ।

‘ਮਾਂ ਤੂੰ ਅੱਜ ਇੰਨੀ ਖ਼ੁਸ਼ ਕਿਉਂ ਏਂ?’

‘ਸਿਰਾਜ, ਮੈਂ ਅੱਜ ਤੇਰੇ ਦਾਦੇ ਨੂੰ ਮਿਲੀ ਸੀ। ਉਨ੍ਹਾਂ ਨੇ ਮੈਨੂੰ ਆਪਣੇ ਅੱਬਾ ਨਾਲ ਮਿਲਾਇਆ। ਉਨ੍ਹਾਂ ਨੇ ਆਪਣੇ ਦਾਦੇ ਨਾਲ... ਨਕੜਦਾਦਾ... ਤੇਰੇ ਨਕੜਦਾਦੇ ਨੂੰ ਮੈਂ ਮਿਲੀ।’ ਮਾਂ ਦੀ ਆਵਾਜ਼ ਵਿੱਚੋਂ ਖ਼ੁਸ਼ੀ ਫੁੱਟ ਰਹੀ ਸੀ। ‘ਸਿਰਾਜ, ਤੇਰੇ ਨਕੜਦਾਦਾ ਹਿੰਦੂ ਸਨ... ਹਿੰਦੂ... ਸਮਝਿਆ? ਸਿਰਾਜ ਇਹ ਗੱਲ ਸਾਰਿਆਂ ਨੂੰ ਦੱਸ ਦੇਵੀਂ।’

---

ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇੱਕ ਭੈਣ ਦੀ ਰੂਹ ਆਈ। ਰੂਹ ਆਪਣੇ ਭਰਾ ਨੂੰ ਲੱਭ ਰਹੀ ਸੀ। ਲੱਭਦੇ ਹੋਏ ਉਸ ਦਾ ਭਰਾ ਉਸ ਨੂੰ



ਪੌੜੀਆਂ ’ਤੇ ਬੈਠਾ ਦਿਖਾਈ ਦਿੱਤਾ। ਭੈਣ ਦੀ ਰੂਹ ਖ਼ੁਸ਼ ਹੋਈ। ਉਹ ਨੱਠ ਕੇ ਭਰਾ ਦੇ ਕੋਲ ਪਹੁੰਚੀ ਅਤੇ ਬੋਲੀ, ‘ਵੀਰਾ।’ ਭਰਾ ਨੇ ਸੁਣ ਕੇ ਵੀ ਅਣਸੁਣਿਆ ਕਰ ਦਿੱਤਾ। ਉਹ ਪੱਥਰ ਦੀ ਮੂਰਤੀ ਬਣਿਆ ਬੈਠਾ ਰਿਹਾ। ਭੈਣ ਨੇ ਫਿਰ ਕਿਹਾ, ‘ਸੁਣ ਵੀਰਿਆ।’ ਭਰਾ ਨੇ ਫਿਰ ਨਹੀਂ ਸੁਣਿਆ ਤੇ ਨਾ ਹੀ ਭੈਣ ਵੱਲ ਦੇਖਿਆ। ‘ਤੂੰ ਮੇਰੀ ਗੱਲ ਕਿਉਂ ਨਹੀਂ ਸੁਣ ਰਿਹਾ, ਵੀਰਿਆ?’ ਭੈਣ ਨੇ ਜ਼ੋਰ ਨਾਲ ਕਿਹਾ ਤਾਂ ਭਰਾ ਦਾ ਚਿਹਰਾ ਅੱਗ ਦੀ ਤਰ੍ਹਾਂ ਲਾਲ ਸੁਰਖ਼ ਹੋ ਗਿਆ। ਉਸ ਦੀਆਂ ਅੱਖਾਂ ਉਬਲਣ ਲੱਗੀਆਂ। ਉਹ ਇਕਦਮ ਉੱਠਿਆ ਤੇ ਭੈਣ ਨੂੰ ਬੁਰੀ ਤਰ੍ਹਾਂ ਕੁੱਟਣ ਲੱਗ ਪਿਆ। ਲੋਕ ਇਕੱਠੇ ਹੋ ਗਏ। ਕਿਸੇ ਨੇ ਕੁੜੀ ਤੋਂ ਪੁੱਛਿਆ ਕਿ ਉਸ ਨੇ ਅਜਿਹਾ ਕੀ ਕਹਿ ਦਿੱਤਾ ਕਿ ਭਰਾ ਉਸ ਨੂੰ ਕੁੱਟਣ ਹੀ ਲੱਗ ਪਿਆ? ‘ਮੈਂ ਤਾਂ ਸਿਰਫ਼ ਇਸ ਨੂੰ ਵੀਰਾ ਕਹਿ ਕੇ ਬੁਲਾਇਆ ਹੀ ਹੈ।’ ਇੱਕ ਬਜ਼ੁਰਗ ਕਹਿਣ ਲੱਗਾ, ‘ਨਹੀਂ ਸਲੀਮਾ ਨਹੀਂ, ਤੂੰ ਇੰਨੀ ਵੱਡੀ ਗ਼ਲਤੀ ਕਿਉਂ ਕੀਤੀ?’ ਬਜ਼ੁਰਗ ਫੁੱਟ ਫੁੱਟ ਕੇ ਰੋਣ ਲੱਗਿਆ ਅਤੇ ਭਰਾ ਆਪਣਾ ਸਿਰ ਪਿੱਟਣ ਲੱਗਿਆ।

---

ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇੱਕ ਦਿਨ ਹੋਰ ਰੂਹਾਂ ਦੇ ਨਾਲ ਇੱਕ ਬੁੱਢੇ ਆਦਮੀ ਦੀ ਰੂਹ ਵੀ ਸ਼ਾਹ ਆਲਮ ਕੈਂਪ ਵਿੱਚ ਆ ਗਈ। ਬੁੱਢਾ ਆਦਮੀ ਨੰਗੇ ਪਿੰਡੇ ਸੀ, ਉੱਚੀ ਧੋਤੀ ਬੰਨ੍ਹੀ ਹੋਈ ਸੀ। ਪੈਰਾਂ ਵਿੱਚ ਚੱਪਲਾਂ ਸਨ ਅਤੇ ਹੱਥ ਵਿੱਚ ਇੱਕ ਬਾਂਸ ਦਾ ਡੰਡਾ ਸੀ। ਧੋਤੀ ਵਿੱਚ ਉਹਨੇ ਕਿਧਰੇ ਘੜੀ ਬੰਨ੍ਹੀ ਹੋਈ ਸੀ।

ਰੂਹਾਂ ਨੇ ਬੁੱਢੇ ਆਦਮੀ ਨੂੰ ਪੁੱਛਿਆ, ‘ਕੀ ਤੁਹਾਡਾ ਵੀ ਕੋਈ ਰਿਸ਼ਤੇਦਾਰ ਕੈਂਪ ਵਿੱਚ ਹੈ?’

ਬੁੱਢੇ ਨੇ ਕਿਹਾ, ‘ਨਹੀਂ ਅਤੇ ਹਾਂ।’

ਰੂਹਾਂ ਨੇ ਬੁੱਢੇ ਆਦਮੀ ਨੂੰ ਪਾਗਲ ਸਮਝ ਕੇ ਛੱਡ ਦਿੱਤਾ ਅਤੇ ਉਹ ਕੈਂਪ ਦਾ ਗੇੜਾ ਲਾਉਣ ਲੱਗੀਆਂ।

ਕਿਸੇ ਨੇ ਬੁੱਢੇ ਆਦਮੀ ਨੂੰ ਪੁੱਛਿਆ, ‘ਬਾਬਾ, ਤੁਸੀਂ ਕਿਸ ਨੂੰ ਲੱਭ ਰਹੇ ਹੋ?’

ਬੁੱਢੇ ਨੇ ਕਿਹਾ, ‘ਅਜਿਹੇ ਲੋਕਾਂ ਨੂੰ ਜੋ ਮੇਰੀ ਹੱਤਿਆ ਕਰ ਸਕਣ।’

‘ਕਿਉਂ?’

‘ਮੈਨੂੰ ਅੱਜ ਤੋਂ ਪੰਜਾਹ ਸਾਲ ਪਹਿਲਾਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ, ਹੁਣ ਮੈਂ ਚਾਹੁੰਦਾ ਹਾਂ ਕਿ ਦੰਗਾਕਾਰੀ ਮੈਨੂੰ ਜਿਊਂਦੇ ਨੂੰ ਸਾੜ ਕੇ ਮਾਰ ਦੇਣ।’

‘ਇਹ ਤੁਸੀਂ ਕਿਉਂ ਕਰਨਾ ਚਾਹੁੰਦੇ ਹੋ ਬਾਬਾ?’ ‘ਸਿਰਫ਼ ਇਹ ਦੱਸਣ ਲਈ ਕਿ ਨਾ ਤਾਂ ਉਨ੍ਹਾਂ ਵੱਲੋਂ ਗੋਲੀ ਮਾਰਿਆਂ ਹੀ ਮੈਂ ਮਰਿਆ ਸੀ ਅਤੇ ਨਾ ਹੀ ਉਨ੍ਹਾਂ ਵੱਲੋਂ ਜਿਊਂਦੇ ਸਾੜ ਦੇਣ ਨਾਲ ਮੈਂ ਮਰਾਂਗਾ।’

---

ਸ਼ਾਹ ਆਲਮ ਕੈਂਪ ਵਿੱਚ ਇੱਕ ਰੂਹ ਤੋਂ ਕਿਸੇ ਨੇ ਪੁੱਛਿਆ, ‘ਤੇਰੇ ਮਾਂ-ਬਾਪ ਹਨ?’

‘ਮਾਰ ਦਿੱਤਾ ਸਾਰਿਆਂ ਨੂੰ।’

‘ਭੈਣ ਭਰਾ?’

‘ਨਹੀਂ ਹੈ।’

‘ਕੋਈ ਹੈ?’

‘ਨਹੀਂ।’

‘ਇੱਥੇ ਆਰਾਮ ਨਾਲ ਹੋ?’

‘ਹਾਂ, ਹਾਂ।’

‘ਖਾਣਾ-ਪੀਣਾ ਮਿਲਦਾ ਹੈ?’

‘ਹਾਂ ਮਿਲਦਾ ਹੈ।’

‘ਕੱਪੜੇ-ਲੱਤੇ ਹਨ?’

‘ਹਾਂ, ਹੈਨ।’

‘ਕੁਝ ਚਾਹੀਦਾ ਤਾਂ ਨਹੀਂ?’

‘ਕੁਝ ਨਹੀਂ।’

‘ਕੁਝ ਨਹੀਂ?’

‘ਕੁਝ ਨਹੀਂ।’

ਨੇਤਾ ਜੀ ਖ਼ੁਸ਼ ਹੋ ਗਏ। ਸੋਚਿਆ ਕਿ ਲੜਕਾ ਸਮਝਦਾਰ ਹੈ। ਸੁੰਨਤਧਾਰੀਆਂ ਵਰਗਾ ਨਹੀਂ ਹੈ।

---

ਸ਼ਾਹ ਆਲਮ ਕੈਂਪ ਵਿੱਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇੱਕ ਦਿਨ ਰੂਹਾਂ ਦੇ ਨਾਲ ਸ਼ੈਤਾਨ ਦੀ ਰੂਹ ਵੀ ਆ ਗਈ। ਇਧਰ ਉੱਧਰ ਦੇਖ ਕੇ ਬੜਾ ਸ਼ਰਮਿੰਦਾ ਅਤੇ ਪ੍ਰੇਸ਼ਾਨ ਹੋਇਆ। ਲੋਕਾਂ ਨਾਲ ਅੱਖਾਂ ਨਹੀਂ ਮਿਲਾ ਰਿਹਾ ਸੀ। ਕੰਨੀ ਕਤਰਾ ਰਿਹਾ ਸੀ। ਰਸਤਾ ਬਦਲ ਲੈਂਦਾ ਸੀ। ਗਰਦਨ ਝੁਕਾ ਕੇ ਤੇਜ਼ੀ ਨਾਲ ਉੱਧਰ ਮੁੜ ਜਾਂਦਾ ਸੀ, ਜਿੱਧਰ ਲੋਕ ਨਹੀਂ ਹੁੰਦੇ ਸਨ। ਆਖਿਰ ਵਿੱਚ ਲੋਕਾਂ ਨੇ ਉਸ ਨੂੰ ਫੜ ਹੀ ਲਿਆ। ਉਹ ਅਸਲੋਂ ਸ਼ਰਮਿੰਦਾ ਹੋ ਕੇ ਕਹਿਣ ਲੱਗਿਆ, ‘ਹੁਣ ਜੋ ਕੁਝ ਹੋਇਆ ਹੈ ਇਸ ਵਿੱਚ ਮੇਰਾ ਕੋਈ ਹੱਥ ਨਹੀਂ। ਅੱਲ੍ਹਾ ਦੀ ਕਸਮ ਮੇਰਾ ਕੋਈ ਹੱਥ ਨਹੀਂ।’

ਲੋਕਾਂ ਨੇ ਕਿਹਾ, ‘ਹਾਂ ਹਾਂ, ਅਸੀਂ ਜਾਣਦੇ ਹਾਂ ਕਿ ਤੂੰ ਤਾਂ ਇਉਂ ਕਰ ਹੀ ਨਹੀਂ ਸਕਦਾ। ਆਖਿਰ ਤੁਹਾਡਾ ਵੀ ਕੋਈ ਸਟੈਂਡਰਡ ਹੈ।’

ਸ਼ੈਤਾਨ ਠੰਢਾ ਸਾਹ ਲੈ ਕੇ ਕਹਿਣ ਲੱਗਾ, ‘ਚਲੋ, ਦਿਲ ਤੋਂ ਇੱਕ ਬੋਝ ਉਤਰ ਗਿਆ... ਤੁਸੀਂ ਲੋਕ ਸੱਚਾਈ ਜਾਣਦੇ ਹੋ।’

ਲੋਕਾਂ ਨੇ ਕਿਹਾ, ‘ਕੁਝ ਦਿਨ ਪਹਿਲਾਂ ਅੱਲ੍ਹਾ ਮੀਆਂ ਵੀ ਆਏ ਸਨ ਅਤੇ ਇਹੀ ਕਹਿ ਰਹੇ ਸਨ।

# ਕਿਤਾਬਾਂ ਨੇ ਪੱਟਿਆ ਤੈਨੂੰ

ਗਲ ਲੱਗ ਗਈ। ਦੂਜੇ ਦੇਵਤਾਵਾਂ ਨੇ ਕੋਈ ਹੜਤਾਲ ਵੀ ਨਹੀਂ ਕੀਤੀ। ਕਰਦੇ ਵੀ ਕਿਵੇਂ? ਵਿਸ਼ਨੂੰ ਜੀ ਵੱਡੇ ਸਨ-ਸ਼ਕਤੀ ‘ਚ, ਮਾਇਆ ‘ਚ, ਰੂਪ ‘ਚ ਤੇ ਅਕਲ ਵਿੱਚ ਵੀ। ਔਰਤ ਬਣ ਕੇ ਜਿਸ ਨੇ ਆਪਣੇ ਦੋਸਤ ਸ਼ੰਕਰ ਨੂੰ ਠੱਗ ਲਿਆ, ਉਹਦੀ ਅਕਲ ‘ਚ ਕੀ ਘਾਟ ਹੋਊ। ਲੱਛਮੀ ਸਿੱਧਾ ‘ਮੋਨੋਪਲੀ’ ਨਾਲ਼ ਜਾ ਕੇ ਮਿਲ ਗਈ। ਜੇ ਮੈਂ ਸ਼ੈਤਾਨਾਂ ਨਾਲ਼ ਸਮਝੌਤਾ ਕਰ ਕੇ ਸਮੁੰਦਰ ਦਾ ਜਾਪ ਕਰਾਂ ਤੇ ਕਿਤੇ ਫੇਰ ਲੱਛਮੀ ‘ਮੋਨੋਪਲੀ’ ਕੋਲ ਚਲੇ ਗਈ ਤੇ ਫੇਰ? ਸਾਹਿਤ ਵਿੱਚ ਵੀ ਤਾਂ ‘ਮੋਨੋਪਲੀ’ ਹੈ। ਮੋਨੋਪਲੀ ਛੋਟਿਆਂ ਨੂੰ ਵਧਣ ਨਹੀਂ ਦਿੰਦੀ। ਇੱਕ ਗਰੀਬ ਨਾਰਦ ਮੁਨੀ ਨੂੰ ਵਿਆਹ ਕਰਾਉਣ ਲਈ ਸੋਹਣੇ ਚਿਹਰੇ ਦੀ ਲੋੜ ਪਈ ਸੀ, ਤਾਂ ਵਿਸ਼ਨੂੰ ਨੇ ਓਸ ਨੂੰ ਬਾਂਦਰ ਦਾ ਚਿਹਰਾ ਦੇ ਦਿੱਤਾ ਸੀ। ਫਿਰ ਖ਼ੁਦ ਜਾ ਕੇ ਸਵੰਬਰ ਵਿੱਚ ਬਹਿ ਗਏ ਅਤੇ ਜਿਸ ਕੁੜੀ ’ਤੇ ਵਿਚਾਰੇ ਦਾ ਦਿਲ ਆਇਆ ਸੀ, ਉਸੇ ਤੋਂ ਆਪਣੇ ਗਲੇ ਵਿੱਚ ਵਰਮਾਲਾ ਪਵਾ ਲਈ। ਕਹਿੰਦੇ ਨੇ- ਨਾਰਦ, ਇਹ ਤੇਰਾ ਪਿਆਰ ਸੀ। ਤੇ ਹਜ਼ੂਰ ਤੁਹਾਡਾ?

ਮੈਨੂੰ ਵੀ ਸਲਾਹਾਂ ਮਿਲ਼ਦੀਆਂ ਨੇ- ਅਖੇ, ਕਲਾਕਾਰ ਤਾਂ ਤਿਆਗੀ ਹੁੰਦਾ ਹੈ। ਉਹ ਮਾਇਆ ਦੇ ਲੋਭ ‘ਚ ਨਹੀਂ ਪੈਂਦਾ।

ਮੈਂ ਪੁੱਛਦਾ ਹਾਂ- ਤੇ ਹਜ਼ੂਰ ਤੁਸੀਂ? ਤੁਸੀਂ ਪੈ ਸਕਦੇ ਹੋ? ਮਾਇਆ ਦਾ ਲੋਭ ਮਾੜਾ ਹੈ ਤਾਂ ਤੁਸੀਂ ਓਸ ਵਿੱਚ ਕਿਉਂ ਫਸਦੇ ਹੋ?

ਇਹ ਸਾਰੇ ਦੂਜਿਆਂ ਨੂੰ ਬਾਂਦਰ ਦੀ ਸ਼ਕਲ ਲਾ ਕੇ ਆਪ ਸਵੰਬਰ ਵਿੱਚ ਬੈਠਣ ਵਾਲ਼ੇ ਨੇ।

ਮੇਰੇ ਇੱਕ ਜਾਣ-ਪਛਾਣ ਦੇ ਵਪਾਰੀ ਕਹਿੰਦੇ ਨੇ- ਪੈਸੇ ਨੂੰ ਪੈਸਾ ਖਿੱਚਦਾ। ਇੱਥੇ ਮੰਡੀ ਵਿੱਚ ਕੋਈ ਇੱਕ ਰੁਪਈਆ ਸੁੱਟਦਾ ਹੈ ਤੇ ਦਸ ਚੁੱਕਦਾ ਹੈ।

ਮੈਂ ਇਹ ਤਰੀਕਾ ਵੀ ਅਜਮਾਇਆ। ਬਾਜ਼ਾਰ ਦੇ ਐਨ ਵਿਚਕਾਰ ਖੜ ਕੇ ਮੈਂ ਰੁਪਈਆ ਸੁੱਟਿਆ। ਸੋਚਦਾ ਰਿਹਾ ਕਿ ਹੁਣ ਸਾਰੇ ਬਾਜ਼ਾਰ ਦੇ ਗੇੜੇ ਲਾ ਕੇ ਆਪਣੇ ਨਾਲ਼ ਦਸ ਬਾਰਾਂ ਰੁਪਏ ਲੈ ਕੇ ਮੁੜਦੇ ਹਾਂ। ਫੇਰ ਮੈਂ ਦਸ ਦਾ ਨੋਟ ਸੁਟਾਂਗਾ ਤੇ ਦੋ ਚਾਰ ਦਿਨਾਂ ਵਿੱਚ ਸਾਰਾ ਬਾਜ਼ਾਰ ਲੁੱਟ ਲੈਣਾ। ਪਰ ਉਹ ਰੁਪਈਆ ਕਿਤੇ ਹਿੱਲਿਆ ਹੀ ਨਹੀਂ, ਮੈ ਉਹਨੂੰ ਮੁੜ ਜੇਬ ਵਿੱਚ ਪਾ ਲਿਆ।

ਉਸ ਵਪਾਰੀ ਨੂੰ ਕਿਹਾ- ਰੁਪਈਆ ਤਾਂ ਮੈਂ ਵੀ ਬਾਜ਼ਾਰ ਵਿੱਚ ਸੁੱਟਿਆ ਸੀ, ਪਰ ਉਹ ਤਾਂ ਕੁਝ ਨਹੀਂ ਲਿਆਇਆ।

ਉਹਨੇ ਕਿਹਾ- ਐਦਾਂ ਨਹੀਂ ਹੁੰਦਾ। ਸਾਡੇ ਪੈਸਿਆਂ ਨਾਲ਼ ‘ਹੁੱਕ’ ਲੱਗੀ ਹੁੰਦੀ ਹੈ। ਉਹ ਰੁਪਈਆਂ ਨੂੰ ਮੱਛੀਆਂ ਵਾਂਗ ਫਸਾਉਂਦਾ ਹੈ।

ਹੁਣ ਮੈਂ ਰੁਪਈਆਂ ਨੂੰ ਹੁੱਕ ਕਿੱਥੋਂ ਲਵਾਂਵਾ?

ਮੇਰਾ ਉਹ ਦੋਸਤ ਕਹਿੰਦਾ ਹੈ- ਤੈਨੂੰ ਕਿਤਾਬਾਂ ਨੇ ਪੱਟਿਆ। ਸਰਸਵਤੀ ਕੋਲ ਗਏ ਤਾਂ ਲੱਛਮੀ ਨੇ ਪੱਤਾ ਕੱਟ ਦਿੱਤਾ।

ਆਖ਼ਿਰ ਇੱਧਰ ਕਿਉਂ ਗਿਆ? ਵੈਸੇ ਸੱਚ ਪੁੱਛੋ ਤਾਂ ਸਰਸਵਤੀ ਜ਼ਿਆਦਾ ‘ਕਲਚਰਡ’ ਹੈ। ਉਹਦੇ ਹੱਥਾਂ ਵਿੱਚ ਵੀਣਾ ਹੈ, ਕਿਤਾਬ ਹੈ। ਤੇ ਜੇ ਪੰਛੀ ’ਤੇ ਸਵਾਰੀ ਕਰਨ ਦਾ ਮੌਕਾ ਮਿਲ਼ਿਆ ਤਾਂ ਉਸਨੇ ਉੱਲੂ ਨਹੀਂ ਹੰਸ ਚੁਣਿਆ। ਲੱਛਮੀ ਦਾ ਸਾਰਾ ਕੰਮ ਹੀ ਅਨਪੜ ਵਾਲ਼ਾ ਹੈ। ਸਵਾਰੀ ਤੋਂ ਲੈ ਕੇ ਸ਼ਿੰਗਾਰ ਤੱਕ। ਤਸਵੀਰਾਂ ਵਿੱਚ ਦੇਖੋ ਫੁੱਲ ’ਤੇ ਖੜੀ ਹੈ। ਯਾਰ, ਫੁੱਲ ਵਰਗੀ ਕੋਮਲ ਚੀਜ਼ ਭਲਾਂ ਉੱਤੇ ਖੜਨ ਲਈ ਹੁੰਦੀ ਹੈ? ਸੁਹਜ-ਸਵਾਦ ਭੋਰਾ ਵੀ ਨਹੀਂ ਲੱਛਮੀ ਵਿੱਚ। ਉਸਨੂੰ ਜੇ ਸਰਸਵਤੀ ਵਾਲ਼ੀ ਵੀਣਾ ਮਿਲ਼ ਗਈ ਤਾਂ ਉਹਨੇ ਤਾਰ ਤੋੜ ਕੇ ਉੱਲੂ ਨੂੰ ਬੰਨਣ ਲੱਗ ਜਾਣਾ। ਸੰਪੂਰਨ ਅਗਿਆਨਤਾ ਵੱਲ ਆਖ਼ਿਰ ਕੋਈ ਕਿਵੇਂ ਖਿੱਚਿਆ ਜਾਵੇ।

ਮੇਰਾ ਦੋਸਤ ਕਹਿੰਦਾ ਹੈ- ਨਹੀਂ ਹੁੰਦਾ, ਤਾਂ ਭੁਗਤੋ। ਪੱਟਿਆ ਨਾ ਤੈਨੂੰ ਕਿਤਾਬਾਂ ਨੇ!

ਕਹਿਣ ਦਵੋ ਉਹਨੂੰ। ਹਾਲੇ ਬਹੁਤ ਸਾਰੇ ਫੈਸਲੇ ਬਾਕੀ ਨੇ। ਹਜੇ ਈ ਕੀ ਕਿਹਾ ਜਾ ਸਕਦਾ ਕਿ ਕੌਣ ਮਰਿਆ ਤੇ ਕੌਣ ਜਿਉਂਦਾ ਰਹਿ ਗਿਆ। ਨਹੀਂ, ਹੁਣ ਲੱਛਮੀ ਦੀ ਪੂਜਾ ਨਹੀਂ ਕਰ ਹੋਣੀ। ਉਹ ਹੋਰ ਹੁੰਦੇ ਨੇ ਜਿਹੜੇ ਛੇਤੀ ਛੇਤੀ ਦੇਵਤੇ ਬਦਲਦੇ ਰਹਿੰਦੇ ਨੇ। ਉਹ ਰਾਮ ਨੂੰ ਵੀ ਮੱਥਾ ਟੇਕ ਜਾਂਦੇ ਨੇ ਤੇ ਰਾਵਣ ਨੂੰ ਵੀ। ਉਹ ਦਿਨੇਂ ਹੰਸ ਦੀ ਚੁੰਜ ਸਹਿਰਾਉਂਦੇ ਨੇ ਤੇ ਰਾਤੀ ਉੱਲੂ ਨਾਲ਼ ਵੀ ਗੱਲਾਂ ਮਾਰ ਲੈਂਦੇ ਨੇ।

ਦੇਵਤਾ ਬਦਲਣਾ ਇੰਨਾ ਸੌਖਾ ਨਹੀਂ; ਤੇ ਫੇਰ ਦੇਵੀ ਬਦਲਣਾ ਤਾਂ ਹੋਰ ਵੀ ਔਖੈ।

## ਧਰਤੀ ਜਿੱਡਾ ਹੌਸਲਾ

ਮੰਗਤ ਰਾਮ ਪਾਸਲਾ
ਫੋਨ:+91-9814182998



# ਛੋਟੀ ਮਾਂ ਦਾ ਵੱਡਾ ਹੌਸਲਾ

ਇੱਕ ਦਿਨ ਮੈਂ ਤੇ ਮੇਰਾ ਇੱਕ ਪਰਮ ਮਿੱਤਰ ਤੇ ਹੋਰ ਦੋ ਕੁ ਦੋਸਤ, ਕਿਸੇ ਜਾਣਕਾਰ ਦੀ ਮਾਤਾ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਪਿੱਛੋਂ ਵਾਪਸ ਪਰਤ ਰਹੇ ਸਾਂ। ਮੇਰਾ ਜਾਣਕਾਰ ਸਮਾਜਕ ਮਾਪ-ਦੰਡਾਂ ਅਨੁਸਾਰ ਚੱਲਦਾ-ਪੁਰਜਾ ਆਦਮੀ ਸੀ। ਮਾਤਾ ਨੂੰ ਸ਼ਰਧਾਂਜਲੀ ਦਿੰਦਿਆਂ ਬੁਲਾਰੇ ਜਿਵੇਂ ਉਹਦੀ ਮਾਤਾ ਦੀ ਸਾਧਾਰਨ ਸ਼ਖ਼ਸੀਅਤ ਨੂੰ ਅਸਧਾਰਨ ਬਣਾ ਕੇ ਵੱਡੇ-ਵੱਡੇ ਵਿਸ਼ੇਸ਼ਣ ਲਾ ਕੇ ਵਡਿਆ ਰਹੇ ਸਨ, ਇਹ ਸਭ ਕੁਝ ਮੈਨੂੰ ਬੜਾ ਓਪਰਾ ਤੇ ਮਸਨੂਈ ਲੱਗ ਰਿਹਾ ਸੀ। ਮੈਂ ਉਸ ਨੇਕ-ਦਿਲ ਸਾਧਾਰਨ ਔਰਤ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ, ਪਰ ਬੁਲਾਰਿਆਂ ਵੱਲੋਂ ਉਸਦੀ ਕੀਤੀ ਬੇਬਹਾ ਉਪਮਾ ਨੇ ਮੇਰੇ ਚਿਹਰੇ 'ਤੇ ਵਿਅੰਗਮਈ ਮੁਸਕਰਾਹਟ ਲੈ ਆਂਦੀ।

ਮੇਰੇ ਦੋਸਤ ਨੇ ਮੇਰੀ ਵਿਅੰਗਮਈ ਮੁਸਕਰਾਹਟ ਦਾ ਕਾਰਨ ਜਾਨਣਾ ਚਾਹਿਆ। ਇਨ੍ਹਾਂ ਸਾਰੇ ਤਜਰਬਿਆਂ ਉਪਰ ਪਿੱਛਲਝਾਤ ਮਾਰਦਿਆਂ ਮੈਂ ਆਪਣੇ ਪਰਮ ਮਿੱਤਰ ਨੂੰ ਕਿਹਾ, "ਭਾਈ ਸਾਹਿਬ! ਸੋਚਦਾਂ ਕਿ ਮੈਂ ਆਪਣੀ ਮਾਤਾ ਦੀ ਅੰਤਿਮ ਅਰਦਾਸ ਸਮੇਂ ਕੋਈ ਲੰਬਾ ਚੌੜਾ ਸ਼ਰਧਾਂਜਲੀ ਸਮਾਗਮ ਨਹੀਂ ਕਰਨਾ। ਅਫ਼ਸੋਸ ਕਰਨ ਆਏ ਸਾਰੇ ਮਿੱਤਰਾਂ ਤੇ ਸਬੰਧੀਆਂ ਦਾ ਧੰਨਵਾਦ ਕਰਦਿਆਂ ਬਸ ਏਨਾ ਆਖ ਕੇ ਕਿ "ਬਾਕੀ ਦੁਨੀਆਂ ਦੀਆਂ ਮਾਵਾਂ ਵਾਂਗਰ ਮੇਰੀ ਮਾਂ ਵੀ ਮੈਨੂੰ ਬਹੁਤ ਪਿਆਰ ਕਰਦੀ ਸੀ ਤੇ ਉਸਨੇ ਮੇਰੇ ਲਈ ਸਾਰੀ ਜ਼ਿੰਦਗੀ ਬਹੁਤ ਜ਼ਫ਼ਰ ਜਾਲੇ" ਗੱਲ ਸਮਾਪਤ ਕਰ ਦੇਣੀ ਆਂ।

ਮੇਰੇ ਮੂੰਹੋਂ ਮਾਂ ਵੱਲੋਂ ਮੇਰੇ ਲਈ 'ਜ਼ਫ਼ਰ ਜਾਲਣ' ਦਾ ਜ਼ਿਕਰ ਸੁਣ ਕੇ ਮੇਰੇ ਮਿੱਤਰ ਨੇ ਮੇਰੀ ਮਾਂ ਬਾਰੇ ਕੁਝ ਹੋਰ ਜਾਨਣਾ ਚਾਹਿਆ। ਬਸ ਫੇਰ ਕੀ ਸੀ, ਮੈਨੂੰ ਇੰਝ ਜਾਪਿਆ ਜਿਵੇਂ ਮੈਨੂੰ ਕੁੱਝ ਸਮਾਂ ਭਾਸ਼ਣ ਦੇਣ ਦਾ ਮੌਕਾ ਮਿਲ ਗਿਆ ਹੋਵੇ ਤੇ ਮੈਂ ਵੀ ਉਸਦਾ ਭਰਪੂਰ ਲਾਹਾ ਲਿਆ।

ਮੈਂ ਗੱਲ ਸ਼ੁਰੂ ਕੀਤੀ- ਮੈਂ ਚਹੁੰ ਕੁ ਵਰ੍ਹਿਆਂ ਦਾ ਸਾਂ, ਜਦੋਂ ਮੇਰੇ ਪਿਤਾ ਜੀ ਚਲਾਣਾ ਕਰ ਗਏ। ਇਸ ਕਰਕੇ ਮੇਰੀ ਮਾਂ ਕਰਮੀ ਦੇਵੀ ਨੇ ਰੰਡੇਪੇ ਨਾਲ ਗ਼ਰੀਬੀ ਵੀ ਹੰਢਾਈ। ਕੋਈ ਜ਼ਮੀਨ ਦਾ ਟੁਕੜਾ ਜਾਂ ਹੋਰ ਕਮਾਈ ਦਾ ਸਾਧਨ ਨਹੀਂ ਸੀ ਪਰਿਵਾਰ ਕੋਲ। ਮੈਂ ਸਾਂ ਵੀ ਇਕੱਲਾ ਹੀ ਪੁੱਤਰ। ਸ਼ਾਇਦ ਇਸੇ ਕਰਕੇ ਮੇਰਾ ਨਾਂ ਰੱਬ ਤੋਂ ਮੰਗਿਆ (ਮੰਗਤ) ਰੱਖਿਆ ਗਿਆ। ਖ਼ੁਸ਼ੀ ਗ਼ਮੀ ਦੇ ਮੌਕਿਆਂ ਉਪਰ ਘਰ-ਘਰ ਦੀਆਂ ਰੋਟੀਆਂ ਬਣਾਈਆਂ, ਭਾਂਡੇ ਮਾਂਜੇ, ਲੋਕਾਂ ਦੀਆਂ ਡੋਲੀ ਚੜ੍ਹਦੀਆਂ ਧੀਆਂ ਦਾ ਸਾਥ ਦੇ ਕੇ ਮਾਂ ਵਰਗੀ ਸੁਰੱਖਿਆ ਪ੍ਰਦਾਨ ਕੀਤੀ। ਇਹ ਸਾਰਾ ਕੁੱਝ ਕਰਕੇ ਮੈਨੂੰ ਜੁਆਨ ਹੋਇਆ ਵੀ ਤੇ ਇੱਕ ਕਮਾਊ ਪੁੱਤ ਵੀ, ਦੇਖਣਾ ਚਾਹੁੰਦੀ ਸੀ ਮੇਰੀ ਮਾਂ।

ਮੈਂ ਕਹਾਣੀ ਨੂੰ ਅੱਗੇ ਵਧਾਈ ਜਾ ਰਿਹਾ ਸਾਂ।

ਜਦੋਂ ਮੈਂ ਪੜ੍ਹਦਿਆਂ ਹੋਇਆਂ ਪਿੰਡ ਦੀ ਨੌਜਵਾਨ ਸਭਾ ਵਿੱਚ ਥੋੜ੍ਹੀ ਜਿਹੀ ਸਰਗਰਮੀ ਸ਼ੁਰੂ ਕੀਤੀ ਤੇ ਲਾਲ ਝੰਡਾ ਫੜਕੇ ਕਮਿਊਨਿਸਟ ਵਿਚਾਰਧਾਰਾ ਨਾਲ ਨਾਤਾ ਜੋੜਨ ਦਾ ਮੁਢਲਾ ਯਤਨ ਕੀਤਾ ਤਾਂ ਮੇਰੀ ਮਾਂ ਨੂੰ ਥੋੜ੍ਹਾ ਜਿਹਾ ਡਰ ਵੀ ਲੱਗਾ ਤੇ ਗੁੱਸਾ ਵੀ ਆਇਆ; ਪਰ ਉਹ ਤਾਂ ਮੈਨੂੰ 'ਸਰਵਣ ਪੁੱਤ' ਸਮਝਦੀ ਸੀ ਤੇ ਮੇਰੇ ਕਹੇ ਹਰ ਬੋਲ ਨੂੰ ਇਲਾਹੀ ਬਾਣੀ ਸਮਝ ਕੇ ਸੱਚ ਮੰਨ ਲੈਂਦੀ ਸੀ। ਤਾਂ ਹੀ ਤਾਂ ਉਸਨੇ ਮੈਨੂੰ ਕਮਿਊਨਿਸਟ ਲਹਿਰ ਵਿੱਚ ਜਾਣ ਤੋਂ ਓਨਾ ਨਹੀਂ ਵਰਜਿਆ, ਜਿੰਨਾ ਉਹ ਵਰਜਣ ਦਾ ਹੱਕ ਰੱਖਦੀ ਸੀ। ਇਸ ਰਾਹੇ ਪੈਣੋਂ ਵਰਜਣਾ, ਸ਼ਾਇਦ, ਦੁਨਿਆਵੀ ਮਾਵਾਂ ਵਾਂਗ ਉਹਦੀ ਲੋੜ ਵੀ ਸੀ, ਕਿਉਂਕਿ ਮੈਂ ਹੀ ਤਾਂ ਉਸਦਾ ਇੱਕੋ-ਇੱਕ ਸਹਾਰਾ ਸਾਂ। ਕਮਿਊਨਿਸਟ ਲਹਿਰ ਵਿੱਚ ਸ਼ਾਮਲ ਹੋਣ ਤੋਂ ਬਾਅਦ ਦੇਸ਼ ਦੀਆਂ ਹੋਰਨਾਂ ਮਾਵਾਂ ਦੀ ਜ਼ਿੰਮੇਵਾਰੀ ਓਟ ਲੈਣ ਕਾਰਨ ਸ਼ਾਇਦ ਮੈਂ ਆਪਣੀ ਮਾਂ ਦਾ ਏਨਾ 'ਕਮਾਊ ਪੁੱਤ' ਵੀ ਨਹੀਂ ਸੀ ਰਹਿਣਾ; ਪਰ ਮੇਰੀ ਮਾਂ ਨੇ ਇਸ ਗੱਲ ਦੀ ਪ੍ਰਵਾਹ ਨਾ ਕੀਤੀ।

ਗੱਲ ਅੱਗੇ ਤੋਰਦਿਆਂ ਮੈਂ ਆਪਣੇ ਦੋਸਤ ਨੂੰ ਦੱਸਿਆ ਕਿ 1973 ਵਿੱਚ ਜਦੋਂ ਪਾਰਟੀ ਵਲੋਂ ਮਹਿੰਗਾਈ ਵਿਰੁੱਧ ਮੋਰਚਾ ਲਾਇਆ ਗਿਆ ਤੇ ਜਥਿਆਂ ਦੇ ਰੂਪ ਵਿੱਚ ਪੰਜਾਬ ਸਰਕਾਰ ਵਿਰੁੱਧ ਗ੍ਰਿਫ਼ਤਾਰੀਆਂ ਦੇਣ ਦਾ ਪਲਾਨ ਬਣਿਆ ਤਾਂ ਮੇਰੀ ਮਾਂ ਨੇ ਕੱਚੇ ਘਰ ਦੇ ਛੋਟੇ ਜਿਹੇ ਵਿਹੜੇ ਵਿੱਚ ਲੱਕੜ ਦੀ ਪੌੜੀ ਕੋਲ ਖੜ੍ਹੀ ਹੋ ਕੇ ਮੇਰੇ ਗੁੱਟ ਉਪਰ ਲਾਲ ਰੰਗ ਦਾ ਗਾਨਾਂ ਬੰਨ੍ਹ ਕੇ ਜੇਲ੍ਹ ਜਾਣ ਵਾਲੇ ਜਥੇ ਵਿੱਚ ਮੈਨੂੰ ਭੇਜਿਆ ਸੀ। ਉਸ ਸਮੇਂ ਉਸਦੀਆਂ ਅੱਖਾਂ ਵਿੱਚ ਮੋਹ ਤੇ ਚਿੰਤਾ ਦੇ ਹੰਝੂ ਸਾਫ਼ ਦਿਖਾਈ ਦੇ ਰਹੇ ਸਨ। ਮੇਰੇ ਪਿੰਡ ਤੋਂ ਅਸੀਂ ਤਿੰਨ ਜਣੇ ਜੇਲ੍ਹ ਗਏ ਸਾਂ ਉਸ ਮੋਰਚੇ ਵਿੱਚ।

ਮੈਂ ਗੱਲ ਸੁਣਾਉਂਦਾ-ਸੁਣਾਉਂਦਾ ਥੋੜ੍ਹਾ ਜਿਹਾ ਭਾਵੁਕ ਹੋ ਗਿਆ ਸਾਂ। ... ਫੇਰ ਮੇਰੀ ਕਹਾਣੀ ਦੀ ਲੜੀ ਛੇਹਰਟੇ ਪ੍ਰਤਾਪ ਮਿੱਲ ਦੀ ਹੜਤਾਲ ਨਾਲ ਜਾ ਜੁੜੀ, ਜਦੋਂ ਸ਼ਾਇਦ 1978 ਵਿੱਚ ਪ੍ਰਤਾਪ ਮਿਲ ਦੇ ਹੜਤਾਲੀ ਮਜ਼ਦੂਰਾਂ ਉਪਰ ਮਿਲ ਮਾਲਕਾਂ ਦੇ ਗੁੰਡਿਆਂ ਅਤੇ ਪੁਲਿਸ ਨੇ ਸਾਂਝੇ ਤੌਰ 'ਤੇ ਅੰਧਾਧੁੰਦ ਗੋਲੀ ਚਲਾ ਦਿੱਤੀ ਸੀ। ਮਜ਼ਦੂਰ ਚਲਦੀ ਗੋਲੀ ਵਿੱਚ ਪੁਲਿਸ ਵੱਲ ਨੂੰ ਇੱਟਾਂ ਪੱਥਰ ਮਾਰਨ ਲੱਗ ਪਏ। ਬਸ ਫੇਰ ਕੀ ਸੀ? 2 ਘੰਟੇ ਦੀ ਗੋਲੀਬਾਰੀ ਨਾਲ ਟੀਅਰ ਗੈਸ ਦੇ ਗੋਲਿਆਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਸਾਰੇ ਪਾਸੇ ਧੂੰਆਂ-ਧੂੰਆਂ ਹੋ ਗਿਆ। ਲੋਕਾਂ ਨੂੰ ਕੁੱਝ ਨਹੀਂ ਸੀ ਦੀਂਹਦਾ। ਗੈਸ ਦੇ ਗੋਲਿਆਂ ਦੀ ਜ਼ਹਿਰ ਅੱਖਾਂ ਨੂੰ ਚੜ੍ਹ ਰਹੀ ਸੀ। ਮਜ਼ਦੂਰ ਤੇ ਨੇੜੇ-ਤੇੜੇ ਦੇ ਇਲਾਕਿਆਂ ਦੇ ਇਕੱਠੇ ਹੋਏ ਲੋਕ ਘਬਰਾਹਟ ਵਿੱਚ ਬਚਾਅ ਲਈ ਏਧਰ-ਓਧਰ ਨੂੰ ਭੱਜ ਰਹੇ ਸਨ। ਮੈਂ ਦੇਖਿਆ ਮੇਰੀ ਮਾਂ (ਮੈਂ ਉਸਨੂੰ ਬੀਬੀ ਆਖਦਾ ਸਾਂ) ਛੋਟੀ ਜਿਹੀ ਬਾਲਟੀ ਵਿਚਲੇ ਪਾਣੀ ਵਿੱਚੋਂ ਕੱਪੜੇ ਦਾ ਟੁਕੜਾ ਭਿਉਂ ਕੇ ਮਜ਼ਦੂਰਾਂ ਦੀਆਂ ਅੱਖਾਂ ਨੂੰ ਪਾਣੀ ਦੇ ਫੇਹੇ ਲਾ ਰਹੀ ਸੀ, ਅੱਥਰੂ ਗੈਸ ਦਾ ਅਸਰ ਘਟਾਉਣ ਲਈ। ਕਿੰਨੇ ਕੁ ਲੋਕਾਂ ਨੂੰ ਇਸਦਾ ਫ਼ਾਇਦਾ ਹੋਇਆ ਹੋਵੇਗਾ, ਮੈਨੂੰ ਨਹੀਂ ਪਤਾ ਪ੍ਰੰਤੂ ਮੇਰੀ ਮਾਂ ਨੇ ਇਹ ਕੰਮ ਦੋ-ਢਾਈ ਘੰਟੇ ਜਾਰੀ ਰੱਖਿਆ- ਮਜ਼ਦੂਰਾਂ ਦੀਆਂ ਅੱਖਾਂ ਵਿਚਲੀ ਜ਼ਹਿਰ ਧੋਣ ਦਾ। ਸਾਰੇ ਮਜ਼ਦੂਰ ਉਸ ਲਈ, ਉਸ ਵਕਤ, ਸ਼ਾਇਦ 'ਮੰਗਤ ਰਾਮ' ਹੀ ਸਨ। ਉਦੋਂ ਉਹ ਅਪਣੇ ਪੁੱਤਾਂ ਦੀਆਂ ਅੱਖਾਂ ਵਿਚਲੀ ਜ਼ਹਿਰ ਚੂਸ ਰਹੀ ਸੀ।

ਇਸ ਇਹ ਪਰਵਾਹ ਕੀਤੇ ਬਿਨਾ ਕਿ ਮੇਰਾ ਮਿੱਤਰ ਤੇ ਨਾਲ ਬੈਠੇ ਹੋਰ ਸੱਜਣ ਮੇਰੀ ਗੱਲ ਤੋਂ ਉਕਤਾ ਤਾਂ ਨਹੀਂ ਗਏ- ਮੈਂ ਕਥਾ ਦਾ ਅੰਤਲਾ ਭਾਗ ਵੀ ਬਿਆਨਣਾ ਚਾਹੁੰਦਾ ਸਾਂ।

ਮਾਰਕਸੀ ਪਾਰਟੀ ਦੀ ਸੂਬਾ ਕਮੇਟੀ ਵੱਲੋਂ ਪੰਜਾਬ ਮਸਲੇ ਦੇ ਰਾਜਸੀ ਹੱਲ ਤੇ ਕੁਝ ਹੋਰ ਮੰਗਾਂ ਲਈ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤਾ ਗਿਆ। ਅਤਿਵਾਦ ਦਾ ਕਾਲਾ ਦੌਰ ਜਾਰੀ ਸੀ ਪੰਜਾਬ ਅੰਦਰ। ਮੈਂ ਅਪਣੀ ਮਾਤਾ ਨੂੰ ਜਥੇ ਵਿੱਚ ਜੇਲ੍ਹ ਜਾਣ ਲਈ ਤਿਆਰ ਕਰ ਲਿਆ। ਇੱਕ ਝੋਲੇ ਵਿੱਚ ਦੋ ਕੁ ਪੁਰਾਣੇ ਸੂਟ, ਇੱਕ ਤੌਲੀਆ, ਕੰਘੀ, ਇਤਿਆਦ ਚੀਜ਼ਾਂ



ਪਾ ਕੇ ਬੀਬੀ ਜੇਲ੍ਹ ਜਾਣ ਲਈ ਤਿਆਰ ਹੋ ਗਈ। ਉਹ ਏਦਾਂ ਖ਼ੁਸ਼ ਸੀ ਜਿਵੇਂ ਕਿਸੇ ਦੇ ਵਿਆਹ ਜਾ ਰਹੀ ਹੋਵੇ। ਆਮ ਲੋਕਾਂ ਲਈ ਘਰ ਤੇ ਜੇਲ੍ਹ ਵਿਚਲੇ ਜੀਵਨ ਦਾ ਖਾਣ-ਪੀਣ ਦੇ ਨਜ਼ਰੀਏ ਤੋਂ ਕੋਈ ਬਹੁਤਾ ਅੰਤਰ ਨਹੀਂ ਹੁੰਦਾ। ਸਿਰਫ਼ ਖੁੱਲ੍ਹਾ ਘੁੰਮਣ ਫਿਰਨ ਉਪਰ ਹੀ ਪਾਬੰਦੀ ਸਮਝੋ। ਚਾਰ ਕੁ ਸੌ ਲੋਕਾਂ ਦੇ ਜਥੇ ਵਿੱਚ ਮੇਰੀ ਮਾਂ ਵੀ ਸ਼ਾਮਲ ਹੋ ਗਈ ਤੇ ਚੰਡੀਗੜ੍ਹ ਵਿਚਲੀ ਪੰਜਾਬ ਅਸੈਂਬਲੀ ਵੱਲ ਨੂੰ ਚਾਲੇ ਪਾ ਦਿੱਤੇ। ਸਿਰਾਂ ਉਪਰ ਲਾਲ ਪੱਟੀਆਂ, ਹੱਥਾਂ ਵਿੱਚ ਝੋਲੇ ਤੇ ਜ਼ੁਬਾਨ ਉਪਰ ਨਾਅਰੇ। ਜਥਾ ਅੱਗੇ ਵੱਧ ਰਿਹਾ ਸੀ। ਗ੍ਰਿਫ਼ਤਾਰ ਕਰਨ ਦੀ ਥਾਂ ਚੰਡੀਗੜ੍ਹ ਪੁਲਿਸ ਨੇ ਲਾਠੀਆਂ ਤੇ ਅੱਥਰੂ ਗੈਸ ਦੀ ਝੜੀ ਲਾ ਦਿੱਤੀ। ਮੈਂ ਜਥੇ ਦੇ ਪਿੱਛੇ ਰਹਿ ਕੇ ਜਥਾ ਵਿਦਾ ਕਰਨ ਦਾ ਕੰਮ ਕਰ ਰਿਹਾ ਸਾਂ। ਚੰਡੀਗੜ੍ਹ ਦੀਆਂ ਓਪਰੀਆਂ ਸੜਕਾਂ, ਅੱਥਰੂ ਗੈਸ ਦਾ ਝਮੇਲਾ ਤੇ ਵਿਚਾਰੀ ਮਾਂ ਦੀ ਅਣਜਾਣਤਾ। ਜਥਾ ਖਿੰਡਰ-ਪੁੰਡਰ ਗਿਆ। ਲੋਕੀਂ ਅੱਗੇ ਪਿੱਛੇ ਵੱਖ-ਵੱਖ ਦਿਸ਼ਾਵਾਂ ਨੂੰ ਭੱਜ ਰਹੇ ਸਨ। ਮੈਂ ਵੀ ਇਸ ਰੌਲੇ ਵਿੱਚ ਗੁਆਚਾ ਹੋਇਆ ਸਾਂ ਆਪਣੇ ਕੁੱਝ ਸਾਥੀਆਂ ਨਾਲ। ਦੇਖਿਆ ਇੱਕ ਸੜਕ ਕੰਢੇ ਦਰੱਖਤਾਂ ਦੇ ਝੁੰਡ ਹੇਠਾਂ ਬੀਬੀ ਅੱਖਾਂ 'ਤੇ ਹੱਥ ਰੱਖੀ ਖੜ੍ਹੀ ਸੀ। ਮੈਂ ਭੱਜ ਕੇ ਨੇੜੇ ਗਿਆ। ਮੇਰੀ ਆਵਾਜ਼ ਪਛਾਣ ਕੇ ਆਖਣ ਲੱਗੀ, "ਮੰਗਿਆ, ਇਹ ਗ੍ਰਿਫਤਾਰ ਤਾਂ ਕਰਦੇ ਨਹੀਂ। ਆਹ ਔਂਤਰੀ ਗੈਸ ਜਿਹਾ ਛੱਡੀ ਜਾਂਦੇ ਆਂ।" ਮੇਰੇ ਕੋਲ ਨਾ ਪਾਣੀ ਸੀ ਤੇ ਨਾ ਕੋਈ ਗਿੱਲਾ ਕੱਪੜਾ। ਬਸ ਮਾਂ ਨੂੰ ਕਲਾਵੇ ਵਿੱਚ ਲੈ ਕੇ ਮੈਂ ਸੜਕ ਕੰਢੇ ਵਾਪਸ ਪਾਰਟੀ ਦਫ਼ਤਰ ਵੱਲ ਨੂੰ ਤੁਰਿਆ ਜਾ ਰਿਹਾ ਸਾਂ।

ਛੋਟੇ ਜਿਹੇ ਦਾਇਰੇ ਵਿੱਚ ਜ਼ਿੰਦਗੀ ਹੰਢਾਅ ਰਹੀ ਮਾਂ ਨੇ ਹੁਕਮਰਾਨਾਂ ਵਿਰੁੱਧ ਬੋਲਣ ਦਾ ਕਿੱਡਾ ਵੱਡਾ ਹੌਂਸਲਾ ਕਰ ਲਿਆ। ਮੇਰੇ ਲਈ ਇਹ ਹੈਰਾਨੀ ਭਰੀ ਘਟਨਾ ਸੀ। ਲੋਕਾਂ ਦੇ ਹੰਝੂ ਪੂੰਝਦੀ-ਪੂੰਝਦੀ ਮੇਰੀ ਮਾਂ ਆਪ ਅੰਨ੍ਹੀ ਹੋ ਗਈ ਜਾਪੀ ਮੈਨੂੰ।

ਕਹਿੰਦੇ ਨੇ ਹਨੇਰੇ ਤੋਂ ਬਾਅਦ ਚਾਨਣ ਆਉਂਦਾ ਹੈ। ਸ਼ਾਇਦ ਇਸੇ ਆਸ ਨਾਲ ਉਹ ਜਫਰ ਜਾਲੀ ਜਾ ਰਹੀ ਸੀ; ਪਰ ਹੁਣ ਉਹਦਾ ਜਫਰ ਜਾਲਣ ਦਾ ਦਾਇਰਾ ਮੇਰੇ ਤੋਂ ਤੁਰ ਕੇ ਹੋਰ ਵੱਡਾ ਹੋ ਗਿਆ ਸੀ ਤੇ ਇਸ ਵਿੱਚ ਇੱਕ ਤੋਂ ਵੱਧ 'ਮੰਗਤ ਰਾਮ' ਸ਼ਾਮਲ ਹੋ ਗਏ ਸਨ। ਸਾਰੇ ਉਹਦੇ ਆਪਣੇ ਪੁੱਤਰ ਬਣ ਕੇ। ਪਤਾ ਨਹੀਂ ਮਾਂ ਦੀਆਂ ਅੱਖਾਂ ਸਾਹਮਣਿਓਂ ਤੇ ਉਹਦੇ ਵੱਡੇ ਦਾਇਰੇ ਵਾਲੇ ਪੁਤਾਂ ਦੀਆਂ ਅੱਖਾਂ ਸਾਹਮਣਿਓਂ ਹਨੇਰਾ ਕਦੋਂ ਹਟੇਗਾ?

ਕੀ ਮੈਂ ਇਸ ਵਿੱਚ ਕੁੱਝ ਯੋਗਦਾਨ ਪਾ ਸਕਾਂਗਾ?

ਇਹ ਸਾਰੀ ਕਹਾਣੀ ਮੈਂ ਕਿੰਨੀ ਦੇਰ 'ਚ ਕਿਵੇਂ ਸੁਣਾਈ, ਇਸ ਬਾਰੇ ਮੈਨੂੰ ਪੂਰਾ ਨਹੀਂ ਪਤਾ। ਮੈਨੂੰ ਜੇਲ੍ਹ ਭੇਜਣ ਸਮੇਂ ਲਾਲ ਗਾਨਾ ਬੰਨ੍ਹਣ ਵਾਲੀ ਮਾਂ ਲੋਕਾਂ ਦੇ ਅੱਥਰੂ ਪੂੰਝਦੀ ਹੋਈ ਆਪ ਅੱਥਰੂ ਗੈਸ ਦੀ ਮਾਰ ਕਿੰਝ ਝੱਲਦੀ ਹੋਵੇਗੀ, ਮੈਂ ਇਸ ਬਾਰੇ ਕੁੱਝ ਨਾ ਦੱਸ ਸਕਿਆ ਹੋਵਾਂਗਾ। ਨਾ ਬਿਆਨ ਕਰ ਸਕਿਆ ਹੋਵਾਂਗਾ ਮਾਂ ਦੇ ਮਨ ਵਿੱਚ ਉਥਲ-ਪੁਥਲ ਕਰਦੇ ਤੇ ਉਛਲਦੇ ਭਾਵਨਾਵਾਂ ਦੇ ਸਾਗਰੀ ਉਛਾਲ ਨੂੰ।

"ਪ੍ਰੰਤੂ ਹੁਣ ਮੈਨੂੰ ਨਾ ਰੋਕੀਂ ਆਪਣੀ ਮਾਂ ਦੇ ਭੋਗ ਸਮੇਂ ਬੋਲਣ ਤੋਂ" ਆਪਣੇ ਯਾਰ ਦੀ ਇਸ ਮੰਗ ਨੂੰ ਕਿਵੇਂ ਪੂਰਾ ਕਰਾਂਗਾ ਜਾਂ ਕਿਤੇ ਮਾਂ ਨੂੰ ਤਾਂ ਨਹੀਂ ਇੱਕ ਹੋਰ ਜ਼ਫ਼ਰ ਜਾਲਣਾ ਪਵੇਗਾ, ਘਰ ਆਉਂਦਿਆਂ ਹੋਇਆਂ, ਮੈਂ ਇਹੀ ਸੋਚਦਾ ਰਿਹਾ। ਇਹ ਸੋਚ ਕੇ ਮੇਰਾ ਮਨ ਮਾਣ ਨਾਲ ਭਰ ਗਿਆ ਕਿ ਮੇਰੀ ਮਾਂ ਭਾਵੇਂ ਕਿੰਨੀ 'ਛੋਟੀ' ਸੀ ਪਰ ਉਹਦਾ ਹੌਸਲਾ ਕਿੰਨਾ ਵੱਡਾ ਸੀ। ਧਰਤੀ ਜਿੱਡਾ ਤੇ ਧਰਤੀ ਦੇ ਪੁੱਤਾਂ-ਧੀਆਂ ਜਿੱਡਾ।

---

## ਸੁੱਚੇ ਮੋਤੀ

ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: +91-9041498009



# ਵਿਰਲਾਂ ਥਾਣੀਂ ਝਾਕਦੀ ਜ਼ਿੰਦਗੀ

2009 ਦੀ ਗੱਲ ਹੈ। ਮੇਰੀ ਬਟਾਲੀਅਨ ਕਸ਼ਮੀਰ ਦੇ ਬਾਰਡਰ ਇਲਾਕੇ ਵਿੱਚ ਬਹੁਤ ਮੁਸ਼ਕਿਲ ਖੇਤਰ 'ਚ ਤਾਇਨਾਤ ਸੀ। ਇੱਥੇ ਬਰਫ਼ਬਾਰੀ ਕਰਕੇ ਨਵੰਬਰ ਮਹੀਨੇ ਦੇ ਅੱਧ ਵਿੱਚ ਹੀ ਆਉਣ-ਜਾਣ ਦੇ ਸਾਰੇ ਰਾਹ ਬੰਦ ਹੋ ਜਾਂਦੇ ਸਨ ਅਤੇ ਫਿਰ ਅਪ੍ਰੈਲ-ਮਈ ਦੇ ਮਹੀਨੇ ਹੀ ਖੁੱਲ੍ਹਦੇ ਸਨ। ਇਸ ਦੌਰਾਨ ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ ਹੀ ਛੁੱਟੀ ਮਿਲਦੀ ਸੀ, ਨਹੀਂ ਤਾਂ ਪੰਜ-ਛੇ ਮਹੀਨੇ ਫ਼ੌਜੀ ਜਵਾਨ ਆਪਣੀਆਂ ਪੋਸਟਾਂ 'ਤੇ ਹੀ ਤਾਇਨਾਤ ਰਹਿੰਦੇ ਸਨ। ਜਵਾਨਾਂ ਲਈ ਇਹ ਕਾਰਜ ਕੋਈ ਮੁਸ਼ਕਿਲ ਭਰਿਆ ਨਹੀਂ ਹੁੰਦਾ, ਕਿਉਂਕਿ ਇਨ੍ਹਾਂ ਹਾਲਾਤਾਂ ਬਾਰੇ ਫ਼ੌਜੀ ਜਵਾਨਾਂ ਨੂੰ ਪਹਿਲਾਂ ਹੀ ਤਿਆਰ ਕੀਤਾ ਜਾਂਦਾ ਹੈ, ਟ੍ਰੇਨਿੰਗ ਦਿੱਤੀ ਜਾਂਦੀ ਹੈ। ਜਵਾਨ ਜਿੱਥੇ ਸਰੀਰਕ ਰੂਪ ਵਿੱਚ ਫਿੱਟ ਰੱਖੇ ਜਾਂਦੇ ਹਨ, ਉੱਥੇ ਹੀ ਮਾਨਸਿਕ ਰੂਪ ਵਿੱਚ ਵੀ ਤੰਦਰੁਸਤ ਰੱਖੇ ਜਾਂਦੇ ਹਨ। ਹਾਂ, ਇੱਕਾ-ਦੁੱਕਾ ਘਟਨਾਵਾਂ ਜਾਂ ਜਵਾਨਾਂ ਨੂੰ ਛੱਡ ਦਈਏ ਤਾਂ ਇਹ ਫੌਜ ਦੀ ਰੁਟੀਨ ਡਿਊਟੀ ਹੀ ਹੁੰਦੀ ਹੈ।

ਖੈਰ! ਅਪ੍ਰੈਲ ਮਹੀਨੇ (ਵਿਸਾਖੀ ਤੋਂ ਬਾਅਦ) ਮੈਂ ਛੁੱਟੀ ਲਈ ਬੇਨਤੀ ਕੀਤੀ ਤਾਂ ਮੇਰੀ ਛੁੱਟੀ ਮਨਜ਼ੂਰ ਹੋ ਗਈ। ਫੇਰ ਮੈਂ ਇਕ ਮਹੀਨੇ ਲਈ ਆਪਣੇ ਘਰ ਆ ਗਿਆ। ਮੈਨੂੰ ਛੁੱਟੀ ਆਏ ਨੂੰ ਅਜੇ ਕੁਝ ਦਿਨ ਹੀ ਬੀਤੇ ਸਨ ਕਿ ਇਕ ਦਿਨ ਬਟਾਲੀਅਨ 'ਚੋਂ ਸੰਦੇਸ਼ ਆਇਆ ਕਿ ਤੁਸੀਂ ਅੰਬਾਲੇ ਦੇ ਨੇੜੇ (ਪੰਜੋਖਰਾ ਸਾਹਿਬ) ਪਿੰਡ ਵਿੱਚ ਆਪਣੇ ਇੱਕ ਸ਼ਹੀਦ ਫ਼ੌਜੀ ਜਵਾਨ ਸਵਰਣ ਸਿੰਘ ਦੇ ਭੋਗ 'ਤੇ ਜਾਣਾ ਹੈ। ਅਸਲ ਵਿੱਚ ਮੇਰੀ ਬਟਾਲੀਅਨ ਦਾ ਇਹ ਜਵਾਨ ਲੰਘੇ ਵਰ੍ਹੇ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਸੀ। ਇਸ ਸਾਲ ਉਸਦੇ ਪਰਿਵਾਰਕ ਮੈਂਬਰ ਉਸਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਰਖਵਾ ਰਹੇ ਸਨ। ਉਨ੍ਹਾਂ ਨੇ ਇਸ ਸੰਬੰਧੀ ਜਾਣਕਾਰੀ ਸਾਡੀ ਬਟਾਲੀਅਨ ਨੂੰ ਭੇਜੀ ਸੀ। ਮੇਰਾ ਘਰ ਕਿਉਂਕਿ ਅੰਬਾਲੇ ਦੇ ਨੇੜੇ ਹੀ ਸੀ, ਇਸ ਲਈ ਮੇਰੀ ਡਿਊਟੀ ਲਗਾਈ ਗਈ ਕਿ ਮੈਂ ਬਟਾਲੀਅਨ ਵੱਲੋਂ ਸ਼ਹੀਦ ਜਵਾਨ ਸਵਰਣ ਸਿੰਘ ਦੀ ਯਾਦ 'ਚ ਰੱਖੇ ਗਏ ਅਖੰਡ ਪਾਠ ਸਾਹਿਬ ਦੇ ਭੋਗ 'ਤੇ ਜਾ ਕੇ ਆਵਾਂ। ਇੱਥੇ ਖ਼ਾਸ ਗੱਲ ਇਹ ਹੈ ਕਿ ਫ਼ੌਜ ਦੀਆਂ ਬਹੁਤ ਸਾਰੀਆਂ ਬਟਾਲੀਅਨਾਂ ਵਿੱਚ ਇਹ ਰਿਵਾਜ਼ ਹੈ ਕਿ ਉਹ ਆਪਣੇ ਜਵਾਨਾਂ ਦੇ ਸੁਖ-ਦੁਖ ਵਿੱਚ (ਸੇਵਾਮੁਕਤ ਹੋਣ ਤੋਂ ਬਾਅਦ ਵੀ) ਸ਼ਾਮਿਲ ਹੁੰਦੀਆਂ ਹਨ।

ਅਖੰਡ ਪਾਠ ਸਾਹਿਬ ਦੇ ਭੋਗ ਵਾਲੇ ਦਿਨ ਮੈਂ ਪੰਜੋਖਰਾ ਸਾਹਿਬ (ਅੰਬਾਲੇ) ਜਾਣ ਲਈ ਤਿਆਰ ਹੋ ਗਿਆ। ਪਿੰਡ 'ਚ ਸ਼ਹੀਦ ਜਵਾਨ ਦਾ ਘਰ ਲੱਭਦਿਆਂ ਮੈਨੂੰ ਥੋੜ੍ਹਾ ਸਮਾਂ ਲੱਗ ਗਿਆ। ਇਸ ਲਈ ਜਦੋਂ ਮੈਂ ਉਨ੍ਹਾਂ ਦੇ ਘਰ ਪਹੁੰਚਿਆ ਤਾਂ ਪਾਠ ਦੀ ਸਮਾਪਤੀ ਉਪਰੰਤ ਦੇਗ ਵਰਤਾਈ ਜਾ ਰਹੀ ਸੀ। ਮੈਂ ਵੀ ਮੱਥਾ ਟੇਕ ਕੇ ਸੰਗਤ ਵਿੱਚ ਹੀ ਬੈਠ ਗਿਆ। ਉਦੋਂ ਕਿਸੇ ਨੂੰ ਪਤਾ ਨਹੀਂ ਲਗਾ ਕਿ ਮੈਂ ਸ਼ਹੀਦ ਜਵਾਨ ਸਵਰਣ ਸਿੰਘ ਦੀ ਬਟਾਲੀਅਨ 'ਚੋਂ ਆਇਆ ਹਾਂ। ਦੇਗ ਲੈਣ ਤੋਂ ਬਾਅਦ ਬਹੁਤੀ ਸੰਗਤ ਲੰਗਰ ਛਕਣ ਲਈ ਪੰਗਤ ਵਿੱਚ ਬੈਠ ਗਈ ਅਤੇ ਮੈਂ ਸ਼ਹੀਦ ਜਵਾਨ ਸਵਰਣ ਸਿੰਘ ਦੀ ਮਾਤਾ ਜੀ ਕੋਲ਼ ਜਾ ਕੇ ਬੈਠ ਗਿਆ। ਮਾਤਾ ਜੀ ਨਾਲ ਗੱਲ ਕਰਦਿਆਂ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਉਨ੍ਹਾਂ ਦੇ ਪੁੱਤ ਦੀ ਬਟਾਲੀਅਨ 'ਚੋਂ ਆਇਆ ਹਾਂ ਤਾਂ ਉਹ ਉੱਠ ਕੇ ਮੇਰੇ ਗਲ਼ ਲੱਗ ਗਏ ਤੇ ਰੋਣ ਲੱਗੇ। ਮੈਂ ਉਨ੍ਹਾਂ ਨੂੰ ਹੌਸਲਾ ਦਿੱਤਾ ਤੇ ਚੁਪ ਕਰਵਾਉਣ ਦਾ ਯਤਨ ਕੀਤਾ।

ਕਾਫੀ ਦੇਰ ਬਾਅਦ ਉਹ ਥੋੜ੍ਹਾ ਸੰਭਲੇ ਅਤੇ ਉੱਠ ਕੇ ਕਮਰੇ ਵੱਲ ਚਲੇ ਗਏ। ਮੈਂ ਬਾਹਰ ਬਰਾਂਡੇ ਵਿੱਚ ਬੈਠਾ ਰਿਹਾ। ਸ਼ਹੀਦ ਜਵਾਨ ਦੀ ਮਾਤਾ ਜੀ ਅੰਦਰੋਂ ਇੱਕ ਵੱਡੀ ਸਾਰੀ ਫੋਟੋ ਹੱਥ 'ਚ ਫੜ ਕੇ ਬਾਹਰ ਲਿਆਏ। ਇਹ ਮੇਰੀ ਬਟਾਲੀਅਨ ਦੇ ਜਵਾਨਾਂ ਦੀ ਗਰੁੱਪ ਫੋਟੋ ਸੀ। ਮਾਤਾ ਜੀ ਮੈਨੂੰ ਫੋਟੋ ਦਿਖਾ ਕੇ ਕਹਿਣ ਲੱਗੇ, "ਦੇਖ ਪੁੱਤ, ਮੇਰਾ ਸਵਰਣ ਪੁੱਤ ਕਿੰਨਾ ਸੋਹਣਾ ਲੱਗ ਰਿਹਾ ਹੈ। ਸਭ ਤੋਂ ਲੰਮਾ, ਸਭ ਤੋਂ ਸੁਨੱਖਾ ਜਵਾਨ!"

ਮੈਂ ਕਿਹਾ, "ਜੀ ਮਾਤਾ ਜੀ। ਸਵਰਣ ਸਿੰਘ ਵਾਕਈ ਬਹੁਤ ਵਧੀਆ, ਅਨੁਸ਼ਾਸ਼ਨ ਵਾਲਾ ਜਵਾਨ ਸੀ।"

ਖ਼ੌਰੇ ਮਾਤਾ ਜੀ ਦਾ ਧਿਆਨ ਮੇਰੀ ਗੱਲ ਵੱਲ ਨਹੀਂ ਸੀ। ਉਹ ਤਾਂ ਆਪਣੇ ਪੁੱਤ ਦੀ ਫੋਟੋ ਨੂੰ ਬਹੁਤ ਧਿਆਨ ਨਾਲ ਦੇਖ ਰਹੇ ਸਨ। ਖ਼ਬਰੇ ਕੁਝ ਕਹਿਣਾ ਚਾਹੁੰਦੇ ਹੋਣ! ਪਰ ਉਨ੍ਹਾਂ ਨੂੰ ਲਫ਼ਜ਼ ਨਹੀਂ ਸਨ ਅਹੁੜ ਰਹੇ। ਜੇਕਰ ਲਫ਼ਜ਼ ਹੁੰਦੇ ਵੀ ਤਾਂ ਸਮੇਂ ਨੇ ਤਾਂ ਇਹ ਮੌਕਾ ਹੀ ਨਹੀਂ ਦਿੱਤਾ ਕਿ ਉਹ ਕੁਝ ਕਹਿ ਪਾਉਂਦੇ।

ਵਾਹਵਾ ਚਿਰ ਮਾਤਾ ਜੀ ਇੰਜ ਹੀ ਬੈਠੇ ਰਹੇ ਅਤੇ ਮੈਂ ਵੀ ਉਨ੍ਹਾਂ ਦੇ ਕੋਲ਼ ਬੈਠਾ ਸੋਚਾਂ ਦੇ ਸਮੁੰਦਰ ਵਿੱਚ ਗੁਆਚਿਆ ਰਿਹਾ। ਨਾ ਉਹ ਕੁਝ ਬੋਲੇ ਅਤੇ ਨਾ ਹੀ ਮੇਰੇ ਕੋਲੋਂ ਕੋਈ ਗੱਲ ਹੋਈ।

"ਵੀਰ ਜੀ, ਤੁਸੀਂ ਵੀ ਲੰਗਰ ਛਕ ਲਓ।" ਇਸ ਆਵਾਜ਼ ਨੇ ਮੈਨੂੰ ਅਤੇ ਮਾਤਾ ਜੀ ਨੂੰ ਵਰਤਮਾਨ ਸਮੇਂ 'ਚ ਲਿਆਂਦਾ।

"ਜੀ ਛਕਦਾ ਹਾਂ।" ਆਖ ਕੇ ਮੈਂ ਮਾਤਾ ਜੀ ਦੇ ਚਿਹਰੇ ਵੱਲ ਗੌਰ ਨਾਲ ਦੇਖਿਆ।

"ਜਾ ਪੁੱਤ, ਤੂੰ ਵੀ ਲੰਗਰ ਛਕ ਲੈ।" ਮਾਤਾ ਜੀ ਨੇ ਆਪਣੇ-ਆਪ ਨੂੰ ਸੰਭਾਲ ਕੇ ਕਿਹਾ।

"ਜੀ ਮਾਤਾ ਜੀ।" ਆਖ ਕੇ ਮੈਂ ਉੱਠ ਖਲੋਤਾ।

ਫਿਰ ਲੰਗਰ ਛਕ ਕੇ, ਗੱਲਾਂ-ਬਾਤਾਂ ਕਰਕੇ ਮੈਂ ਉਨ੍ਹਾਂ ਤੋਂ ਆਗਿਆ ਲਈ। ਤੁਰਨ ਲੱਗਿਆਂ ਮਾਤਾ ਜੀ ਨੇ ਮੈਨੂੰ ਘੁੱਟ ਕੇ ਜੱਫੀ ਪਾਈ। ਮੈਨੂੰ ਜਾਪਿਆ ਕਿ ਉਹ ਆਪਣੇ ਪੁੱਤ ਦੇ ਅਹਿਸਾਸ ਨੂੰ ਮਹਿਸੂਸ ਕਰ ਰਹੇ ਹਨ। ਮਾਤਾ ਜੀ ਦੇ ਨਾਲ-ਨਾਲ ਮੇਰੀਆਂ ਅੱਖਾਂ 'ਚੋਂ ਵੀ ਹੰਝੂ ਵਹਿ ਤੁਰੇ।

ਰਾਹ 'ਚ ਆਉਂਦਿਆਂ ਮੇਰੇ ਮਨ 'ਚ ਇਹ ਵਿਚਾਰ ਘੁੰਮਣ ਲੱਗੇ ਕਿ ਬੰਦਾ ਵੀ ਕਿੰਨਾ ਕੋਮਲ ਹਿਰਦੇ ਦਾ ਮਾਲਕ ਹੁੰਦਾ ਹੈ, ਆਪਣੇ- ਪਿਆਰਿਆਂ ਦੇ ਅਹਿਸਾਸਾਂ ਨੂੰ ਸਾਲਾਂਬੱਧੀ ਜ਼ਿਹਨ 'ਚ ਲੁਕੋ ਕੇ ਰੱਖਦਾ ਹੈ। ਫੇਰ ਸਹੀ ਸ਼ਖ਼ਸ ਸਾਹਮਣੇ ਆਉਂਦਿਆਂ ਹੀ ਝੱਟਪਟ ਪਿਘਲ ਜਾਂਦਾ ਹੈ, ਢਹਿ ਜਾਂਦਾ ਹੈ। ਖ਼ੈਰ! ਬੰਦੇ ਚਲੇ ਜਾਂਦੇ ਹਨ, ਪਰ ਯਾਦਾਂ ਪਿੱਛੇ ਛੱਡ ਜਾਂਦੇ ਹਨ। ਫੇਰ ਇਨ੍ਹਾਂ ਯਾਦਾਂ ਦੇ ਸਹਾਰੇ ਹੀ ਪਰਿਵਾਰਕ ਮੈਂਬਰ ਜ਼ਿੰਦਗੀ ਕੱਟਦੇ ਹਨ।

ਲੜਾਈਆਂ ਲੜੀਆਂ ਜਾਂਦੀਆਂ ਹਨ, ਜਿੱਤੀਆਂ ਜਾਂਦੀਆਂ ਹਨ। ਜਸ਼ਨ ਮਨਾਏ ਜਾਂਦੇ ਹਨ। ਟੈਲੀਵਿਜ਼ਨਾਂ 'ਤੇ ਜਿੱਤ ਦੇ ਸੋਹਲੇ ਪੜ੍ਹੇ ਜਾਂਦੇ ਹਨ। ਮੈਡਲ ਮਿਲਦੇ ਹਨ, ਤਰੱਕੀਆਂ ਮਿਲਦੀਆਂ ਹਨ, ਮਾਣ-ਸਨਮਾਣ ਦਿੱਤੇ ਜਾਂਦੇ ਹਨ, ਪਰ ਐਨਾ ਸਭ ਕੁਝ ਹੋਣ ਦੇ ਬਾਵਜੂਦ ਕੁਝ ਵਿਰਲਾਂ ਭਰੀਆਂ ਨਹੀਂ ਜਾ ਸਕਦੀਆਂ ਜਿਹੜੀਆਂ ਆਪਣੇ ਪਿਆਰਿਆਂ ਨੂੰ ਗੁਆਉਣ ਬਾਅਦ ਖਾਲੀ ਹੋਈਆਂ ਹੁੰਦੀਆਂ ਹਨ। ਇਨ੍ਹਾਂ ਵਿਰਲਾਂ ਥਾਣੀਂ ਖਾਲੀ ਹੋਈ ਜ਼ਿੰਦਗੀ ਸਿਰਫ ਢੋਈ ਜਾ ਸਕਦੀ ਹੈ, ਬਤੀਤ ਨਹੀਂ ਕੀਤੀ ਜਾ ਸਕਦੀ। ਪਰ! ਇਹ ਅਹਿਸਾਸ ਕੌਣ ਸਮਝਦਾ ਹੈ? ਕੌਣ ਮਹਿਸੂਸ ਕਰਦਾ ਹੈ? ਖ਼ਬਰੇ ਕੋਈ ਨਹੀਂ, ਕਿਉਂਕਿ ਜਿਸ ਘਰ 'ਚੋਂ ਕੋਈ ਆਪਣਾ ਪਿਆਰਾ ਗਿਆ ਹੁੰਦਾ ਹੈ, ਸਿਰਫ਼ ਉਸੇ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ, ਹੋਰ ਕਿਸੇ ਨੂੰ ਨਹੀਂ। ਬਾਕੀ ਲੋਕ ਤਾਂ ਚੰਦ ਦਿਨਾਂ ਬਾਅਦ ਭੁੱਲ-ਭੁਲਾ ਜਾਂਦੇ ਹਨ। ਕੰਮਾਂਕਾਰਾਂ 'ਚ ਮਸਰੂਫ਼ ਹੋ ਜਾਂਦੇ ਹਨ। ਖ਼ੈਰ! ਇਹੋ ਦੁਨੀਆਂ ਦੀ ਰੀਤ ਹੈ, ਇਸ ਨੂੰ ਬਦਲਿਆ ਨਹੀਂ ਜਾ ਸਕਦਾ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚ ਭਗਤ ਰਵਿਦਾਸ ਜੀ ਇਉਂ ਫਰਮਾਉਂਦੇ ਹਨ,

"ਸੋ ਕਤ ਜਾਨੈ ਪੀਰ ਪਰਾਈ॥
ਜਾ ਕੈ ਅੰਤਰਿ ਦਰਦੁ ਨ ਪਾਈ॥ ਰਹਾਉ॥"
(ਰਾਗ ਸੂਹੀ, ਅੰਗ 793)
ਅਤੇ
"ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥
ਕਉਣ ਜਾਣੈ ਪੀਰ ਪਰਾਈ॥
ਹਮ ਨਾਹੀ ਚਿੰਤ ਪਰਾਈ॥ ਰਹਾਉ॥" (ਅੰਗ 795)


ਸ਼ਾਲਾ! ਮੁਲਕ ਦੇ ਬਾਰਡਰਾਂ ਤੇ ਅਮਨ-ਅਮਾਨ ਰਹੇ ਅਤੇ ਸਾਰੀਆਂ ਮਾਵਾਂ ਦੇ ਪੁੱਤਰ ਜਿਉਂਦੇ-ਵੱਸਦੇ ਰਹਿਣ। ਇਹੋ ਅਰਦਾਸ ਹੈ ਮੇਰੀ!

# ਸ਼ਾਦਮਾਨ ਚੌਕ ਅਤੇ ਨਨਕਾਣਾ ਸਾਹਿਬ ਦੀ ਫੇਰੀ



**ਰਵਿੰਦਰ ਸਹਿਰਾਅ**
ਫੋਨ: 219-900-1115

***ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾ਼ਲ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਨਾ਼ਲ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ ਅਤੇ ਨਨਕਾਣਾ ਸਾਹਿਬ ਸਾਂਝਾ ਮੁਕੱਦਸ ਅਸਥਾਨ ਹੈ। ਇਹ ਸਫ਼ਰਨਾਮਾ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਤੀਜੀ ਕਿਸ਼ਤ, ਜਿਸ ਵਿੱਚ ਸ਼ਾਦਮਾਨ ਚੌਕ ਦੇ ਜ਼ਿਕਰ ਤੋਂ ਇਲਾਵਾ ਪਿਲਾਕ ਅਤੇ ਨਨਕਾਣਾ ਸਾਹਿਬ ਦੀ ਫੇਰੀ ਦਾ ਸੰਖੇਪ ਵੇਰਵਾ ਦਰਜ ਹੈ...***






ਬਾਬਾ ਨਜ਼ਮੀ, ਤਾਹਿਰ ਸੰਧੂ ਅਤੇ ਅਫ਼ਜ਼ਲ ਸਾਹਿਰ ਨਾਲ ਪਿਲਾਕ ਵਿੱਚ ਲੇਖਕ ਤੇ ਉਨ੍ਹਾਂ ਦੀ ਪਤਨੀ

ਸਾਡਾ ਹੋਟਲ ਓਬੈਨ, ਸ਼ਹਿਰ ਦੇ ਕੇਂਦਰੀ ਸਥਾਨ ਗੁਲਬਰਗ ਵਿੱਚ ਸੀ। ਦਰਅਸਲ ਬਹੁਤੇ ਚੰਗੇ ਜਾਂ ਦਰਮਿਆਨੇ ਦਰਜੇ ਦੇ ਹੋਟਲ ਗੁਲਬਰਗ ਵਿੱਚ ਹੀ ਹਨ। ਇਹ ਹੋਟਲ ਸਾਨੂੰ ਸਾਡੇ ਦੋਸਤ ਤਾਹਿਰ ਸੰਧੂ ਦੇ ਉਸਤਾਦ ਜੋ ਸੁਪਰੀਮ ਕੋਰਟ ਦੇ ਵਕੀਲ ਹਨ, ਨੇ ਕੁਛ ਰਿਆਇਤ ਦੇ ਦੁਆਇਆ। ਹੋਟਲ ਵਾਲੇ, ਵਕੀਲ ਸਾਹਿਬ ਦੇ ਕਲਾਇੰਟ ਹਨ। ਉਹ ਖ਼ੁਦ ਵੀ ਬੜੇ ਰੁਝੇਵਿਆਂ ਦੇ ਬਾਵਜੂਦ ਮੈਨੂੰ ਮਿਲੇ। ਇੱਕ ਨਿੱਕੀ ਜਿਹੀ ਸੌਗ਼ਾਤ ਅਸੀਂ ਚੜ੍ਹਦੇ ਪੰਜਾਬ 'ਚੋਂ ਉਨ੍ਹਾਂ ਦੇ ਬਜ਼ੁਰਗ ਵਾਲਿਦ ਸਾਹਿਬ ਵਾਸਤੇ ਲੈ ਕੇ ਗਏ ਸੀ, ਉਹ ਉਸਦਾ ਸ਼ੁਕਰੀਆ ਕਰਨਾ ਚਾਹੁੰਦੇ ਸਨ। ਹੈ ਤਾਂ ਉਹ ਸੌਗ਼ਾਤ ਬੜੀ ਮਾਮੂਲੀ ਸੀ, ਪਰ ਉਸਦੇ ਵਾਲਿਦ ਸਾਹਿਬ ਲਈ ਉਹ ਵਡਮੁੱਲੀ ਸੀ। ਸਾਨੂੰ ਇਹ ਵੀ ਡਰ ਸੀ ਕਿ ਇਮੀਗ੍ਰੇਸ਼ਨ ਵਾਲੇ ਕਿਤੇ ਸਮਾਨ 'ਚੋਂ ਕਢਵਾ ਨਾ ਲੈਣ, ਪਰ ਸਹੀ ਸਲਾਮਤ ਲਿਜਾ ਕੇ ਅਸੀਂ ਉਨ੍ਹਾਂ ਦੇ ਹਵਾਲੇ ਕਰ ਦਿੱਤੀ ਸੀ। ਖ਼ੈਰ! ਗੱਲ ਤਾਂ ਆਪਾਂ ਸ਼ਾਦਮਾਨ ਚੌਕ ਦੀ ਕਰ ਰਹੇ ਸੀ। ਸ਼ਾਦਮਾਨ ਨਾਂ ਦੀ ਇੱਕ ਕਲੋਨੀ ਹੈ। ਗੁਲਬਰਗ ਤੋਂ ਕੋਈ ਪੰਜ ਕੁ ਕਿਲੋਮੀਟਰ ਦੂਰ ਹੈ ਇਹ। ਉਸ ਕਲੋਨੀ ਵਿੱਚ ਇੱਕ ਚੌਕ ਹੈ, ਜਿਸ ਨੂੰ ਸ਼ਾਦਮਾਨ ਚੌਕ ਕਿਹਾ ਜਾਂਦਾ ਹੈ। ਸ਼ਾਦਮਾਨ ਦਾ ਲਫ਼ਜ਼ੀ ਮਾਇਨਾ ਹੈ- ਖ਼ੁਸ਼ੀਆਂ ਭਰਿਆ।

ਸ਼ਾਇਦ ਬਹੁਤੇ ਲੋਕ ਨਾ ਜਾਣਦੇ ਹੋਣ ਜਿਵੇਂ ਕਿ ਮੈਂ ਵੀ ਸ਼ਾਦਮਾਨ ਚੌਕ ਦਾ ਨਾਂ ਤਾਂ ਸੁਣਿਆ ਹੋਇਆ ਸੀ, ਪਰ ਇਸ ਪਿੱਛੇ ਕੀ ਕਹਾਣੀ ਹੈ, ਨਹੀਂ ਜਾਣਦਾ ਸੀ। ਸ਼ਾਦਮਾਨ ਚੌਕ ਵਾਲੀ ਥਾਂ ਕਿਸੇ ਵੇਲੇ ਲਾਹੌਰ ਸੈਂਟਰਲ ਜੇਲ੍ਹ ਦਾ ਉਹ ਹਿੱਸਾ ਹੁੰਦਾ ਸੀ ਜਿੱਥੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫ਼ਾਂਸੀ ਦਿੱਤੀ ਗਈ ਸੀ- ਮਿੱਥੇ ਹੋਏ ਟਾਈਮ ਤੋਂ ਬਾਰਾਂ ਘੰਟੇ ਪਹਿਲਾਂ। 23 ਮਾਰਚ 1931 ਵਾਲੇ ਦਿਨ ਸ਼ਹਿਰ ਵਿੱਚ ਹਾਹਾਕਾਰ ਮਚ ਗਈ। ਦੱਸਦੇ ਹਨ, ਪੰਜਾਹ ਹਜ਼ਾਰ ਦੇ ਕਰੀਬ ਲੋਕ ਇਕੱਠੇ ਹੋ ਗਏ। ਬ੍ਰਿਟਿਸ਼ ਹਾਕਮਾਂ ਨੇ ਚੋਰੀ-ਚੋਰੀ ਜੇਲ੍ਹ ਦੇ ਪਿਛਲੇ ਦਰਵਾਜ਼ੇ ਥਾਣੀਂ ਲਾਸ਼ਾਂ ਦੇ ਟੁਕੜੇ-ਟੁਕੜੇ ਕਰ ਕੇ ਸਤਲੁਜ ਕੰਢੇ ਹੁਸੈਨੀਵਾਲਾ ਕੋਲ ਲਿਜਾ ਕੇ ਸਾੜਨ ਦੀ ਕੋਸ਼ਿਸ਼ ਕੀਤੀ ਸੀ।

1961 ਵਿੱਚ ਪਾਕਿ ਹਕੂਮਤ ਨੇ ਅੱਧੀ ਜੇਲ੍ਹ ਨੂੰ ਢਾਹ ਕੇ ਇਸ ਥਾਂ ਗੌਰਮਿੰਟ ਔਫ਼ੀਸਰਜ਼ ਰੈਜ਼ੀਡੈਂਟ ਕਲੋਨੀ ਬਣਾ ਦਿੱਤੀ। ਫ਼ਾਂਸੀ ਦੀ ਕੋਠੜੀ ਵਾਲੀ ਜਗ੍ਹਾ ਵੀ ਇਸੇ ਦੀ ਲਪੇਟ ਵਿੱਚ ਆ ਗਈ। ਉਦੋਂ ਤੋਂ ਲੈ ਕੇ ਹੀ ਹਰ ਸਾਲ ਤਰੱਕੀ-ਪਸੰਦ ਲੋਕ ਇਸ ਥਾਂ ਇਕੱਠੇ ਹੋ ਕੇ ਇਸ ਚੌਕ ਦਾ ਨਾਂ ਬਦਲ ਕੇ 'ਸ਼ਹੀਦ ਭਗਤ ਸਿੰਘ ਚੌਕ' ਰੱਖਣ ਦੀ ਮੰਗ ਕਰ ਰਹੇ ਹਨ। ਲਾਹੌਰ ਹਾਈਕੋਰਟ ਵਿੱਚ ਐਡਵੋਕੇਟ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ 2018 ਵਿੱਚ ਪਟੀਸ਼ਨ ਦਾਖ਼ਿਲ ਕੀਤੀ ਸੀ। ਹਾਈਕੋਰਟ ਦੇ ਜੱਜ ਨੇ ਉਸਨੂੰ ਜਾਇਜ਼ ਮੰਨਦਿਆਂ ਕਿਹਾ ਸੀ ਕਿ ਇਸ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ 'ਤੇ ਰੱਖਣਾ ਦਰੁਸਤ ਹੈ। ਉਸਨੇ ਪ੍ਰਸ਼ਾਸਕਾਂ ਨੂੰ ਹੁਕਮ ਕੀਤਾ ਸੀ ਕਿ ਇਸ ਉਪਰ ਤੁਰੰਤ ਅਮਲ ਕੀਤਾ ਜਾਵੇ, ਪਰ ਪਰਨਾਲਾ ਅਜੇ ਉੱਥੇ ਦਾ ਉੱਥੇ ਹੀ ਹੈ। ਮੈਂ ਆਪਣੀ ਨਜ਼ਮ ਲਾਹੌਰ ਵਸੇਂਦੀਉ ਕੁੜੀਉ' ਵਿੱਚ ਇਸ ਦਾ ਜ਼ਿਕਰ ਵੀ ਕੀਤਾ ਸੀ:

ਲਾਹੌਰ ਵਸੇਂਦੀਉ ਕੁੜੀਉ, ਕਦੇ ਅੰਬਰਸਰ ਵੀ ਆਉ।
ਸ਼ਹਿਰ ਦੇ ਗਲੀ ਮੁਹੱਲੇ ਅੰਦਰੋਂ, ਲਾਲ ਖੂਹੀ* ਬਾਜ਼ਾਰ ਦੇ ਵਿੱਚੋਂ
ਸ਼ਾਦਮਾਨ ਚੌਕ 'ਚੋਂ ਲੰਘਦਿਆਂ, ਜਿੰਨੇ ਵੀ ਗ਼ਮ, ਗੁੱਸੇ ਲੱਭਣ
ਝੋਲੀਆਂ ਭਰ ਕੇ ਲਿਆਉ। ਕਦੇ ਅੰਬਰਸਰ ਵੀ ਆਉ।

(*ਸ਼ਹਾਦਤ ਤੋਂ ਪਹਿਲਾਂ ਜਿੱਥੇ ਗੁਰੂ ਅਰਜਨ ਦੇਵ ਜੀ ਨੂੰ ਛੇ ਦਿਨ ਭੁੱਖੇ ਪਿਆਸੇ ਰੱਖਿਆ ਗਿਆ ਸੀ।)

ਕਈਆਂ ਦਾ ਮੰਨਣਾ ਹੈ ਕਿ ਕਾਗਜ਼ਾਂ ਵਿੱਚ ਇਸ ਨੂੰ ਸ਼ਹੀਦ ਭਗਤ ਸਿੰਘ ਚੌਕ ਮੰਨ ਤਾਂ ਲਿਆ ਗਿਆ ਹੈ, ਪਰ ਅਜੇ ਉਥੇ ਬਾਕਾਇਦਾ ਬੋਰਡ ਲੱਗਣਾ ਬਾਕੀ ਹੈ। ਇਸ ਗੱਲ ਦੀ ਪੁਸ਼ਟੀ ਤਰੱਕੀ ਪਸੰਦ ਲੇਖਕ ਤੇ ਐਕਟਵਿਸਟ ਐਡਵੋਕੇਟ ਤਾਹਿਰ ਸੰਧੂ ਨੇ ਵੀ ਕੀਤੀ। ਦੇਖੋ ਹਕੂਮਤ ਕਦੋਂ ਜਾਗਦੀ ਹੈ।

## ਪਿਲਾਕ ਵਿੱਚ ਮੁਸ਼ਤਾਕ ਸੂਫ਼ੀ ਦੀ ਕਿਤਾਬ ਦਾ ਮੂੰਹ ਵਿਖਾਲਾ

29 ਨਵੰਬਰ ਦੀ ਸ਼ਾਮ ਨੂੰ ਹੀ ਪਿਲਾਕ (ਪੰਜਾਬ ਇੰਸਟੀਚਿਊਟ ਔਫ਼ ਲੈਂਗੂਏਜ, ਆਰਟ ਐਂਡ ਕਲਚਰ) ਵਿੱਚ ਇੱਕ ਮੀਟਿੰਗ ਰੱਖੀ ਗਈ। ਪਿਲਾਕ ਇੱਕ ਬੜਾ ਹੀ ਮਹੱਤਵਪੂਰਨ ਨੀਮ ਸਰਕਾਰੀ ਅਦਾਰਾ ਹੈ। ਇਸ ਨੂੰ 2000 ਵਿੱਚ ਉਸਾਰਿਆ ਗਿਆ ਸੀ। ਇਸ ਦੀ ਵੱਡ-ਆਕਾਰੀ ਇਮਾਰਤ ਵਿੱਚ ਕਈ ਹੋਰ ਸੈਕਸ਼ਨ ਹਨ, ਜਿਨ੍ਹਾਂ ਵਿੱਚ ਪੰਜਾਬੀ ਬੋਲੀ, ਪੰਜਾਬੀ ਸੱਭਿਆਚਾਰ, ਵਿਰਸਾ ਅਤੇ ਪੰਜਾਬੀ ਪਿਆਰਿਆਂ ਦੇ ਇਕੱਠ ਕਰਨ ਦਾ ਪੂਰਾ ਪ੍ਰਬੰਧ ਹੈ। ਇੱਥੇ ਗੁਰਮੁਖੀ ਦੀਆਂ ਕਲਾਸਾਂ ਲਾਉਣ ਦੇ ਕੋਰਸਾਂ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਇਸ ਦੀ ਡਾਇਰੈਕਟਰ ਜਨਰਲ ਡਾ. ਸੁਗਰਾ ਸਦੱਫ ਅਤੇ ਉਸਦੇ ਸਹਾਇਕ ਡਾਇਰੈਕਟਰ ਡਾ. ਖ਼ਾਕਾਨ ਹੈਦਰ ਤੇ ਅਕਰਮ ਚੌਧਰੀ ਹਨ। ਇਹ ਅਹੁਦੇਦਾਰ ਆਪਣਾ ਸਮਾਂ ਪੂਰਾ ਕਰਨ ਤੋਂ ਬਾਅਦ ਬਦਲਦੇ ਰਹਿੰਦੇ ਹਨ। ਇਸ ਅੰਦਰ ਵੜਦਿਆਂ ਅਤੇ ਬਾਹਰੋਂ ਦੇਖਿਆਂ ਪੰਜਾਬੀ ਭਵਨ ਨਵੀਂ ਦਿੱਲੀ ਦਾ ਭੁਲੇਖਾ ਪੈਂਦਾ ਹੈ।

ਮੁਸ਼ਤਾਕ ਸੂਫ਼ੀ ਹੋਰਾਂ ਦੀ ਕਿਤਾਬ (ਨਜ਼ਮਾਂ) 'ਖੰਭ ਸੁਨੇਹਾ' ਅਸੀਂ ਗੁਰਮੁਖੀ ਲਿਪੀ 'ਚ ਉਤਾਰਾ ਕਰਕੇ ਨਾ਼ਲ ਲੈ ਕੇ ਗਏ ਸੀ। ਜਾਵੇਦ ਬੂਟਾ ਤੇ ਸੁਰਿੰਦਰ ਸੋਹਲ ਨੇ ਮੇਰੀ ਅਰਜ਼ 'ਤੇ ਇਸ ਨੂੰ ਉਲਥਾਇਆ ਅਤੇ ਸਤੀਸ਼ ਗੁਲਾਟੀ ਨੇ ਬੜੀ ਹੀ ਰੀਝ ਨਾ਼ਲ ਇਸ ਨੂੰ ਛਾਪਿਆ ਸੀ। ਕਿਤਾਬ ਰਿਲੀਜ਼ ਕਰਨ ਸਬੰਧੀ ਇੱਕ ਭਰਵੇਂ ਇਕੱਠ ਵਿੱਚ ਲਹਿੰਦੇ ਪੰਜਾਬ ਦੀਆਂ ਨਾਮਵਰ ਪੰਜਾਬੀ ਸ਼ਖ਼ਸੀਅਤਾਂ ਨੇ ਹਾਜ਼ਰੀ ਲੁਆਈ। ਮੇਰਾ ਅਤੇ ਨੀਰੂ ਦਾ ਸਵਾਗਤ ਕੀਤਾ ਗਿਆ। ਫਿਰ ਮੈਨੂੰ ਕੁਝ ਕਹਿਣ ਅਤੇ ਕੁਝ ਨਜ਼ਮਾਂ ਸੁਣਾਉਣ ਦੀ ਗੁਜ਼ਾਰਿਸ਼ ਕੀਤੀ ਗਈ। ਮੈਂ ਜ਼ਿਆਦਾ ਪੰਜਾਬੀ ਬੋਲੀ ਅਤੇ ਦੋਹਾਂ ਪੰਜਾਬਾਂ ਦੀ ਸਾਂਝ ਹੋਰ ਵਧਾਉਣ 'ਤੇ ਜ਼ੋਰ ਦਿੱਤਾ। ਬੋਲੀ ਤੇ ਸੱਭਿਆਚਾਰ ਹੀ ਇੱਕ ਤਕੜਾ ਜ਼ਰੀਆ ਹੈ, ਜਿਸ ਨਾ਼ਲ ਦੋਹਾਂ ਪੰਜਾਬਾਂ ਦੇ ਅਦੀਬਾਂ ਦੇ ਨਾ਼ਲ ਆਮ ਲੋਕਾਂ ਨੂੰ ਵੀ ਨਾ਼ਲ ਜੋੜਿਆ ਜਾ ਸਕਦਾ ਹੈ। ਆਮ ਲੋਕ ਤਾਂ ਚਾਹੁੰਦੇ ਹਨ, ਪਰ ਹੰਭਲਾ ਅਦੀਬਾਂ ਨੂੰ ਮਾਰਨਾ ਪੈਣਾ ਹੈ। ਪਿਛਲੇ ਤਿੰਨ ਦਿਨਾਂ ਦੇ ਤਜਰਬੇ ਦਾ ਜ਼ਿਕਰ ਕਰਦਿਆਂ ਮੈਂ ਕਿਹਾ ਕਿ ਸਾਨੂੰ ਜਿੰਨਾ ਪਿਆਰ ਏਧਰ ਮਿਲ ਰਿਹਾ ਹੈ, ਉਹ ਬਿਆਨਣ ਤੋਂ ਬਾਹਰ ਹੈ। ਸਾਨੂੰ ਦੋਹਾਂ ਪੰਜਾਬਾਂ ਦੇ ਲੋਕ-ਪੱਖੀ ਲੇਖਕਾਂ ਦੀਆਂ ਲਿਖ਼ਤਾਂ ਉਲਥਾ ਕੇ ਲੋਕਾਂ ਤਕ ਪਹੁੰਚਾਣੀਆਂ ਚਾਹੀਦੀਆਂ ਹਨ। ਇਸ ਵਿੱਚ ਪਿਲਾਕ ਵਰਗੇ ਅਦਾਰੇ ਅਹਿਮ ਰੋਲ ਨਿਭਾਅ ਸਕਦੇ ਹਨ। ਹਾਜ਼ਰ ਅਦੀਬਾਂ ਨੇ ਮੇਰੇ ਸੁਝਾਅ ਪਸੰਦ ਕੀਤੇ। ਫਿਰ ਮੈਂ ਕੁਝ ਨਜ਼ਮਾਂ ਸੁਣਾਈਆਂ। 'ਲਾਹੌਰ ਵਸੇਂਦੀਉ ਕੁੜੀਉ' ਨਜ਼ਮ ਨੂੰ ਵਾਹਵਾ ਪਸੰਦ ਕੀਤਾ ਗਿਆ। ਡਾ. ਸੁਗਰਾ ਸਦੱਫ ਨੇ ਤਾਂ ਮੇਰੇ ਨਾਂ ਦੀ ਵੀ ਤਾਰੀਫ਼ ਕਰ ਦਿੱਤੀ।

ਹੋਰਨਾਂ ਤੋਂ ਇਲਾਵਾ ਇਸ ਇਕੱਠ (ਮਿਲਣੀ) ਵਿੱਚ ਮੁਸਤਾਕ ਸੂਫ਼ੀ, ਤਾਹਿਰ ਸੰਧੂ, ਪ੍ਰੋ. ਕਲਿਆਣ ਸਿੰਘ ਕਲਿਆਣ, ਬਾਬਾ ਨਜ਼ਮੀ, ਸੁਗਰਾ ਸਦੱਫ (ਡਾ.), ਖ਼ਾਕਾਨ ਹੈਦਰ ਅਲੀ, ਅਕਰਮ ਚੌਧਰੀ (ਦੋਵੇਂ ਸਹਾਇਕ ਡਾਇਰੈਕਟਰ), ਨਦੀਮ ਅਹਿਮਦ, ਅਫ਼ਜ਼ਲ ਸਾਹਿਰ, ਇਕਬਾਲ ਕੈਸਰ, ਰੁਬੀਨਾ ਗੋਗੀ, ਸੁਪਰੀਮ ਕੋਰਟ ਦੇ ਵਕੀਲ ਕਾਜੀ ਜ਼ਿਆ ਸਾਹਿਬ, ਸਈਦਾ ਦੀਪ, ਸਰਵਤ ਮੁਹਦੀਉਦੀਨ, ਪਰਬੀਨ ਆਪਾ (ਸਕੱਤਰ ਪੰਜਾਬੀ ਅਦਬੀ ਬੋਰਡ), ਸੁਲੇਖ ਪ੍ਰਕਾਸ਼ਨ ਤੋਂ ਹਫ਼ੀਜ ਤੇ ਸ਼ਾਹਜੇਬ, ਰਾਜਾ ਸਾਦਿਕ ਉੱਲਾ, ਮੀਆਂ ਸਰਫ਼ਰਾਜ (ਪੱਤਰਕਾਰ) ਤੇ ਹੋਰ ਵੀ ਕਈ ਸੱਜਣ ਹਾਜ਼ਰ ਸਨ। ਮੀਟਿੰਗ ਖ਼ਤਮ ਹੋਣ ਵਾਲੀ ਸੀ ਕਿ ਅਮੈਰਿਕਾ ਤੋਂ ਅਸ਼ੋਕ ਭੌਰਾ ਵੀ ਕੁਝ ਅਦੀਬਾਂ ਨਾ਼ਲ ਸ਼ਾਮਲ ਹੋ ਗਏ। ਸੁਕੀਰਤ ਜੋ ਪਹਿਲਾਂ ਤੋਂ ਹੀ ਲਾਹੌਰ ਵਿੱਚ ਸਨ, ਪਰ ਉਸ ਦਿਨ ਕਿਸੇ ਹੋਰ ਰੁਝੇਵੇਂ ਕਾਰਨ ਦੂਜੇ ਸ਼ਹਿਰ 'ਚ ਹੋਣ ਕਾਰਨ ਸ਼ਾਮਲ ਨਾ ਹੋ ਸਕੇ।

ਅਖ਼ੀਰ ਵਿੱਚ ਮੁਸ਼ਤਾਕ ਸੂਫ਼ੀ ਹੋਰਾਂ ਦੀ ਨਜ਼ਮਾਂ ਦੀ ਕਿਤਾਬ 'ਖੰਭ ਸੁਨੇਹਾ' (ਗੁਰਮੁਖੀ ਉਲੱਥਾ) ਦਾ ਮੂੰਹ ਵਿਖਾਲਾ ਕੀਤਾ ਗਿਆ। ਸੂਫ਼ੀ ਹੋਰੀਂ ਕੁਝ ਨਜ਼ਮਾਂ ਵੀ ਸੁਣਾਈਆਂ। ਉਨ੍ਹਾਂ ਦੀਆਂ ਨਜ਼ਮਾਂ ਬਾਰੇ ਬੜੀਆਂ ਢੁਕਵੀਆਂ ਗੱਲਾਂ ਹੋਈਆਂ। ਖ਼ਾਸ ਕਰਕੇ ਡਾ. ਆਤਮਜੀਤ (ਸ਼ਿਕਾਗੋ) ਦੇ ਰਿਕਾਰਡ ਕੀਤੇ ਵਿਚਾਰ ਸਭ ਨੂੰ ਸੁਣਾਏ ਗਏ। ਮੁਸ਼ਤਾਕ ਸੂਫ਼ੀ ਹੋਰਾਂ ਉਨ੍ਹਾਂ ਦਾ ਉਚੇਚਾ ਸ਼ੁਕਰੀਆ ਅਦਾ ਕੀਤਾ ਤੇ ਮੈਨੂੰ ਉਚੇਚਾ ਕਿਹਾ ਕਿ ਜਾ ਕੇ ਮੇਰੇ ਵੱਲੋਂ ਫਿਰ ਸ਼ੁਕਰੀਆ ਅਦਾ ਕਰਨਾ।



ਪ੍ਰੋ. ਕਲਿਆਣ ਸਿੰਘ ਕਲਿਆਣ (ਐਨ ਖੱਬੇ) ਨਾਲ ਰਵਿੰਦਰ ਸਹਿਰਾਅ, ਨੀਰੂ ਸਹਿਰਾਅ ਅਤੇ ਸ਼ਾਹਜ਼ੇਬ

ਇਸ ਤੋਂ ਇਲਾਵਾ ਸੁਰਿੰਦਰ ਸੋਹਲ ਦਾ ਨਾਵਲ 'ਖ਼ਜ਼ਾਨੇ ਦਾ ਭੇਤ' ਜੋ ਸ਼ਾਹਮੁਖੀ 'ਚ ਉਲਥਾਇਆ ਗਿਆ ਸੀ, ਵੀ ਰਿਲੀਜ਼ ਕੀਤਾ ਗਿਆ। ਪ੍ਰਕਾਸ਼ਕ ਹਫ਼ੀਜ਼ ਅਤੇ ਇਕਬਾਲ ਕੈਸਰ ਨੇ ਨਾਵਲ ਬਾਰੇ ਆਪਣੇ ਵਿਚਾਰ ਰੱਖੇ। ਲਹਿੰਦੇ ਪੰਜਾਬ ਦੇ ਇਨ੍ਹਾਂ ਸੁਲਝੇ ਹੋਏ ਅਦੀਬਾਂ ਨਾ਼ਲ ਮਿਲ ਬੈਠਣਾ ਬੜਾ ਸੁਖਾਵਾਂ ਰਿਹਾ।

## ਨਨਕਾਣਾ ਸਾਹਿਬ

ਅਸੀਂ ਮੁਸ਼ਤਾਕ ਹੋਰਾਂ ਨੂੰ ਆਰਾਮ ਕਰਨ ਲਈ ਆਖ ਦਿੱਤਾ ਸੀ। ਤਾਹਿਰ ਨੇ ਅਦਾਲਤੀ ਰੁਝੇਵਿਆਂ ਵਿੱਚੋਂ ਫ਼ੁਰਸਤ ਨਾ ਮਿਲਣ ਕਾਰਨ ਆਪਣੇ ਭਾਣਜੇ ਸ਼ਾਹਜ਼ੇਬ ਨੂੰ ਸਾਡੇ ਨਾ਼ਲ ਭੇਜਿਆ। ਨਾ਼ਲ ਹੀ ਪ੍ਰੋ. ਕਲਿਆਣ ਸਿੰਘ ਕਲਿਆਣ, ਜੋ ਪੰਜਾਬੀ ਪੜ੍ਹਾਉਂਦੇ ਹਨ, ਨੂੰ ਸਾਡੇ ਬਾਰੇ ਦੱਸ ਦਿੱਤਾ ਸੀ। ਪ੍ਰੋ. ਕਲਿਆਣ ਨਨਕਾਣਾ ਸਾਹਿਬ ਦੇ ਜੰਮਪਲ ਹਨ ਅਤੇ ਉਨ੍ਹਾਂ ਦੇ ਵੱਡੇ ਭਰਾ ਸ. ਦਇਆ ਸਿੰਘ ਨਨਕਾਣਾ ਸਾਹਿਬ ਗੁਰੂ ਘਰ ਦੇ ਮੁੱਖ ਸੇਵਾਦਾਰ ਹਨ। ਲਾਹੌਰ ਤੋਂ ਨਨਕਾਣਾ ਸਾਹਿਬ ਕੋਈ 90 ਕਿਲੋਮੀਟਰ ਹੈ। ਅਸੀਂ ਡੇਢ ਕੁ ਘੰਟੇ ਵਿੱਚ ਉਥੇ ਪਹੁੰਚ ਗਏ। ਮੋਟਰਵੇ 'ਤੇ ਵਕਤ ਤਾਂ ਭਾਵੇਂ ਘੱਟ ਲੱਗਦਾ ਹੈ, ਪਰ ਲਾਹੌਰ 'ਚੋਂ ਨਿਕਲਦਿਆਂ ਕਾਫ਼ੀ ਸਮਾਂ ਖਾ ਜਾਂਦਾ ਹੈ। ਫਿਰ ਹਰ ਰੋਜ਼ ਤੁਰਨ ਤੋਂ ਪਹਿਲਾਂ ਗੈਸ ਸਟੇਸ਼ਨ 'ਤੇ ਰੁਕਣਾ ਅਤੇ ਅਜਾਜ ਕੋਲੋਂ ਰਾਤੀਂ ਉਸ ਦੇ ਮਾਲਕ ਨਾ਼ਲ ਹੋਈ ਤੂੰ-ਤੂੰ, ਮੈਂ-ਮੈਂ ਦੀ ਕਹਾਣੀ ਸੁਣਨੀ ਪੈਂਦੀ।

ਹੁਣ ਅਸੀਂ ਗੁਰੂਘਰ ਦੇ ਮੁੱਖ ਦਰਵਾਜ਼ੇ ਮੋਹਰੇ ਹਾਂ। ਹਰ ਗੁਰੂ ਘਰ ਅੱਗੇ ਸੁਰੱਖਿਆ ਵਜੋਂ ਪੁਲਿਸ ਦੀ ਟੁਕੜੀ ਬਿਠਾਈ ਜਾਂਦੀ ਹੈ, ਜੋ ਤੁਹਾਡੇ ਪਾਸਪੋਰਟ ਅਤੇ ਵੀਜ਼ੇ ਚੈੱਕ ਕਰਦੇ ਹਨ। ਨਾ਼ਲ ਹੀ ਵਕਫ਼ ਬੋਰਡ ਦੇ ਮੁਲਾਜ਼ਮ ਵੀ ਹਰ ਜਗ੍ਹਾ ਹੀ ਹੁੰਦੇ ਹਨ। ਸਾਡੇ ਕਾਗਜ਼ਾਤ ਦੇਖਣ ਤੋਂ ਬਾਅਦ ਪੁਲਿਸ ਅਫ਼ਸਰ ਵਕਫ਼ ਬੋਰਡ ਦੇ ਇੱਕ ਮੁਲਾਜ਼ਮ ਮੁਹੰਮਦ ਲਤੀਫ਼ ਨੂੰ ਬੁਲਾ ਕੇ ਸਾਡੇ ਨਾ਼ਲ ਭੇਜਦਿਆਂ ਕਹਿੰਦਾ ਹੈ ਕਿ ਜਾਉ ਇਨ੍ਹਾਂ ਨੂੰ ਭਾਈ ਦਇਆ ਸਿੰਘ ਕੋਲ ਲੈ ਜਾਉ। ਸਾਨੂੰ ਮਿਲ ਕੇ ਭਾਈ ਸਾਹਿਬ ਨੇ ਆਦਰ ਨਾ਼ਲ ਬਿਠਾਇਆ ਅਤੇ ਪੰਜ-ਸੱਤ ਮਿੰਟ ਗੱਲਬਾਤ ਕੀਤੀ ਤੇ ਸਿਰੋਪਾਉ ਨਾ਼ਲ ਸਾਡਾ ਮਾਣ ਕੀਤਾ।

ਬਾਹਰ ਖੁੱਲ੍ਹੇ ਵਿਹੜੇ ਵਿੱਚ ਜੰਡ ਦਾ ਉਹ ਸਦੀਆਂ ਪੁਰਾਣਾ ਰੁੱਖ ਅਜੇ ਵੀ ਖੜ੍ਹਾ ਹੈ, ਜਿੱਥੇ ਗੁਰੂਘਰ ਮੁਕਤ ਕਰਾਉਣ ਆਏ ਸਿੰਘ ਨੂੰ ਬੰਨ੍ਹ ਕੇ ਗੋਲੀਆਂ ਮਾਰੀਆਂ ਗਈਆਂ ਸਨ। ਕੰਧਾਂ ਉੱਪਰ ਗੋਲੀਆਂ ਦੇ ਨਿਸ਼ਾਨ ਅਜੇ ਵੀ ਹਨ। ਮਹੰਤ ਨਰੈਣ ਦਾਸ ਅਤੇ ਪੁਲਿਸ (ਅੰਗਰੇਜ਼ੀ ਸਰਕਾਰ) ਨੂੰ ਸਿੰਘਾਂ ਦੀਆਂ ਕੁਰਬਾਨੀਆਂ ਅੱਗੇ ਹਾਰ ਮੰਨਣੀ ਪਈ। ਗੁਰੂਘਰ ਦੀਆਂ ਚਾਬੀਆਂ ਵੀ ਉਨ੍ਹਾਂ ਨੂੰ ਸੌਂਪ ਦਿੱਤੀਆਂ ਗਈਆਂ। ਲੰਗਰ ਹਾਲ 'ਚੋਂ ਲੋੜ ਮੁਤਾਬਕ ਛਕਣ ਅਤੇ ਤਿਲ-ਫੁੱਲ ਭੇਟ ਕਰਨ ਤੋਂ ਬਾਅਦ ਅਸੀਂ ਸਾਰਿਆਂ ਦਾ ਫਿਰ ਧੰਨਵਾਦ ਕੀਤਾ। ਆਪਣੇ ਪਾਸਪੋਰਟ ਤੇ ਵੀਜ਼ਾ ਆਦਿ ਲੈ ਕੇ ਅਗਲੇ ਪੜਾਅ ਲਈ ਤੁਰ ਪਏ। ਸ਼ਾਹਜ਼ੇਬ ਲਈ ਸਭ ਨਵਾਂ ਸੀ, ਪਰ ਉਹ ਬਹੁਤ ਖ਼ੁਸ਼ ਸੀ।

## ਬਾਬੇ ਨਾਨਕ ਦਾ ਜਨਮ ਅਸਥਾਨ ਨਨਕਾਣਾ ਸਾਹਿਬ

30 ਨਵੰਬਰ 2022 ਦਿਨ ਬੁੱਧਵਾਰ। ਬਾਬਰ ਨੂੰ ਜਾਬਰ ਕਹਿਣ ਵਾਲੇ ਜਗਤ ਗੁਰੂ, ਪੀਰਾਂ ਦੇ ਪੀਰ, ਰਾਜਿਆਂ ਨੂੰ ਸ਼ੀਂਹ ਅਤੇ ਮੁਕੱਦਮਾਂ ਨੂੰ ਕੁੱਤੇ ਕਹਿਣ ਵਾਲੇ ਬਾਬੇ ਨਾਨਕ ਦੀ ਜੰਮਣ ਭੋਇੰ ਦੀ ਅਸੀਂ ਜ਼ਿਆਰਤ ਕੀਤੀ। ਅਸੀਂ ਦੋ ਪੜਾਅ ਹੋਰ ਕਰਨੇ ਸਨ- ਗੁਰੂ ਘਰ ਸੱਚਾ ਸੌਦਾ (ਚੂੜ੍ਹਕਾਣਾ) ਅਤੇ ਵਾਰਿਸ ਸ਼ਾਹ ਦੇ ਪਿੰਡ ਜੰਡਿਆਲਾ ਸ਼ੇਰ ਖ਼ਾਂ। ਨਨਕਾਣਾ ਸਾਹਿਬ ਤੋਂ ਲਾਹੌਰ ਵਾਪਸੀ ਦੇ ਰਾਹ ਵਿੱਚ ਹੀ ਪੈਂਦੇ ਹਨ ਇਹ ਦੋਵੇਂ ਥਾਂ।

ਜਦੋਂ ਬਾਬਾ ਨਾਨਕ ਪੈਦਾ ਹੋਏ ਤਾਂ ਇਸਦਾ ਨਾਮ ਰਾਇ ਭੋਇੰ ਦੀ ਤਲਵੰਡੀ ਹੁੰਦਾ ਸੀ, ਬਾਬੇ ਦੇ ਜਨਮ ਬਾਰੇ ਵੀ ਸਿੱਖ ਇਤਿਹਾਸਕਾਰਾਂ ਨੇ ਆਮ ਲੋਕਾਂ ਨੂੰ ਭੰਬਲਭੂਸਿਆਂ ਵਿੱਚ ਪਾਇਆ ਹੋਇਆ ਹੈ। ਜਿਵੇਂ ਵੈਸਾਖੀ ਅਤੇ ਹੋਰ ਗੁਰੂਆਂ ਦੇ ਦਿਨਾਂ ਸੁਦਾਂ ਬਾਰੇ। ਨਾਨਕ ਸ਼ਾਹੀ ਕੈਲੰਡਰ (2003) ਮੁਤਾਬਕ ਬਾਬਾ ਜੀ 1 ਵੈਸਾਖ ਅਤੇ ਬਿਕਰਮੀ ਨਾਨਕਸ਼ਾਹੀ ਕੈਲੰਡਰ ਮੁਤਾਬਕ ਕੱਤਕ ਦੀ ਪੂਰਨਮਾਸ਼ੀ (ਅਕਤੂਬਰ-ਨਵੰਬਰ) ਵਿਚਾਲੇ ਅਲੱਗ ਤਰੀਕ ਨੂੰ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਇਨ੍ਹਾਂ ਦੇ ਜੋਤੀ-ਜੋਤ ਸਮਾਉਣ ਬਾਰੇ ਵੀ ਇਨ੍ਹਾਂ ਮਹਾਂਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। 24 ਸਤੰਬਰ 1487 ਨੂੰ ਬਾਬਾ ਜੀ ਦਾ ਵਿਆਹ ਬਟਾਲੇ ਮਾਤਾ ਸੁਲੱਖਣੀ ਨਾ਼ਲ ਹੋਇਆ। ਇਨ੍ਹਾਂ ਦੇ ਦੋ ਪੁੱਤਰਾਂ- ਸ੍ਰੀ ਚੰਦ ਅਤੇ ਲੱਖਮੀ ਦਾਸ ਨੇ ਜਨਮ ਲਿਆ। ਸ੍ਰੀ ਚੰਦ ਬਾਅਦ ਵਿੱਚ ਉਦਾਸੀ ਸੰਪਰਦਾ ਦੇ ਸੰਸਥਾਪਕ ਬਣੇ। ਬਾਬਾ ਜੀ ਨੇ ਲੋਕਾਈ ਨੂੰ ਸੁਧਾਰਨ, ਵਹਿਮਾਂ-ਭਰਮਾਂ ਤੇ ਕਰਾਮਾਤਾਂ ਦਾ ਭਾਂਡਾ ਤੋੜਨ ਲਈ ਚਾਰ ਲੰਮੀਆਂ ਉਦਾਸੀਆਂ ਕੀਤੀਆਂ। ਭਾਈ ਮਰਦਾਨਾ ਨੇ ਆਪਣੇ ਗਰੀਬੜੇ ਟੱਬਰ ਦੀ ਪ੍ਰਵਾਹ ਕੀਤੇ ਬਿਨਾ ਬਾਬਾ ਜੀ ਦਾ ਇਨ੍ਹਾਂ ਉਦਾਸੀਆਂ ਵਿੱਚ ਸਾਥ ਦਿੱਤਾ। ਵੰਡ ਛਕੋ, ਨਾਮ ਜਪੋ ਤੇ ਕਿਰਤ ਕਰੋ- ਉਨ੍ਹਾਂ ਦੇ ਤਿੰਨ ਮੂਲ ਸਿਧਾਂਤ ਸਨ।

ਬਾਬਾ ਜੀ ਦੀ ਸਭ ਤੋਂ ਵੱਡੀ ਗੱਲ ਗੋਸ਼ਿਟ ਕਰਨਾ ਸੀ। ਉਹ ਆਪਣੇ ਵਿਰੋਧੀ ਵਿਚਾਰਾਂ ਵਾਲੇ ਨੂੰ ਡਾਂਗ ਜਾਂ ਬੰਦੂਕ ਨਾ਼ਲ ਨਹੀਂ, ਤਰਕ ਨਾ਼ਲ ਸਮਝਾਉਂਦੇ ਸਨ। ਅੱਜ ਕੱਲ੍ਹ ਦੇ ਸਿੱਖਾਂ ਜੋ ਗੋਲਕਾਂ ਤੇ ਗੁਰੂ ਘਰਾਂ ਦੀਆਂ ਚੌਧਰਾਂ ਖ਼ਾਤਰ ਇੱਕ ਦੂਜੇ ਦੀਆਂ ਪੱਗਾਂ ਲਾਹੁਣ ਤੱਕ ਜਾ ਰਹੇ ਹਨ, ਬਾਰੇ ਬਾਬਾ ਜੀ ਕਹਿੰਦੇ ਹਨ: ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

## Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
Email: Preetisingh@ffig.com

FUTURITY FIRST
Retirement | Life | Health

**Futurity First Insurance Group**

---

**Hiring Local & Midwest Drivers and Dedicated Lanes & Owner Operators**



NT corp
4800 Vernon Ave,
Ste. C,
McCook, IL 60525
**Ph: 847-562-5860 ext. 1003**
Fax: 847-897-2660

---

## Premium Truck & Trailer Tires

We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT
HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

## Hampshire Tires

235 Industrial Dr., Hampshire, IL 60140
**Ph: 847-556-9996**
Email: info@hampshiretires.com www.hampshiretires.com

---

# SAKHI ATTIRE



*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery

*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀੜੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ

**Rupi Sidhu** Ph: 630-415-7389
sakhi.attire rupisidhu30@gmail.com